
ਪੰਜ ਪਿਆਰੇ



ਡਾ. ਰਾਏਜਸਬੀਰ ਸਿੰਘ

PANJ PAYARE
by Prof. Raijasbir Singh

ISBN 81-7601-478-8

ਪਹਿਲੀ ਐਡੀਸ਼ਨ 2002

ਦੂਜੀ ਐਡੀਸ਼ਨ ਜੂਨ 2005

ਭੇਟਾ : 70:00

An I.S.O. 9001:2000 Certified Publishing House

ਪ੍ਰਕਾਸ਼ਕ:

ਭਾ. ਚਤਰ ਸਿੰਘ ਜੀਵਨ ਸਿੰਘ

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ।

ਟੈਲੀ-ਫੈਕਸ : (0183) 2542346, 2547974, 2557973

E-mail : csjs@vsnl.com, csjsexports@vsnl.com
Visit our Website : www.csjs.com

(1000) Printed in India

ਪ੍ਰਿੰਟਰ : ਜੀਵਨ ਪ੍ਰਿੰਟਰਜ਼, 312 ਈਸਟ ਮੋਹਨ ਨਗਰ, ਅੰਮ੍ਰਿਤਸਰ। ਫੋਨ : 2705003, 5095774

ਸਮਰਪਣ

ਪੰਜਾਬ ਦੀ ਧਰਤ
ਤੇ
ਆਪਣੀ ਨਵੀਂ ਪਨੀਰੀ ਨਾਲ
ਪੰਜਾਬੀ ਵਿਚ ਗੱਲਬਾਤ
ਕਰਨ ਵਾਲਿਆਂ ਨੂੰ

ਤਤਕਰਾ

੧ ਮੁੱਢ ੫

੨ ਪੰਜ ਪਿਆਰਿਆਂ ਦੀ ਸੰਸਥਾ ਦਾ ਮੁੱਢ ੭

੩ ਪੰਜ ਪਿਆਰੇ ਸੰਸਥਾ ਦਾ ਵਿਚਾਰਧਾਰਾਈ
ਤੇ ਸਮਾਜ ਵਿਗਿਆਨੀ ਆਧਾਰ ੧੦

੪ ਭਾਈ ਦਯਾ ਸਿੰਘ ੨੬

੫ ਭਾਈ ਧਰਮ ਸਿੰਘ ੪੨

੬ ਭਾਈ ਮੁਹਕਮ ਸਿੰਘ ੫੧

੭ ਭਾਈ ਸਾਹਿਬ ਸਿੰਘ ੫੬

੮ ਭਾਈ ਹਿੰਮਤ ਸਿੰਘ ੬੧

੯ ਸਾਰ ਤੇ ਸਿੱਟੇ ੬੪

੧੦ ਰਹਿਤਨਾਮਾ ਭਾਈ ਦਯਾ ਸਿੰਘ ੬੬

੧੧ ਪੁਰਾਤਨ ਸ੍ਰੋਤ ਪੁਸਤਕਾਂ ਵਿਚ ਪੰਜ ਪਿਆਰੇ ੭੪

੧੨ ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ ੮੩

੧੩ ਮਹਿਮਾ ਪ੍ਰਕਾਸ਼ (੧੭੭੬ ਈ.)
ਆਗੇ ਸਾਖੀ ਦੈਆ ਸਿੰਘ ਸੌਪਤ ਕੀ ੮੬

੧੪ ਆਗੇ ਸਾਖੀ ਦਇਆ ਸਿੰਘ ਕੋ
ਪਾਤਸਾਹ ਆਲਮਗੀਰ ਪਾਸ ਭੇਜਨੇ ਕੀ ਨਿਰੂਪਨ ਹੋਇਗੀ ੮੯

੧੫ ਸੁਖਾ ਸਿੰਘ, ਗੁਰਬਿਲਾਸ ੧੭੯੭ ਈ. ੯੩

ਮੁੱਢ

ਪੰਜ ਪਿਆਰੇ ਪੁਸਤਕ ਖਾਲਸਾ ਸਿਰਜਣਾ ਦੀ ਤੀਜੀ ਸ਼ਤਾਬਦੀ ਨੂੰ ਸਮਰਪਤ ਹੈ। ਇਸ ਵਿਚ ਖਾਲਸਾ ਸੰਸਥਾ ਦੇ ਇਕੀਵੀਂ ਸਦੀ ਨਾਲ ਸੰਬੰਧਿਤ ਵੱਖ-ਵੱਖ ਸਮੱਸਿਆਵਾਂ ਨਾਲ ਸੰਬੰਧਿਤ ਪੱਖ ਲਏ ਗਏ ਹਨ ਅਤੇ ਖਾਸ ਕਰਕੇ ਸਮਾਜਿਕ ਬਰਾਬਰੀ, ਭਾਈਚਾਰਾ, ਦਲਿਤ ਵਰਗ ਪ੍ਰਤੀ ਪਹੁੰਚ, ਜਾਤ-ਪਾਤ ਦੇ ਰਵੱਈਏ, ਵਿੱਦਿਆ ਪ੍ਰਾਪਤੀ ਦੇ ਮੰਤਵ, ਇਲਾਕਾਵਾਦ ਤੇ ਫਿਰਕਾਪ੍ਰਸਤੀ ਦੇ ਵਿਰੋਧ, ਵਿਗਿਆਨਕ ਦ੍ਰਿਸ਼ਟੀਕੋਣ ਧਾਰਨ ਕਰਨ, ਔਰਤਾਂ ਦੇ ਦਰਜੇ ਬਾਰੇ ਸੂਝ, ਵਿਲੱਖਣ ਰਹਿਤ ਮਰਯਾਦਾ, ਪੰਚਾਇਤੀ ਢਾਂਚੇ ਤੇ ਜਮਹੂਰੀਕਰਣ ਦੀ ਉਸਾਰੀ-ਪੱਖਾਂ ਤੋਂ ਇਸ ਸੰਸਥਾ ਦੇ ਯੋਗਦਾਨ ਨੂੰ ਉਭਾਰਿਆ ਗਿਆ ਹੈ।

ਪੰਜ ਪਿਆਰਿਆਂ ਦੇ ਜੀਵਨ, ਸ਼ਖ਼ਸੀਅਤ ਤੇ ਯੋਗਦਾਨ ਸੰਬੰਧੀ ਪ੍ਰਾਪਤ ਗੁਰਮੁਖੀ (ਪੰਜਾਬੀ ਤੇ ਬ੍ਰਜ ਭਾਸ਼ਾ) ਸਾਹਿਤ ਵਿਚੋਂ ਮਿਲਦੀਆਂ ਗੁਆਹੀਆਂ ਦੇ ਆਧਾਰ ਉਤੇ ਅਧਿਐਨ ਕੀਤਾ ਗਿਆ ਹੈ। ਸੰਬੰਧਿਤ ਸਾਹਿਤ ਵਿਚ ਪ੍ਰਾਪਤ ਗੁਆਹੀਆਂ ਨੂੰ ਰਚਨਾਵਾਂ ਵਿਚਲੇ ਲਿਖਣ ਮੰਤਵ ਤੇ ਤਤਕਾਲੀ ਪਰਿਸਥਿਤੀਆਂ ਦੇ ਚੌਖਟੇ ਵਿਚ ਰੱਖ ਕੇ ਵਿਚਾਰ ਕੀਤੀ ਗਈ ਹੈ। ਯਤਨ ਕੀਤਾ ਗਿਆ ਹੈ ਪੰਜ ਪਿਆਰਿਆ ਦੇ ਸਿੱਖ ਲਹਿਰ ਨੂੰ ਯੋਗਦਾਨ ਦੇ ਵੱਧ ਤੋਂ ਵੱਧ ਪੱਖ ਦ੍ਰਿਸ਼ਟੀਗੋਚਰ ਕੀਤੇ ਜਾਣ।

ਵਿਸ਼ੇਸ਼ ਖਿਆਲ ਰੱਖਿਆ ਗਿਆ ਹੈ ਕਿ ਇਸ ਰਚਨਾ ਨਾਲ ਕੋਈ ਅਣਉਚਿਤ ਵਿਵਾਦ ਖੜਾ ਨਾ ਹੋਵੇ, ਪਰ ਅਸੀਂ ਹੱਥਲੇ ਵਿਸ਼ੇ ਬਾਰੇ ਸਾਰਥਕ ਉਸਾਰੂ ਬਹਿਸ ਦੀ ਮੰਗ ਕਰਦੇ ਹਾਂ। ਇਹ ਪੁਸਤਕ ਖੋਜਕਾਰਾਂ ਤੋਂ ਇਲਾਵਾ ਆਮ ਲੋਕਾਂ ਤੇ ਸਿੱਖ ਸੰਗਤਾਂ ਲਈ ਵੀ ਲਾਭਕਾਰੀ ਹੋਵੇਗੀ।

ਹਰੇਕ ਅਧਿਆਇ ਦੇ ਅਖੀਰ ਵਿਚ ਹਵਾਲੇ ਤੇ ਟਿਪਣੀਆਂ ਵਿਚ ਸੰਬੰਧਿਤ ਪੁਸਤਕਾਂ ਦੇ ਪੂਰੇ ਵੇਰਵੇ ਦੇ ਦਿੱਤੇ ਗਏ ਹਨ, ਪਰ ਇਸ ਵਿਚ ਵੱਖਰੀ ਲੇਖ ਸੂਚੀ (ਪੁਸਤਕਾਵਲੀ) ਦੇਣ ਦੀ ਲੋੜ ਨਹੀਂ ਸਮਝੀ ਗਈ।

ਆਸ ਹੈ ਕਿ ਇਹ ਪੁਸਤਕ ਪੰਜ ਪਿਆਰਿਆਂ ਦੀ ਸੰਸਥਾ ਤੇ ਪੰਜ ਪਿਆਰਿਆਂ ਸੰਬੰਧੀ ਵਡਮੁੱਲੀ ਜਾਣਕਾਰੀ ਮੁਹੱਈਆ ਕਰਾਏਗੀ।

ਡਾ. ਰਾਏਜਸਬੀਰ ਸਿੰਘ
ਪ੍ਰੋਫੈਸਰ
ਗੁਰੂ ਨਾਨਕ ਅਧਿਐਨ ਵਿਭਾਗ
ਜੀਵਨ ਮੈਂਬਰ ਸੈਨੇਟ
ਗੁਰੂ ਨਾਨਕ ਦੇਵ ਯੂਨੀਵਰਸਿਟੀ
ਅੰਮ੍ਰਿਤਸਰ-੧੪੩੦੦੫

ਲੇਖਕ ਦੀਆਂ ਹੋਰ ਰਚਨਾਵਾਂ

੧. ਗੁਰੂ ਤੇਗ ਬਹਾਦਰ : ਜੀਵਨ ਤੇ ਬਾਣੀ ਸੰਚਾਰ (੧੯੭੫)
੨. ਸਿੱਖ ਇਤਿਹਾਸ ਲੋਕਧਾਰਾ ਤੇ ਦਰਸ਼ਨ (੧੯੭੯)
੩. ਗੁਰੂ ਗ੍ਰੰਥ ਸਾਹਿਬ ਵਿਚ ਬ੍ਰਹਮ ਦਾ ਸੰਕਲਪ (੧੯੭੯)
੪. ਗੁਰੂ ਅਮਰਦਾਸ : ਸ੍ਰੋਤ ਪੁਸਤਕ (੧੯੮੬)
੫. ਭਗਤ ਨਾਮਦੇਵ ਬਾਣੀ : ਇਕ ਅਧਿਐਨ (੧੯੯੭)
੬. ਪੰਜਾਬ ਦੇ ਸਮਾਜਿਕ ਇਤਿਹਾਸ ਤੇ ਇਕ ਨਜ਼ਰ (੧੯੯੮)
੭. ਗੁਰੂ ਨਾਨਕ ਬਾਣੀ ਦਾ ਵਿਸ਼ਵ-ਵਿਆਪੀ ਨਜ਼ਰੀਆ (੧੯੯੮)
੮. ਦਰਵੇਸ਼ ਸਿਆਸਤਦਾਨ : ਜਥੇਦਾਰ ਉਜਾਗਰ ਸਿੰਘ ਸੇਖਵਾਂ (੧੯੯੮)
੯. ਢਾਡੀ ਗੁਰਚਰਨ ਸਿੰਘ ਗੋਹਲਵੜੀਆ : ਜੀਵਨ ਤੇ ਰਚਨਾ (੧੯੯੮)
੧੦. ਖਾਲਸਾ ਸਿਰਜਣਾ ਤੇ ਦਸਮ ਗ੍ਰੰਥ (੧੯੯੯)
੧੧. ਗੁਰੂ ਨਾਨਕ ਬਾਣੀ ਤੇ ਵਿਚਾਰਧਾਰਾ (੧੯੯੯)
੧੨. ਲਾਲਾ ਕਿਰਪਾ ਸਾਗਰ : ਜੀਵਨ ਤੇ ਰਚਨਾ (੧੯੯੯)
੧੩. ਗੁਰੂ ਨਾਨਕ : ਬਾਣੀ ਤੇ ਵਿਚਾਰਧਾਰਾ (੧੯੯੯)
੧੪. ਕੇਸਰ ਸਿੰਘ ਛਿੱਬਰ ਦਾ ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਦਾ : ਸੰਪਾਦਨ ਤੇ ਇਤਿਹਾਸਕ ਅਧਿਐਨ (੨੦੦੧)
੧੫. ਢਾਡੀ ਗੁਰਚਰਨ ਸਿੰਘ ਗੋਹਲਵੜ : ਚੋਣਵੀਂ ਰਚਨਾ (੨੦੦੧)

ਪੰਜ ਪਿਆਰਿਆਂ ਦੀ ਸੰਸਥਾ ਦਾ ਮੁੱਢ

ਪੰਜ ਪਿਆਰਿਆਂ ਦੀ ਸਿਰਜਣਾ ਸਿੱਖਾਂ ਤੇ ਪੰਜਾਬ ਦੇ ਇਤਿਹਾਸ ਦੀ ਅਜਿਹੀ ਅਹਿਮ ਘਟਨਾ ਹੈ, ਜਿਸ ਨੇ ਪੰਜਾਬ ਦੀ ਮੱਧਕਾਲੀ ਸੋਚ ਵਿਚ ਪਰਿਵਰਤਨ ਲਿਆਂਦਾ ਅਤੇ ਆਧੁਨਿਕ ਸੋਚ ਦਾ ਦਰਵਾਜ਼ਾ ਖੋਲ੍ਹਿਆ। ਇਸ ਘਟਨਾ ਨਾਲ ਮੱਧਕਾਲੀ ਪੰਜਾਬ ਦੇ ਸਮਾਜਿਕ ਢਾਂਚੇ ਵਿਚ ਤਬਦੀਲੀ ਆਉਂਦੀ ਹੈ ਅਤੇ ਪੰਚਾਇਤੀ ਸੰਸਥਾ ਪੈਦਾ ਹੁੰਦੀ ਹੈ। ਇਸ ਨਾਲ ਸੰਗਤਾਂ ਦੀ ਅਗਵਾਈ ਪੰਜ ਜਾਂ ਇਕ ਤੋਂ ਵੱਧ ਵਿਅਕਤੀਆਂ ਦੇ ਸਮੂਹ ਪਾਸ ਆਉਂਦੀ ਹੈ ਜੋ *ਗੁਰੂ ਗ੍ਰੰਥ ਸਾਹਿਬ* ਦੀ ਅਗਵਾਈ ਵਿਚ ਸਰਬੱਤ ਖਾਲਸਾ ਬੁਲਾ ਕੇ ਜੀਵਨ ਦੇ ਮਹੱਤਵ-ਪੂਰਨ ਕਾਰਜਾਂ ਸਬੰਧੀ ਗੁਰਮਤੇ ਕਰਦਾ ਹੈ।

ਪੰਜ ਪਿਆਰਿਆਂ ਦੀ ਸੰਸਥਾ ਦੇ ਆਰੰਭ ਬਾਰੇ ਗੱਲ ਕਰਦੇ ਹੋਏ ਸ. ਕਾਨ੍ਹ ਸਿੰਘ ਨਾਭਾ ਲਿਖਦੇ ਹਨ—ਗੁਰੂ ਘਰ ਵਿਚ ਮੁੱਢ ਤੋਂ ਹੀ ਪੰਜ ਗੁਰਮੁਖਾਂ ਦੀ ਪ੍ਰਧਾਨਤਾ ਚਲੀ ਆਈ ਹੈ, ਜਿਹਾ ਕਿ ਗੁਰਬਾਣੀ ਤੇ ਭਾਈ ਗੁਰਦਾਸ ਜੀ ਦੇ ਵਾਕ ਤੋਂ ਪ੍ਰਸਿੱਧ ਹੈ—

ਪੰਚ ਪਰਵਾਣ ਪੰਚ ਪਰਧਾਨੁ ॥ (ਜਪੁ)
ਗੁਰਮਤਿ ਪੰਚ ਸਖੇ ਗੁਰ ਭਾਈ ॥ (ਮਾਰੂ ਸੋਲਹੇ ਮਹਲਾ ੧, ੧੦੪੧)
ਪੰਚ ਮਿਲੇ ਪਰਪੰਚ ਤਜਿ......
ਸਾਧਸੰਗਤਿ ਸੋਹਨਿ ਗੁਰ ਭਾਈ।

(*ਵਾਰਾਂ ਭਾਈ ਗੁਰਦਾਸ*)

ਸਬਦ ਸੁਰਤਿ ਲਿਵ ਗੁਰ ਸਿੱਖ ਸੰਧਿ ਮਿਲੇ
ਪੰਚ ਪਰਪੰਚ ਮਿਟੇ ਪੰਚ ਪਰਧਾਨੇ ਹੈਂ।

(*ਕਬਿੱਤ ਭਾਈ ਗੁਰਦਾਸ*)[1]

ਪੰਚ ਦਾ ਅਰਥ *ਸ੍ਰੀ ਗੁਰੂ ਗ੍ਰੰਥ ਕੋਸ਼*[2] ਵਿਚ ਸੰਤ ਮਹਾਤਮਾ ਗੁਰਮੁਖ ਲਿਆ ਹੈ। ਜਿਨ੍ਹਾਂ ਦਾ ਧਿਆਨ ਇਕ ਗੁਰੂ (ਵਾਹਿਗੁਰੂ) ਵਿਚ ਸਿੱਧ ਹੋਇਆ ਹੈ ਉਹ ਪੰਚ ਹਨ, ਇਹ ਲੱਛਣ ਦੱਸਿਆ ਗਿਆ ਹੈ। ਪੰਚਾਂ ਨੂੰ ਕੀ ਪ੍ਰਾਪਤੀ ਹੁੰਦੀ ਹੈ ਉਹ ਇਉਂ ਦੱਸੀ ਹੈ—ਪੰਚ ਪਰਵਾਣ ਪੰਚ ਪਰਧਾਨੁ ॥ ਪੰਚੇ ਪਾਵਹਿ ਦਰਗਹਿ ਮਾਨੁ ॥

ਇਉਂ ਪੰਚ ਦੇ ਅਰਥ ਪੂਰੀ ਤਰ੍ਹਾਂ ਪੰਜ ਪਿਆਰਿਆਂ ਵਾਲੇ ਨਹੀਂ ਬਣਦੇ, ਇਸ ਤੋਂ ਭਾਵ ਅਧਿਆਤਮਕ ਪ੍ਰਾਪਤੀ ਵਾਲੇ ਵਿਅਕਤੀ ਹੀ ਲਗਦਾ ਹੈ। ਇਥੇ ਪੰਜ ਪਿਆਰਿਆਂ ਲਈ ਨਿਰਧਾਰਿਤ ਗੁਣ ਸ਼ਾਮਿਲ ਹਨ, ਪਰ ਉਨ੍ਹਾਂ ਦੀ ਸੰਸਥਾ ਮਤ ਰੂਪ ਵਿਚ ਅੱਗੇ ਜਾ ਕੇ ਵਿਕਸਿਤ ਹੋਇਆ।

ਮਹਾਨ ਕੋਸ਼ ਵਿਚ ਉਧਰਿਤ ਸ਼ਬਦਾਂ ਦੀ ਵਿਆਖਿਆ ਲਈ ਅਸੀਂ ਪ੍ਰੋ. ਸਾਹਿਬ

ਸਿੰਘ ਦੇ **ਸ੍ਰੀ ਗੁਰੂ ਗ੍ਰੰਥ ਦਰਪਣ** ਦੀ ਸਹਾਇਤਾ ਲਵਾਂਗੇ ।

ਪ੍ਰੋ. ਸਾਹਿਬ ਸਿੰਘ ਅਨੁਸਾਰ ਪੰਚ ਸ਼ਬਦ ਦੀ ਵਿਆਖਿਆ ਇਹ ਹੈ—

ਪੰਚ-ਉਹ ਮਨੁੱਖ ਜਿਨ੍ਹਾਂ ਨਾਮ ਸੁਣਿਆ ਹੈ ਤੇ ਮੰਨਿਆ ਹੈ, ਉਹ ਮਨੁੱਖ ਜਿਨ੍ਹਾਂ ਦੀ ਸੁਰਤੀ ਨਾਮ ਵਿਚ ਜੁੜੀ ਹੈ ਤੇ ਜਿਨ੍ਹਾਂ ਅੰਦਰ ਪ੍ਰਤੀਤ ਆ ਗਈ ਹੈ ।

ਸਬੰਧਿਤ ਪਉੜੀ ਦੀ, ਜਿਸ ਵਿਚ ਪੰਚ ਸ਼ਬਦ ਆਇਆ ਹੈ, ਵਿਆਖਿਆ ਇਉਂ ਹੈ-

"ਜਿਨ੍ਹਾਂ ਮਨੁੱਖਾਂ ਦੀ ਸੁਰਤ ਨਾਮ ਵਿਚ ਜੁੜੀ ਰਹਿੰਦੀ ਹੈ ਤੇ ਜਿਨ੍ਹਾਂ ਦੇ ਅੰਦਰ ਪ੍ਰਭੂ ਵਾਸਤੇ ਲਗਨ ਬਣ ਜਾਂਦੀ ਹੈ ਤੇ ਉਹੀ ਮਨੁੱਖ (ਇਥੇ ਜਗਤ ਵਿਚ) ਮੰਨੇ-ਪ੍ਰਮੰਨੇ ਰਹਿੰਦੇ ਹਨ ਅਤੇ ਸਭ ਦੇ ਆਗੂ ਹੁੰਦੇ ਹਨ, ਅਕਾਲ ਪੁਰਖ ਦੀ ਦਰਗਾਹ ਵਿਚ ਭੀ ਉਹੀ ਪੰਚ ਜਨ ਹੀ ਆਦਰ ਪਾਉਂਦੇ ਹਨ । ਰਾਜ ਦਰਬਾਰਾਂ ਵਿਚ ਵੀ ਉਹ ਪੰਚ-ਜਨ ਹੀ ਸ਼ੋਭਦੇ ਹਨ । ਇਨ੍ਹਾਂ ਪੰਚ ਜਨਾਂ ਦੀ ਸੁਰਤ ਦਾ ਨਿਸ਼ਾਨਾ ਕੇਵਲ ਇਕ ਗੁਰੂ ਹੀ ਹੈ (ਭਾਵ ਇਨ੍ਹਾਂ ਦੀ ਸੁਰਤ ਗੁਰ ਸ਼ਬਦ ਵਿਚ ਹੀ ਰਹਿੰਦੀ ਹੈ । ਗੁਰ ਸ਼ਬਦ ਵਿਚ ਜੁੜੇ ਰਹਿਣਾ ਹੀ ਉਨ੍ਹਾਂ ਦਾ ਅਸਲ ਨਿਸ਼ਾਨਾ ਹੈ ।[੩]"

ਭਾਈ ਕਾਨ੍ਹ ਸਿੰਘ ਨਾਭਾ ਰਾਹੀਂ ਉਧਰਤ 'ਗੁਰਮਤਿ ਪੰਚ ਸਖੇ ਗੁਰ ਭਾਈ' ਦੀ ਵਿਆਖਿਆ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ ਵਿਚ ਇਉਂ ਹੈ—

"ਗੁਰੂ ਦੀ ਮਤਿ ਤੇ ਤੁਰਿਆਂ ਸਤ ਸੰਤੋਖ ਆਦਿਕ ਪੰਜੇ ਮਨੁੱਖ ਦੇ ਆਤਮਕ ਸਾਥੀ ਬਣ ਜਾਂਦੇ ਹਨ, ਗੁਰ-ਭਾਈ ਬਣ ਜਾਂਦੇ ਹਨ ।[੪]"

ਏਥੇ ਪੰਚ ਸ਼ਬਦ ਹੋਰ ਅਰਥਾਂ ਵਿਚ ਹੈ । ਇਸ ਤੋਂ ਪੰਜ ਵਿਅਕਤੀਆਂ ਦੀ ਥਾਂ ਪੰਜ ਅਧਿਆਤਮਕ ਗੁਣਾਂ ਦਾ ਬੋਧ ਹੁੰਦਾ ਹੈ ।

ਵਾਰਾਂ ਭਾਈ ਗੁਰਦਾਸ ਵਿਚੋਂ ਉਧਰਤ ਤੁਕਾਂ ਦੇ ਅਰਥਾਂ ਵਾਸਤੇ ਸੰਬੰਧਿਤ ਪਉੜੀ ਦੀਆਂ ਇਹ ਸਤਰਾਂ ਵੇਖੀਆਂ ਜਾ ਸਕਦੀਆਂ ਹਨ :

੫. ਪਰਮੇਸਰ ਹੈ ਪੰਜ ਮਿਲਿ ਲੇਖ ਅਲੇਖ ਨ ਕੀਮਤਿ ਪਾਈ ।

੬. ਪੰਜ ਮਿਲੇ ਪਰਪੰਚ ਤਜਿ ਅਨਹਦ ਸਬਦ ਸਬਦਿ ਲਿਵ ਲਾਈ ।

੭. ਸਾਧਸੰਗਤਿ ਸੋਹਨਿ ਗੁਰ ਭਾਈ ॥

ਇਨ੍ਹਾਂ ਦੇ ਅਰਥ ਖਾਲਸਾ ਸਮਾਚਾਰ ਅੰਮ੍ਰਿਤਸਰ ਵੱਲੋਂ ਛਾਪੀ ਪੁਸਤਕ **ਵਾਰਾਂ ਭਾਈ ਗੁਰਦਾਸ ਮੁਕੰਮਲ ਭਾਵ ਪ੍ਰਕਾਸ਼ਨੀ ਟੀਕਾ** ਸਮੇਤ ਵਿਚ ਇਉਂ ਹਨ—

੫. ਅਕਾਲ ਪੁਰਖ ਦਾ ਮਿਲਾਪ ਪੰਜਾਂ ਦੇ ਮਿਲਾਪ ਵਿਖੇ ਹੁੰਦਾ ਹੈ (ਯਥਾ-ਇਕੁ ਸਿਖੁ ਦੁਇ ਸਾਧ ਸੰਗੁ ਪੰਜੀ ਪਰਮੇਸਰੁ) ਉਹ ਲੇਖੇ ਤੋਂ ਅਲੇਖ ਹੈ, ਕੀਮਤ ਕਿਸੇ ਨਹੀਂ ਜਾਤੀ ।

੬. ਪੰਚ (ਕਿਸ ਤਰ੍ਹਾਂ) ਮਿਲੇ ? (ਜਦ ਪਰਪੰਚ) ਵਲ, ਛਲ ਛੱਡ ਦਿੱਤਾ ਤੇ ਅਨਹਦ ਸ਼ਬਦ ਵਿਚ ਲਿਵ ਪਾਈ ।

੭. ਐਉ (ਇਕ ਲਿਵ ਵਾਲੇ ਹੋ ਕੇ) ਸਾਧ ਸੰਗਤ ਵਿਚ ਗੁਰ ਭਾਈ ਸ਼ੋਭਦੇ ਹਨ ।[੫]

ਇਉਂ ਇਸ ਰਚਨਾ ਵਿਚੋਂ ਪੰਜ ਪਿਆਰਿਆਂ ਦੀ ਸੰਸਥਾ ਦਾ ਮੁੱਢਲਾ ਰੂਪ ਮਿਲਦਾ

ਹੈ, ਜਿਸ ਵਿਚ ਅਧਿਆਤਮ ਸਾਧਨਾ ਉਪਰ ਬੱਲ ਪਾਇਆ ਗਿਆ ਹੈ। ਭਾਈ ਕਾਨ੍ਹ ਸਿੰਘ ਨਾਭਾ ਰਾਹੀਂ ਉਧਰਤ ਹੋਰ ਸ਼ਬਦਾਂ ਦੀ ਵਿਆਖਿਆ ਦੇ ਅਧਿਐਨ ਤੋਂ ਇਹੋ ਸਿੱਟੇ ਨਿਕਲਦੇ ਹਨ। ਉਨ੍ਹਾਂ ਨੇ ਵਾਰਾਂ ਭਾਈ ਗੁਰਦਾਸ ਵਿਚੋਂ ਵਾਰ ੭, ਪਉੜੀ ੫; ਵਾਰ ੧੩, ਪਉੜੀ ੧੯; ਵਾਰ ੨੯, ਪਉੜੀ ੬; ਵਾਰ ੩੯, ਪਉੜੀ ੧੭ ਅਤੇ ਕਬਿੱਤ ੨੯ ਦੇ ਹਵਾਲੇ ਦਿੱਤੇ ਹਨ। ਉਨ੍ਹਾਂ ਨੇ ਵਾਰ ੭. ਪਉੜੀ ਦੀਆਂ ਇਨ੍ਹਾਂ ਸਤਰਾਂ—

ਕਾਮ ਕ੍ਰੋਧੁ ਵਿਰੋਧੁ ਲੰਘਿ ਲੋਭੁ ਮੋਹੁ ਅਹੰਕਾਰੁ ਵਿਹਾਣਾ।

ਸਤ, ਸੰਤੋਖ, ਦਇਆ, ਧਰਮ ਅਰਥ ਗ੍ਰੰਥ ਪੰਚ ਪਰਵਾਨ। ਦੇ ਅਰਥਾਂ ਵਿਚ ਪੰਚ ਦੇ ਅਰਥ ਪੰਜ ਪਿਆਰੇ ਕੀਤਾ ਹੈ।[੬]

ਭਾਈ ਕਾਨ੍ਹ ਸਿੰਘ ਨਾਭਾ ਹੋਰ ਲਿਖਦੇ ਹਨ:-

ਗੁਰੂ ਨਾਨਕ ਦੇ ਸਮੇਂ ਤੋਂ ਹੀ ਪੰਜ ਪਿਆਰੇ ਚੁਣੇ ਜਾਂਦੇ ਰਹੇ ਹਨ, ਪਰ ਇਤਿਹਾਸ ਵਿਚ ਸਾਰਿਆਂ ਦੇ ਨਾਮ ਨਹੀਂ ਲਿਖੇ, ਕੇਵਲ ਥੋੜ੍ਹੇ ਨਾਮ ਦਿੱਤੇ ਹਨ। ਜੇਹਾ ਕਿ— ਗੁਰੂ ਅਰਜਨ ਦੇਵ ਦੇ ਪੰਜ ਪਿਆਰੇ—ਬਿਧੀ ਚੰਦ, ਜੇਠਾ, ਲੰਗਾਹ, ਪਿਰਾਣਾ ਅਤੇ ਭਾਈ ਪੈੜਾ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਆਤਮ-ਗਿਆਨੀ ਪੰਜ ਪਿਆਰੇ, ਦੀਵਾਨ ਮਤੀ ਦਾਸ, ਭਾਈ ਗੁਰਦਿੱਤਾ, ਭਾਈ ਦਿਆਲਾ, ਭਾਈ ਉਦਾ ਅਤੇ ਭਾਈ ਜੈਤਾ।[੭]

ਭਾਈ ਕਾਨ੍ਹ ਸਿੰਘ ਦੇ ਵਿਚਾਰਾਂ ਦੀ ਕਦਰ ਕਰਦੇ ਹੋਏ ਅਸੀਂ ਏਨਾ ਆਖ ਸਕਦੇ ਹਾਂ ਕਿ ਇਸ ਸਬੰਧੀ ਪੂਰੀ ਇਤਿਹਾਸਕ ਗੁਆਹੀ ਨਹੀਂ ਮਿਲਦੀ। ਜੋ ਗੁਆਹੀ ਮਿਲਦੀ ਹੈ ਉਹ ਪੰਜ ਪਿਆਰਿਆਂ ਦੀ ਸੰਸਥਾ ਦੇ ਮੁੱਢਲੇ ਰੂਪ ਉਪਰ ਚਾਨਣਾ ਪਾਉਂਦੀ ਹੈ। ਇਹ ਪਤਾ ਲਗਦਾ ਹੈ ਕਿ ਪੰਜ ਪਿਆਰਿਆਂ ਦੀ ਸਿਰਜਣਾ ਦਾ ਸੰਕਲਪ ਗੁਰੂ ਨਾਨਕ ਦੇਵ ਤੇ ਪਰਵਰਤੀ ਗੁਰੂ-ਸਾਹਿਬਾਨ ਦੀਆਂ ਰਚਨਾਵਾਂ ਵਿਚ ਮਿਲਦਾ ਹੈ। ਇਸ ਨੇ ਵਾਰਾਂ ਭਾਈ ਗੁਰਦਾਸ ਤੇ ਕਬਿੱਤ ਸਵਈਏ ਭਾਈ ਗੁਰਦਾਸ ਵਿਚ ਮੁੱਢਲਾ ਰੂਪ ਧਾਰਿਆ ਹੈ। ਪੂਰਬਲੇ ਗੁਰੂ ਸਾਹਿਬਾਨ ਦੇ ਪੰਜ ਸਿੱਖ ਇਸ ਸੰਸਥਾ ਦਾ ਮੁੱਢਲਾ ਰੂਪ ਸਨ, ਜਿਸ ਤੋਂ ਅੱਗੇ ਜਾ ਕੇ ਗੁਰੂ ਗੋਬਿੰਦ ਸਿੰਘ ਦੇ ਹੱਥਾਂ ਵਿਚ ਇਹ ਸੰਸਥਾ ਪ੍ਰਵਾਨ ਚੜ੍ਹੀ।

ਹਵਾਲੇ ਤੇ ਟਿੱਪਣੀਆਂ

੧. ਗੁਰ ਸ਼ਬਦ ਰਤਨਾਕਰ ਮਹਾਨ ਕੋਸ਼, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ੧੯੭੪, ਪੰਨਾ ੭੬੧.
੨. ਸਿੰਘ ਬ੍ਰਦਰਜ਼, ਅੰਮ੍ਰਿਤਸਰ, ੧੯੯੫, ਪੰ. ੩੯੫.
੩. ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ, ਰਾਜ ਪਬਲਿਸ਼ਰਜ਼ (ਰਜਿ.) ਜਲੰਧਰ, ੧੯੭੨, ਪੋਥੀ ੧, ਪੰਨਾ ੭੬.
੪. ਉਹੀ, ਪੋਥੀ ੭, ਪੰਨਾ ੬੩੩.
੫. ਵਾਰਾਂ ਭਾਈ ਗੁਰਦਾਸ, ਖਾਲਸਾ ਸਮਾਚਾਰ, ਅੰਮ੍ਰਿਤਸਰ, ੧੯੬੨, ਪੰਨਾ ੪੮੦.
੬. ਗੁਰਮਤ ਮਾਰਤੰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ੧੯੬੨, ਭਾਗ ਦੂਜਾ, ਪੰਨਾ ੬੯੫.
੭. ਉਹੀ, ਪੰਨਾ ੬੯੨.

ਪੰਜ ਪਿਆਰੇ ਸੰਸਥਾ ਦਾ ਵਿਚਾਰਧਾਰਾਈ ਤੇ ਸਮਾਜ ਵਿਗਿਆਨੀ ਆਧਾਰ

ਪੰਜ ਪਿਆਰਿਆ ਦੀ ਸੰਸਥਾ ਮੱਧਕਾਲੀ ਯੁੱਗ ਦੀ ਸੋਚ ਵਿਚ ਪਰਿਵਰਤਨ ਲਿਆਉਣ ਵਾਲੀ ਸੰਸਥਾ ਸੀ, ਜਿਸ ਨੇ ਪੰਜਾਬ ਦੇ ਲੋਕਾਂ ਖਾਸ ਕਰ ਸਿੱਖਾਂ ਲਈ ਆਧੁਨਿਕਤਾ ਦੇ ਦਰਵਾਜ਼ੇ ਖੋਲ੍ਹ ਦਿੱਤੇ। ਇਸ ਨਾਲ ਤਤਕਾਲੀ ਸਾਮੰਤੀ ਸਮਾਜ ਦੀਆਂ ਮੰਨਤਾਵਾਂ ਦੇ ਬੁੱਸੇ ਅੰਗ ਝੜਨੇ ਆਰੰਭ ਹੋਏ ਅਤੇ ਪੰਜਾਬੀ ਸਮਾਜ ਨੇ ਰੌਸ਼ਨੀ ਦੀ ਕਿਰਨ ਵੇਖੀ।

ਪੰਜ ਪਿਆਰਿਆਂ ਦੀ ਸੰਸਥਾ ਨੇ **ਜਾਤ ਪ੍ਰਥਾ** ਉਤੇ ਭਰਵੀਂ ਸੱਟ ਮਾਰੀ। ਇਸ ਸਬੰਧੀ ਪੰਜਾਬ ਵਿਚ ਗੁਰੂ ਨਾਨਕ ਦੇਵ ਨੇ ਸ਼ਾਹ-ਰਾਹ ਸਿਰਜਿਆ ਸੀ। ਉਨ੍ਹਾਂ ਨੇ ਸਮਾਜਿਕ, ਧਾਰਮਿਕ ਜੀਵਨ ਬਤੀਤ ਕਰਨ ਅਤੇ ਮਨੁੱਖੀ ਮੰਤਵ, ਪ੍ਰਭੂ ਪ੍ਰਾਪਤੀ ਵਾਸਤੇ ਜਾਤ-ਪਾਤ ਦੀ ਲੋੜ ਨੂੰ ਨਕਾਰ ਦਿੱਤਾ।[1] ਇਸ ਵਿਚਾਰਧਾਰਾ ਨੂੰ ਅਮਲੀ ਰੂਪ ਦੇਣ ਲਈ ਉਨ੍ਹਾਂ ਨੇ ਸੰਗਤ ਤੇ ਲੰਗਰ ਦੀ ਸੰਸਥਾ ਆਰੰਭ ਕੀਤੀ, ਇਸ ਵਿਚ ਸਾਧਨਾ ਵਾਸਤੇ ਬਿਨਾਂ ਜਾਤ-ਪਾਤ ਦੇ ਵਿਤਕਰੇ ਤੋਂ ਬੈਠਣਾ ਅਤੇ ਲੰਗਰ ਛਕਣਾ ਸੀ। ਇਹੀ ਵਿਚਾਰਧਾਰਾ ਅੱਗੇ ਜਾ ਕੇ ਪੰਜ ਪਿਆਰਿਆਂ ਦੀ ਸੰਸਥਾ ਨਾਲ ਪ੍ਰਵਾਨ ਚੜ੍ਹੀ। ਪੰਜ ਪਿਆਰੇ ਵੱਖ-ਵੱਖ ਜਾਤਾਂ, ਉਹੀ ਵੀ ਕਥਿਤ ਨੀਵੀਆਂ ਜਾਤੀਆਂ ਵਿਚੋਂ ਲਏ ਗਏ। ਇਹ ਖੱਤਰੀ, ਜੱਟ, ਝੀਵਰ, ਛੀਂਬਾ ਤੇ ਨਾਈ ਜਾਤੀ ਨਾਲ ਸੰਬੰਧਿਤ ਸਨ।[2] ਇਉਂ, ਨਾ ਤਾਂ ਉੱਚ ਜਾਤੀ ਦਾ ਦਬਦਬਾ ਰਿਹਾ ਅਤੇ ਨਾ ਹੀ ਕਿਸੇ ਇੱਕ ਜਾਤੀ ਦਾ ਏਕਾ-ਅਧਿਕਾਰ ਰਹਿ ਸਕਿਆ।

ਦੂਜਾ ਇਸ ਸੰਸਥਾ ਵਿਚ "ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥"[3] ਨੂੰ ਪ੍ਰਤੀਨਿਧਤਵ ਮਿਲਿਆ। ਉਪਰੋਕਤ, ਪੰਜ ਪਿਆਰਿਆਂ ਦੀਆਂ ਜਾਤਾਂ ਵਿਚੋਂ ਚਾਰ ਤਾਂ ਬਿਲਕੁਲ ਹੀ ਕਥਿਤ ਨੀਚਾਂ ਨਾਲ ਸਬੰਧਿਤ ਸਨ। ਪੰਜਵੀਂ ਖੱਤਰੀ ਵੀ ਆਰਥਿਕ ਤੇ ਸਮਾਜਿਕ ਰੁਤਬੇ ਦੇ ਪੱਖੋਂ ਕੋਈ ਜ਼ਿਆਦਾ ਅਹਿਮ ਨਹੀਂ ਸੀ। ਗੁਰੂ ਨਾਨਕ ਦੇਵ ਇਨ੍ਹਾਂ ਕਥਿਤ ਨੀਚ ਜਾਂ ਦਲਿਤ ਲੋਕਾਂ ਦੇ ਨਾਲ ਖਲੋਤੇ ਸਨ। ਅਜਿਹੀ ਹੀ ਵਿਚਾਰਧਾਰਾ ਗੁਰੂ ਰਾਮਦਾਸ ਦੇ ਸ਼ਬਦ "ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ ਗੁਰ ਸਤਿਗੁਰ ਸੰਗ ਕੀਰੇ ਹਮ ਥਾਪੇ॥"[4] ਅਤੇ ਗੁਰੂ ਅਰਜਨ ਦੇਵ ਦੇ ਸ਼ਬਦ "ਗਰੀਬੀ ਗਦਾ ਹਮਾਰੀ॥"[5] ਵਿਚੋਂ ਉਭਰਦੀ ਹੈ। ਦਸਮ ਗ੍ਰੰਥ ਦੇ ਅਕਾਲ ਉਸਤਤ ਅਨੁਸਾਰ ਹਾਥੀ ਦੀ ਆਵਾਜ਼ ਨਾਲੋਂ ਕੀੜੀ ਦੀ ਆਵਾਜ਼ ਪਰਮ ਹਸਤੀ ਤੱਕ ਪਹਿਲਾਂ ਅਪੜਦੀ ਹੈ।[6] ਲੋਕ ਮਾਤਾ, ਲੋਕ ਲੋਕੇਸ਼ਵਰ[7] ਸਿਫਾਤੀ ਨਾਂ ਪਰਮ ਸੱਤਾ ਦੇ ਸੰਕਲਪ ਦੇ ਸਮਾਜਿਕ ਸੰਦਰਭ ਨੂੰ

ਸਪਸ਼ਟ ਕਰ ਦਿੰਦੇ ਹਨ। ਇਉਂ ਅਜਿਹੀਆਂ ਜਾਤੀਆਂ ਦੇ ਲੋਕਾਂ ਦੇ ਹੱਥ ਪੰਥ ਤੇ ਸੰਗਤ ਦੀ ਅਗਵਾਈ ਦੇਣੀ ਗੁਰੂ ਗੋਬਿੰਦ ਸਿੰਘ ਦੇ ਸਾਮੰਤੀ ਵਿਚਾਰਧਾਰਾ ਤੇ ਸੰਸਥਾਵਾਂ ਦੇ ਵਿਰੋਧ ਅਤੇ ਆਧੁਨਿਕਤਾ ਦੇ ਲਏ ਗਏ ਪੱਖਾਂ ਨੂੰ ਦਰਸਾਉਂਦੀ ਹੈ। ਇਸ ਸੰਸਥਾ ਦੀ ਸਥਾਪਨਾ ਨਾਲ ਕਿਸੇ ਵਿਸ਼ੇਸ਼ ਇਲਾਕੇ ਨੂੰ ਵੀ ਅਹਿਮੀਅਤ ਨਹੀਂ ਮਿਲੀ। ਪੰਜਾਬ ਦਾ ਇਲਾਕਾ ਜਿਸ ਨੂੰ ਧਰਮ ਗ੍ਰੰਥਾਂ (ਮਹਾਂਭਾਰਤ, ਆਦਿ) ਵਿਚ ਘਟੀਆ ਸਮਝਿਆ ਜਾਂਦਾ ਸੀ ਅਤੇ ਇਥੋਂ ਦੇ ਲੋਕਾਂ ਨੂੰ ਵੀ ਆਚਰਣ-ਹੀਣ ਕਰਾਰ ਦਿੱਤਾ ਗਿਆ ਸੀ[੮], ਗੁਰੂ ਨਾਨਕ ਦੇਵ ਰਾਹੀਂ ਇਸ ਨੂੰ ਆਪਣਾ ਕਾਰਜ-ਖੇਤਰ ਬਣਾਉਣ ਨਾਲ ਹੀ ਧਾਰਮਿਕ, ਸਮਾਜਿਕ ਖੇਤਰਾਂ ਵਿਚ ਲੋੜੀਂਦੀ ਅਹਿਮੀਅਤ ਹਾਸਲ ਕਰ ਰਿਹਾ ਸੀ। ਪਰ ਪੰਜ ਪਿਆਰੇ ਲਾਹੌਰ, ਦਿੱਲੀ, ਬਿਦਰ (ਕਰਨਾਟਕ) ਜਗਨਨਾਥ ਪੁਰੀ (ਉੜੀਸਾ), ਦੁਆਰਕਾਪੁਰੀ (ਗੁਜਰਾਤ)[੯] ਨਾਲ ਸਬੰਧਿਤ ਹੋਣ ਕਰਕੇ ਇਲਾਕਾਈ ਵਿਤਕਰੇ ਜਾਂ ਕਿਸੇ ਇਲਾਕੇ ਦੀ ਖਾਸ ਪਦਵੀ ਦਾ ਸੰਕਲਪ ਸਮਾਪਤ ਹੋ ਗਿਆ। ਅਜਿਹਾ ਅਕਾਲ ਉਸਤਤ ਰਚਨਾ ਵਿਚ ਹੈ, ਜਿਸ ਅਨੁਸਾਰ ਪਰਮ ਸੱਤਾ ਦੀ ਆਭਾ ਵਿਭਿੰਨ ਇਲਾਕਿਆਂ ਵਿਚ ਪੱਸਰੀ ਵਿਖਾਈ ਗਈ ਹੈ।[੧੦] ਇਉਂ, ਸਾਮੰਤੀ ਦ੍ਰਿਸ਼ਟੀਕੋਣ ਵਿਚਲੀ ਇਲਾਕਾਈ ਵਿਤਕਰਾਬਾਜ਼ੀ ਤੇ ਨਫ਼ਰਤ ਨੂੰ ਇਸ ਨਵੀਂ ਵਿਚਾਰਧਾਰਾ ਤੇ ਕਾਰਜ-ਖੇਤਰ ਵਿਚ ਬਿਲਕੁਲ ਨਕਾਰ ਦਿੱਤਾ ਗਿਆ। ਇਸ ਸਬੰਧ ਵਿਚ ਜ਼ੁਲਮ ਵਿਰੁੱਧ ਲੜਨ ਅਤੇ ਆਪਣੇ ਅਧਿਕਾਰ ਪ੍ਰਾਪਤ ਕਰਨ ਲਈ ਹੋਰ ਕਦਮ ਪੁੱਟਿਆ ਗਿਆ। ਗੁਰੂ ਨਾਨਕ ਰਾਹੀਂ ਰਜਵਾੜਾ-ਸ਼ਾਹੀ ਤੇ ਬਾਹਰੀ ਹਮਲਿਆਂ ਦੇ ਵਿਰੋਧ ਨਾਲ ਇਹ ਸਿਧਾਂਤ ਪੈਦਾ ਹੋਇਆ।[੧੧] ਗੁਰੂ ਅਰਜਨ ਦੇਵ ਤੇ ਗੁਰੂ ਤੇਗ ਬਹਾਦਰ ਦੀਆਂ ਸ਼ਹੀਦੀਆਂ ਨਾਲ ਇਸ ਨੂੰ ਹੋਰ ਬਲ ਮਿਲਿਆ। ਗੁਰੂ ਹਰਿਗੋਬਿੰਦ ਨੇ ਰਾਜ ਨਾਲ ਸੰਘਰਸ਼ ਵੀ ਕੀਤੇ। ਗੁਰੂ ਗੋਬਿੰਦ ਸਿੰਘ ਦਾ ਜੀਵਨ-ਮੰਤਵ ਹੀ ਸੰਤ ਉਬਾਰਨ ਦੁਸ਼ਟ ਸੰਘਾਰਨ ਸੀ।[੧੨] ਉਨ੍ਹਾਂ ਅਨੁਸਾਰ ਅਧਿਕਾਰਾਂ ਦੀ ਪ੍ਰਾਪਤੀ ਤੇ ਰੱਖਿਆ ਵਾਸਤੇ ਹਰ ਹੀਲਾ ਵਰਤਣਾ ਜਾਇਜ਼ ਹੈ।[੧੩] ਇਉਂ ਗੁਰੂ-ਸਾਹਿਬਾਨ ਨੇ ਇਸ ਸੰਸਥਾ ਵਾਸਤੇ ਇਸ ਪੱਖੋਂ ਪੁਖਤ ਪਰੰਪਰਾ ਪੈਦਾ ਕੀਤੀ ਅਤੇ ਇਸ ਲਈ ਸਿਧਾਂਤਕ ਆਧਾਰ ਵੀ ਤਿਆਰ ਕੀਤਾ।

ਵਿੱਦਿਆ ਦੀ ਪ੍ਰਾਪਤੀ ਵੀ ਮਹੱਤਵ-ਪੂਰਨ ਪੱਖ ਹੈ। ਸ਼ੂਦਰਾਂ ਨੂੰ ਵਿੱਦਿਆ ਹਾਸਲ ਕਰਨ ਦਾ ਕੋਈ ਅਧਿਕਾਰ ਨਹੀਂ ਸੀ।[੧੪] ਗੁਰੂ ਨਾਨਕ ਨੇ ਜਿਥੇ ਵਿੱਦਿਆ ਦੇ ਅਹੰਕਾਰ ਦਾ ਵਿਰੋਧ ਕੀਤਾ ਉਥੇ ਵਿੱਦਿਆ ਪ੍ਰਾਪਤੀ ਦੀ ਲੋੜ ਵੀ ਦਰਸਾਈ।[੧੫] ਇਸ ਦਾ ਮੰਤਵ ਪਰਉਪਕਾਰੀ ਬਣਨਾ ਮਿਥਿਆ ਗਿਆ[੧੬]। ਬਾਣੀ ਦੀ ਰਚਨਾ ਆਮ ਬੋਲੀ ਵਿਚ ਕੀਤੀ ਗਈ, ਤਾਂਕਿ ਗਿਆਨ ਦਾ ਸੰਚਾਰ ਹਰ ਥਾਂ ਹੋ ਸਕੇ। ਪੰਜ ਪਿਆਰੇ ਜਿਨ੍ਹਾਂ ਕਥਿਤ ਜਾਤੀਆਂ ਵਿਚੋਂ ਆਏ ਅਤੇ ਜਿਨ੍ਹਾਂ "ਨੀਚੀ ਹੂ ਅਤਿ ਨੀਚੁ" ਦਾ ਗੁਰੂ ਜੀ ਨੇ ਪੱਖ ਲਿਆ, ਉਨ੍ਹਾਂ ਵਾਸਤੇ ਪੰਜ ਬਾਣੀਆਂ ਦਾ ਪਾਠ ਨਿਸਚਿਤ ਕਰਨਾ[੧੭] ਵਿੱਦਿਆ ਪ੍ਰਾਪਤੀ ਵਾਸਤੇ ਅਹਿਮ ਕਦਮ ਸੀ। ਇਉਂ, ਇਸ ਪੱਖੋਂ ਗੁਰੂ ਜੀ ਨੇ ਵਿਸ਼ੇਸ਼ ਵਰਗ ਦਾ ਏਕਾ-ਅਧਿਕਾਰ ਤੋੜਿਆ ਅਤੇ ਯੋਗਤਾ ਤੇ ਸਮਰੱਥਾ ਅਨੁਸਾਰ ਅਮਲ ਦੀ ਨੀਂਹ ਰੱਖੀ।

ਇਕੋ-ਇੱਕ ਪਰਮਾਤਮਾ ਉਤੇ ਆਸਰਾ ਅਤੇ ਇਸ ਦੀ ਪ੍ਰਾਪਤੀ ਦਾ ਮੰਤਵ ਵੀ ਇਸ ਸੰਸਥਾ ਵਾਸਤੇ ਜ਼ਰੂਰੀ ਹੈ। ਇਸ ਨਾਲ ਇਸ ਪੱਖੋਂ ਮੱਧਕਾਲੀ ਸੋਚ ਦੀ ਦੁਚਿੱਤੀ ਜੋ ਬਹੁ ਦੇਵੀ ਦੇਵਵਾਦ ਰਾਹੀਂ ਪੁਰੋਹਿਤ ਵਰਗ ਨੇ ਕਾਇਮ ਕਰ ਰੱਖੀ ਸੀ, ਖ਼ਤਮ ਕਰ ਦਿੱਤੀ ਗਈ।[੧੮] ਇਸ ਸੱਤਾ ਨੂੰ ਨਿਰਗੁਣ ਵੀ ਮੰਨਿਆ ਗਿਆ ਅਤੇ ਮਨੁੱਖ ਦੇ ਕਰਤਾ ਪਰਵਰਦਗਾਰ, ਸੰਘਾਰਕ ਹੋਣ ਦੇ ਸਗੁਣ[੧੯] ਵੀ ਉਸ ਵਿਚ ਦਰਸਾਏ ਗਏ। ਉਸ ਨੂੰ ਮਾਤਰੀ ਤੇ ਸਰਬ ਲੋਹ, ਸਰਬ ਕਾਲ, ਮਹਾਕਾਲ, ਖੜਗ ਕੇਤ, ਅਸਿ ਕੇਤੁ[੨੦] ਆਦਿ ਕਈ ਸਿਫਾਤੀ ਨਾਂ ਦੇ ਕੇ ਅਜਿਹੀ ਸਰਬ-ਸਮਰੱਥ, ਸਰਬ-ਵਿਆਪੀ ਸੱਤਾ ਦੇ ਰੂਪ ਵਿਚ ਸੰਕਲਪਿਤ ਕੀਤਾ ਗਿਆ ਜੋ "ਨੀਚੀ ਹੂ ਅਤਿ ਨੀਚ ਜਾਤਿ" ਦੇ ਤਤਕਾਲੀ ਰਾਜ-ਸੱਤਾ ਦੇ ਜ਼ੁਲਮਾਂ ਦਾ ਮੁਕਾਬਲਾ ਕਰਨ ਲਈ ਆਧਾਰ ਬਣੀ। ਇਨ੍ਹਾਂ ਲੋਕਾਂ ਦੇ ਮਨਾਂ ਦੀਆਂ ਅਚੇਤ ਤਹਿਆਂ ਵਿਚੋਂ ਕਮਜ਼ੋਰੀ ਤੇ ਗੁਲਾਮੀ ਕੱਢ ਦਿੱਤੀ ਗਈ ਅਤੇ ਉਨ੍ਹਾਂ ਨੂੰ ਆਪਣੇ ਅਧਿਕਾਰਾਂ ਦੀ ਪ੍ਰਾਪਤੀ ਤੇ ਰੱਖਿਆ ਲਈ ਸ਼ਕਤੀਸ਼ਾਲੀ ਹੋਣ ਅਤੇ ਸੰਘਰਸ਼ ਕਰਨ ਲਈ ਆਧਾਰ ਪ੍ਰਾਪਤ ਹੋਇਆ।

ਪਰਮਸੱਤਾ ਦੀ ਪ੍ਰਾਪਤੀ ਦਾ ਮਾਰਗ ਵੀ ਪੁਰੋਹਿਤ ਤੇ ਪਰਜੀਵੀ ਵਰਗ ਰਾਹੀਂ ਕੀਤੀ ਗਈ ਦੁਚਿੱਤੀ ਨਾਲ ਭਰਿਆ ਹੋਇਆ ਸੀ।[੨੧] ਗੁਰੂ ਸਾਹਿਬਾਨ ਨੇ ਪ੍ਰਚੱਲਿਤ ਕਰਮ-ਕਾਂਡ ਤੇ ਰਹੁ-ਰੀਤਾਂ ਨੂੰ ਬੇਅਰਥ ਦਰਸਾਇਆ ਅਤੇ ਉਨ੍ਹਾਂ ਦੀ ਥਾਂ ਨੈਤਿਕਤਾ ਤੇ ਸਾਧਨਾ-ਪੂਰਵਕ ਜੀਵਨ ਨੂੰ ਇਸ ਸੰਸਥਾ ਰਾਹੀਂ ਪਰਪੱਕ ਕੀਤਾ। ਅਜਿਹਾ *ਗੁਰੂ ਗ੍ਰੰਥ*, *ਦਸਮ ਗ੍ਰੰਥ* ਤੇ ਗੁਰੂ ਗੋਬਿੰਦ ਸਿੰਘ ਨਾਲ ਸਬੰਧਿਤ ਰਹਿਤਨਾਮਿਆਂ[੨੨] ਵਿਚ ਮਿਲਦਾ ਹੈ।

ਇਸੇ ਨਾਲ ਹੀ ਵਹਿਮ-ਭਰਮ, *ਅੰਧ-ਵਿਸ਼ਵਾਸ* ਤੇ ਪਾਖੰਡ ਸਬੰਧਿਤ ਹਨ। *ਦਸਮ ਗ੍ਰੰਥ* ਵਿਚ ਕਈ ਥਾਂ ਇਨ੍ਹਾਂ ਦੇ ਵਿਰੋਧ ਵਿਚ ਗੁਆਹੀਆਂ ਮਿਲ ਜਾਂਦੀਆਂ ਹਨ। ਗੁਰੂ ਨਾਨਕ ਨੇ 'ਪਹਿਲਾ ਵਸਤ ਸਿਞਾਣ ਕੇ ਤਾਂ ਕੀਚੈ ਵਾਪਾਰੁ ॥' ਦਾ ਵਿਚਾਰ ਦਿੱਤਾ।[੨੩] ਗੁਰੂ ਅਰਜਨ ਦੇਵ ਨੇ ਬਿਬੇਕ ਬੁੱਧ ਦੀ ਲੋੜ ਦ੍ਰਿੜ੍ਹਾਈ।[੨੪] ਕਰਮ-ਕਾਂਡ ਤੇ ਰਹੁ-ਰੀਤਾਂ ਦਾ ਵਿਰੋਧ ਤਾਰਕਿਤਾ ਦੀ ਅਹਿਮ ਮਿਸਾਲ ਗਿਣੀ ਜਾ ਸਕਦੀ ਹੈ। ਰਹਿਤਨਾਮਿਆਂ ਵਿਚ ਤਾਂਤ੍ਰਿਕਾਂ ਤੇ ਜੋਤਸ਼ੀਆਂ ਪਾਸ ਜਾਣ ਦੀ ਮਨਾਹੀ ਹੈ।[੨੫] ਦੱਸਿਆ ਗਿਆ ਹੈ ਕਿ ਤਾਂਤ੍ਰਿਕਾਂ ਦੇ ਜੰਤਰ-ਮੰਤਰ-ਤੰਤਰ ਬਾਬਰ ਦੇ ਹਮਲੇ ਰਾਹੀਂ ਹੋਈ ਤਬਾਹੀ ਨੂੰ ਨਾ ਰੋਕ ਸਕੇ।[੨੬] ਇਹ ਵੀ ਪਤਾ ਲਗਦਾ ਹੈ ਕਿ ਗੁਰੂ ਨਾਨਕ ਦੇਵ ਨੇ ਕਰਮ-ਕਾਂਡੀਆਂ ਦੀ ਕਰਾਮਾਤੀ ਸ਼ਕਤੀ ਦਾ ਪਾਜ ਖੋਲ੍ਹਿਆ।[੨੭] ਉਨ੍ਹਾਂ ਨੇ, ਪਿਤਰਾਂ ਤੇ ਸੂਰਜ ਨੂੰ ਜਲ ਅਰਪਣ ਕਰਨ ਦੀ ਬੇਅਰਥਤਾ ਸਮਝਾਈ।[੨੮] ਇਉਂ ਹਰ ਘਟਨਾ ਦੇ ਕਿਉਂ ਤੇ ਕਿਵੇਂ ਜਾਣਨ ਦੀ ਸੂਝ ਵੀ ਖਾਲਸਾ ਸੰਸਥਾ ਦਾ ਆਧਾਰ ਬਣੀ।

ਜਿਥੇ ਪੁਰੋਹਿਤ ਵਰਗ ਨੇ ਨੀਚੀ ਹੀ ਅਤਿ ਨੀਚ ਨੂੰ ਸਮਾਜਿਕ, ਆਰਥਿਕ ਤੇ ਅਧਿਆਤਮਕ ਵਿਕਾਸ ਤੋਂ ਵਿਰਵੇ ਰੱਖਿਆ[੨੯], ਉਥੇ ਪਰਜੀਵੀ ਵਰਗ ਨੇ ਸੰਸਾਰ ਨੂੰ ਨਿਸਾਰ ਤੇ ਛਿਣ ਭੰਗਰ ਦਰਸਾ ਕੇ ਜੰਗਲਾਂ ਵਿਚ ਵਾਸ ਕਰਨ, *ਗ੍ਰਹਿਸਥੀ* ਦਾ *ਤਿਆਗ* ਤੇ ਔਰਤਾਂ ਦੀ ਡੱਟ ਕੇ *ਨਿੰਦਾ* ਦੇ *ਸੰਕਲਪ* ਪੈਦਾ ਕੀਤੇ।[੩੦] ਗ੍ਰਹਿਸਥੀਆਂ ਦੇ ਘਰਾਂ

ਤੋਂ ਮੰਗਣ ਤੋਂ ਮਜਬੂਰ ਪਰ-ਜੀਵੀ ਵਰਗ ਆਪਣੇ ਡੇਰਿਆਂ ਦੀ ਅਹਿਮੀਅਤ ਵਧਾਉਣ ਲਈ ਕਰਾਮਾਤਾਂ ਵਿਖਾਉਣ ਅਤੇ ਸਰੀਰਕ ਤੇ ਮਾਨਸਿਕ ਰੋਗਾਂ ਦੇ ਇਲਾਜ ਦਾ ਸਹਾਰਾ ਲੈਣ ਲੱਗਾ। ਗੁਰੂ ਸਾਹਿਬਾਨ ਨੇ ਇਸ ਸੰਸਾਰ ਨੂੰ ਸੱਚੇ ਦੀ ਰਚਨਾ[31] ਦਰਸਾ ਕੇ ਗ੍ਰਿਹਸਥ ਦੀ ਅਹਿਮੀਅਤ ਸਮਝਾਈ। ਇਸ ਸੰਸਾਰ ਨੂੰ ਗੁਰਮੁਖ ਵਾਸਤੇ ਸਾਜਿਆ ਗਿਆ ਦਰਸਾਇਆ[32]। ਇਸ ਨੂੰ ਬਦੀ ਤੇ ਜ਼ਾਲਮ ਤਾਕਤਾਂ ਵਿਰੁਧ ਸੰਘਰਸ਼ ਵਾਸਤੇ ਅਖਾੜੇ[33] ਦੇ ਰੂਪ ਵਿਚ ਪੇਸ਼ ਕੀਤਾ।

ਜਿਉਂ ਹੀ ਸਮਾਜ ਮਾਤਰੀ ਪ੍ਰਧਾਨ ਤੋਂ ਪਿਤਰੀ ਪ੍ਰਧਾਨ ਹੋਇਆ ਅਤੇ ਪਿਤਰੀ ਪ੍ਰਦਾਨ ਨੂੰ ਹੋਰ ਪੁਖਤਗੀ ਮਿਲੀ। ਔਰਤਾਂ ਦਾ ਦਰਜਾ ਘਟੀਆ ਹੁੰਦਾ ਗਿਆ। ਮਨੂੰ ਸਿਮਰਤੀ ਵਿਚ ਦਰਸਾਏ ਸਿਧਾਂਤਾਂ ਨੇ ਅਤੇ ਫੇਰ ਪਰਜੀਵੀ ਵਰਗ ਨੇ ਔਰਤ ਦਾ ਸਥਾਨ ਹੋਰ ਹੇਠਾਂ ਲੈ ਆਂਦਾ।[34] ਇਸ ਨੂੰ ਮਨੁੱਖ ਦੇ ਧਾਰਮਿਕ ਜੀਵਨ ਵਿਚ ਰੁਕਾਵਟ ਮਿਥਿਆ ਗਿਆ। ਉਸ ਦੇ ਮਾਂ, ਭੈਣ ਤੇ ਪਤਨੀ, ਧੀ ਦੇ ਰੂਪਾਂ ਨੂੰ ਨਜ਼ਰ-ਅੰਦਾਜ਼ ਕਰਕੇ ਉਸ ਦੇ ਕੋਈ ਹੋਰ ਹੀ ਰੂਪ ਨੂੰ ਸਾਹਮਣੇ ਲਿਆ ਕੇ ਉਸ ਦੀ ਬਾਘਣ, ਨਾਗਣ, ਆਦਿ ਆਖ ਕੇ ਭਰਪੂਰ ਨਿੰਦਾ ਕੀਤੀ ਗਈ।[35]

ਗੁਰੂ ਨਾਨਕ ਦੇਵ ਨੇ ਔਰਤ ਦੇ ਮਾਤਰੀ ਰੂਪ ਨੂੰ ਸਾਹਮਣੇ ਲਿਆ ਕੇ ਉਸ ਵਿਰੁੱਧ ਹੋ ਰਹੇ ਭੰਡੀ-ਪ੍ਰਚਾਰ ਦਾ ਵਿਰੋਧ ਕੀਤਾ।[36] ਉਸ ਲਈ ਧਾਰਮਿਕ ਜੀਵਨ ਤੇ ਸਾਧਨਾ ਦਾ ਓਨਾ ਹੀ ਅਧਿਕਾਰੀ ਮੰਨਿਆ ਗਿਆ ਜਿੰਨਾ ਕਿ ਪੁਰਖ ਸੀ। ਦਸਮ ਗ੍ਰੰਥ ਵਿਚ ਉਸ ਦੇ ਬੀਰ-ਰਸੀ ਰੂਪ ਸਾਹਮਣੇ ਲਿਆ ਕੇ ਉਸ ਹੱਥੋਂ ਬਦੀ ਤੇ ਜ਼ਾਲਮ ਸ਼ਕਤੀਆਂ ਦਾ ਸੰਘਾਰ ਕਰਵਾਇਆ ਗਿਆ।[37] ਉਸ ਦੀ ਸੁਤੰਤਰਤਾ ਨਾਲ ਸਬੰਧਿਤ ਰਜਵਾੜਾਸ਼ਾਹੀ ਦੇ ਬਹੁ ਪਰਨਾਰੀ ਗਮਨ, ਵੇਸਵਾ ਗਮਨ, ਬਿਰਧ ਵਿਆਹ ਦੀਆਂ ਸਮੱਸਿਆਵਾਂ ਲਈਆਂ ਗਈਆਂ ਅਤੇ ਇਹ ਦ੍ਰਿੜ੍ਹਾਇਆ ਗਿਆ ਕਿ ਔਰਤ ਪਰਮ-ਹਸਤੀ ਦੀ ਕਿਰਪਾ ਨਾਲ ਬਦੀ ਨਾਲ ਸੰਘਰਸ਼ ਕਰਕੇ ਉਸ ਨੂੰ ਖਤਮ ਕਰ ਸਕਦੀ ਹੈ।[38]

ਪੁਰੋਹਿਤ ਵਰਗ ਦੀ ਸਮਾਜ ਨੂੰ ਹੋਰ ਦੇਣ ਨਾ-ਬਰਾਬਰੀ ਅਤੇ ਆਰਥਿਕ ਤੇ ਸਮਾਜਿਕ ਰੁਤਬੇ ਦੇ ਆਧਾਰ ਉਤੇ ਪੁੜ-ਬੰਦੀ ਸੀ। ਬਿਨਾਂ ਸ਼ੱਕ ਇਸ ਨੂੰ ਧਰਮ ਗ੍ਰੰਥਾਂ ਵੱਲੋਂ ਮੰਨਤਾ ਵੀ ਪ੍ਰਾਪਤ ਸੀ, ਜਦੋਂ ਇਹ ਕਿਹਾ ਗਿਆ ਕਿ ਬ੍ਰਾਹਮਣ ਪਰਮ-ਹਸਤੀ ਦੇ ਮੂੰਹ ਤੋਂ, ਕਸ਼ੱਤਰੀ ਬਾਹਾਂ 'ਚੋਂ, ਵੈਸ਼ ਪੱਟਾਂ ਤੋਂ ਤੇ ਸ਼ੂਦਰ ਪੈਰਾਂ ਤੋਂ ਜਨਮੇ ਹਨ।[39] ਗੁਰੂ ਅਰਜਨ ਦੇਵ ਅਨੁਸਾਰ ਪਰਮਸੱਤਾ ਪਿਤਾ ਹੈ ਅਤੇ ਸਾਰੇ ਵਿਅਕਤੀ ਬਿਨਾਂ ਕਿਸੇ ਵਿਤਕਰੇ ਦੇ ਉਸ ਦੇ ਪੁੱਤਰ ਹਨ।[40] ਦਸਮ ਗ੍ਰੰਥ ਦੀ ਅਕਾਲ-ਉਸਤਤ ਮਾਨਵੀ ਬਰਾਬਰੀ ਤੇ ਭਾਈਚਾਰੇ ਵਾਸਤੇ ਅਹਿਮ ਦਸਤਾਵੇਜ਼ ਹੈ, ਜਿਸ ਵਿਚ ਨਾ-ਕੇਵਲ ਜ਼ਾਤੀਆਂ ਦੇ ਆਧਾਰ ਉਤੇ ਸਗੋਂ ਹਿੰਦੂ ਤੇ ਮੁਸਲਮ ਆਧਾਰਾਂ ਉਤੇ ਨਾ-ਬਰਾਬਰੀ ਦਾ ਵਿਰੋਧ ਕੀਤਾ ਗਿਆ ਹੈ। ਇਹ ਦਰਸਾਇਆ ਗਿਆ ਹੈ ਕੀ ਹਿੰਦੂ, ਕੀ ਮੁਸਲਮ, ਕੀ ਰਾਫਜ਼ੀ, ਕੀ ਇਮਾਮਸਾਫੀ ਮਨੁੱਖ ਦੀ ਜ਼ਾਤ ਇਕੋ ਹੈ।[41] ਵੱਖ-ਵੱਖ ਜ਼ਾਤੀਆਂ ਤੋਂ ਆਏ ਸੀਸ ਭੇਟਾ ਕਰਨ ਵਾਲੇ ਮਰਜੀਵੜਿਆਂ ਨੂੰ ਖੰਡੇ ਦਾ ਅੰਮ੍ਰਿਤ ਛਕਾ ਕੇ ਜਦੋਂ ਬਰਾਬਰ ਖੜ੍ਹੇ ਕਰ

ਦਿੱਤਾ ਗਿਆ ਤਾਂ ਜ਼ਾਤ-ਪਾਤ ਦੇ ਆਧਾਰ ਉਤੇ ਨਾ-ਬਰਾਬਰੀ ਪੂਰੀ ਤਰ੍ਹਾਂ ਲੋਪ ਹੋ ਗਈ।

ਨਾਨਕ-ਪੰਥੀ ਹੋਣ ਵਾਸਤੇ ਪਹਿਲਾਂ ਚਰਣ-ਪਾਹੁਲ ਦੀ ਮਰਯਾਦਾ ਪ੍ਰਚੱਲਤ ਸੀ। ਅਜਿਹਾ ਗੁਰੂ ਸਾਹਿਬ ਆਪ ਕਰਦੇ ਸਨ ਅਤੇ ਇਹ ਵੀ ਪਤਾ ਲਗਦਾ ਹੈ ਕਿ ਉਨ੍ਹਾਂ ਵੱਲੋਂ ਨਿਯੁਕਤ ਉਨ੍ਹਾਂ ਦੇ ਕੁੱਝ ਸੇਵਕ ਵੀ ਅਜਿਹਾ ਕਰਦੇ ਸਨ।[੪੨] ਕੇਸਰ ਸਿੰਘ ਛਿੱਬਰ ਦੇ 'ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ' ਅਨੁਸਾਰ ਚਰਣ-ਪਾਹੁਲ ਪੰਜ ਸਿੱਖਾਂ ਦੇ ਚਰਨਾਂ ਦਾ ਧੋਣ, ਵਰਤਾਉਣ ਦੀ ਰੀਤੀ ਗੁਰੂ ਹਰਿਗੋਬਿੰਦ ਸਮੇਂ ਪ੍ਰਚੱਲਿਤ ਹੋਈ।[੪੩] ਇਕ ਤਾਂ ਇਹ ਸ੍ਰੋਤ ਅਖੀਰੀ ਅਠਾਰ੍ਹਵੀਂ ਸਦੀ ਦੀ ਰਚਨਾ ਹੈ ਅਤੇ ਦੂਜਾ ਇਸ ਦਾ ਕਰਤਾ ਪੁਰੋਹਿਤ ਵਰਗ ਨਾਲ ਸਬੰਧਿਤ ਅਤੇ ਇਸ ਦੇ ਪ੍ਰਭਾਵ ਹੇਠ ਹੈ। ਖਾਲਸਾ ਸਿਰਜਣਾ ਵੇਲੇ ਇਕ ਤਾਂ ਚਰਣ-ਪਾਹੁਲ ਦੀ ਥਾਂ ਖੰਡੇ ਦੀ ਪਾਹੁਲ ਦਿੱਤੀ ਗਈ। ਦੂਜਾ ਨਾਨਕ ਪੰਥੀ ਕਰਨ ਦਾ ਅਧਿਕਾਰ ਪੰਜ ਸਿੱਖਾਂ ਨੂੰ ਦੇ ਦਿੱਤਾ ਗਿਆ ਅਤੇ ਇਹ ਵੀ ਪਤਾ ਲਗਦਾ ਹੈ ਕਿ ਉਨ੍ਹਾਂ ਨੇ ਅਜਿਹਾ ਕੀਤਾ ਵੀ ਹੈ। ਤੀਜਾ ਇਹ ਅਧਿਕਾਰ ਜਾਤ ਵਿਵਸਥਾ ਨੂੰ ਉਲਟ ਕੇ, ਕਥਿਤ ਨੀਵੀਂ ਜਾਤੀਆਂ ਤੋਂ ਆਏ ਪੰਜ ਪਿਆਰਿਆਂ ਨੂੰ ਦਿੱਤਾ ਗਿਆ ਅਤੇ ਇਹ ਮਰਿਯਾਦਾ ਪ੍ਰਚੱਲਿਤ ਕੀਤੀ ਗਈ ਕਿ ਇਸ ਪੱਖੋਂ ਕਿਸੇ ਪਾਸ ਵੀ ਕਿਸੇ ਆਧਾਰ ਉਤੇ ਵੀ ਏਕਾ-ਅਧਿਕਾਰ ਨਹੀਂ ਹੋਵੇਗਾ। ਰਵਾਇਤ ਅਨੁਸਾਰ ਧਰਮ ਵਿਚ ਸ਼ਾਮਿਲ ਕਰਨ ਦਾ ਜੋ ਅਧਿਕਾਰ ਪੁਰੋਹਿਤ ਵਰਗ ਪਾਸ ਸੀ, ਉਸ ਨੂੰ ਖ਼ਤਮ ਕਰ ਦਿੱਤਾ ਗਿਆ।

ਧਰਮ ਨੂੰ ਸਮਾਜ ਨਾਲ ਜੋੜਨ ਦਾ ਸੰਕਲਪ ਵੀ ਇਸ ਸੰਸਥਾ ਦਾ ਆਧਾਰ ਬਣਿਆ। ਗ੍ਰਿਹਸਥੀ ਜੀਵਨ ਦੀ ਮੰਨਤਾ ਅਤੇ ਔਰਤਾਂ ਨੂੰ ਬਰਾਬਰੀ ਦਾ ਅਧਿਕਾਰ ਦੇਣ ਦੇ ਸਿਧਾਂਤ ਤੋਂ ਇਲਾਵਾ ਵਿਹਾਰਕ ਪੱਧਰ ਉਤੇ ਵੀ ਕਦਮ ਉਠਾਏ ਗਏ। ਸਮਾਜਿਕ, ਧਾਰਮਿਕ ਜੀਵਨ ਦੀ ਉਸਾਰੀ ਦਾ ਵਿਹਾਰਕ ਢੰਗ ਸੰਗਤ ਸੀ,[੪੪] ਜਿਸ ਵਿਚ ਬਿਨਾਂ ਕਿਸੇ ਵਿਤਕਰੇ ਜਾਂ ਭੇਦ-ਭਾਵ ਤੋਂ ਨਾਨਕ-ਪੰਥੀ ਹੋਏ ਵਿਅਕਤੀ ਸ਼ਾਮਿਲ ਹੋ ਸਕਦੇ ਸਨ। ਇਸ ਦੇ ਨਾਲ ਹੀ ਲੰਗਰ ਦੀ ਸੰਸਥਾ ਦੀ ਅਹਿਮੀਅਤ ਵੀ ਵੇਖਣ-ਯੋਗ ਹੈ, ਜਿਸ ਨੇ ਖਾਣ-ਪੀਣ ਦੇ ਪੱਧਰ ਉਤੇ ਕਿਸੇ ਵੀ ਕਿਸਮ ਦੀ ਊਚ-ਨੀਚ ਜਾਂ ਵਿਤਕਰੇਬਾਜ਼ੀ ਨੂੰ ਸੱਟ ਮਾਰੀ ਅਤੇ ਨਾਲ ਹੀ ਇਹ ਗਰੀਬਾਂ, ਲੋੜਵੰਦਾਂ ਤੇ ਯਾਤਰੂਆਂ ਦੀਆਂ ਜ਼ਰੂਰਤਾਂ ਨੂੰ ਪੂਰਨ ਕਰਨ ਲਈ ਕਦਮ ਵਜੋਂ ਮੰਨਿਆ ਗਿਆ।[੪੫] ਸੇਵਾ ਦਾ ਵਿਹਾਰਕ ਪੱਖ ਵੀ ਵੇਖਿਆ ਜਾ ਸਕਦਾ ਹੈ। ਲੰਗਰ ਦੀ ਤਿਆਰੀ ਤੇ ਵਰਤਾਉਣ ਦੀ ਸੇਵਾ, ਪੱਖੇ ਤੇ ਜੋੜਿਆਂ ਦੀ ਸੇਵਾ, ਜਲ ਭਰਨ ਦੀ ਸੇਵਾ, ਜਿਥੇ ਜ਼ਾਤ-ਪਾਤ, ਊਚ-ਨੀਚ ਦੇ ਭੇਦ-ਭਾਵਾਂ ਉਤੇ ਸੱਟ ਮਾਰਦੀ ਸੀ ਉਥੇ ਸਰੀਰਕ ਮਿਹਨਤ ਨੂੰ ਵੀ ਉਤਸ਼ਾਹਿਤ ਕਰਦੀ ਸੀ। ਇਹ ਪੱਖ ਵਾਰਾਂ ਭਾਈ ਗੁਰਦਾਸ ਅਨੁਸਾਰ ਗੁਰੂ ਨਾਨਕ ਰਾਹੀਂ ਪਹਿਲਾਂ ਹੀ ਉਭਾਰਿਆ ਗਿਆ ਸੀ[੪੬] ਅਤੇ ਇਹ ਅੱਗੇ ਵੀ ਚੱਲਿਆ। ਹੱਥੀਂ ਕਿਰਤ ਤੇ ਵੰਡ-ਛਕਣਾ ਵੀ ਇਸ ਵਾਸਤੇ ਮਹੱਤਵ-ਪੂਰਨ ਕਦਮ ਮੰਨੇ ਗਏ। ਹੱਥੀਂ ਕਿਰਤ ਉਪਰ ਗੁਰੂ ਨਾਨਕ ਦੇਵ ਨੇ ਵੀ ਜ਼ੋਰ ਦਿੱਤਾ।[੪੭] ਇਹ ਦੋਵੇਂ ਵਿਹਾਰਕ ਪੱਖ

ਤਤਕਾਲੀ ਸਮਾਜ ਵਿਚ ਆਰਥਿਕ ਤੇ ਧਾਰਮਿਕ ਪੱਖੋਂ ਯੂਟੋਪੀਆ ਦੀ ਉਸਾਰੀ ਲਈ ਮਦਦਗਾਰ ਸਾਬਤ ਹੋਏ।

ਸ਼ਸ਼ਤ੍ਰਧਾਰੀ ਹੋਣ ਪਿਛੇ ਆਪਣੇ ਅਧਿਕਾਰਾਂ ਦੀ ਰੱਖਿਆ, ਜ਼ੁਲਮ ਵਿਰੁੱਧ ਸੰਘਰਸ਼ ਦੇ ਸਿਧਾਂਤ ਕੰਮ ਕਰਦੇ ਹਨ। *ਗੁਰੂ ਗ੍ਰੰਥ* ਵਿਚਲਾ ਬ੍ਰਹਮ ਦਾ ਭਗੀਤ-ਵਛਲ ਸਰੂਪ ਸੰਤਾਂ ਦੀ ਰੱਖਿਆ ਤੇ ਦੁਸ਼ਟਾਂ ਦੇ ਸੰਘਾਰ ਸਬੰਧੀ ਹੈ।[੪੮] ਜਿਸ ਵਿਚ ਪਰਮ ਹਸਤੀ ਦੇ ਇਸ ਕਾਰਜ ਨੂੰ ਜ਼ਿਆਦਾਤਰ ਮਿਥਕ ਜੁਗਤਾਂ ਨਾਲ ਦਰਸਾਇਆ ਗਿਆ ਹੈ। *ਦਸਮ ਗ੍ਰੰਥ* ਵਿਚ ਅਕਾਲ ਪੁਰਖ ਦੇ ਸਿਫਾਤੀ ਗੁਣਾਂ ਵਿਚ ਬੀਰਰਸੀ ਨਾਮ ਸ਼ਾਮਿਲ ਕੀਤੇ ਗਏ ਹਨ।[੪੯] ਬਚਿਤ੍ਰ ਨਾਟਕ ਵਿਚ ਗੁਰੂ ਗੋਬਿੰਦ ਸਿੰਘ ਦਾ ਜੀਵਨ-ਮੰਤਵ ਸੰਤ ਉਬਾਰਨ ਤੇ ਦੁਸ਼ਟਾਂ ਦੇ ਮੂਲ ਨੂੰ ਉਧਾਰਨਾ ਦਰਸਾਇਆ ਗਿਆ ਹੈ।[੫੦] ਇਸ ਰਚਨਾ ਵਿਚ ਚੰਡੀ ਚਰਿਤ੍ਰ, ਚੌਬੀਸ ਅਵਤਾਰ ਆਦਿ ਵਿਚ ਸੰਘਰਸ਼ ਨੂੰ ਪ੍ਰਮੁਖਤਾ ਦਿੱਤੀ ਗਈ ਹੈ ਅਤੇ ਸ਼ਸਤ੍ਰ ਨਾਮ ਮਾਲਾ ਵਿਚ ਪਰਮ-ਸੱਤਾ ਨੂੰ ਸ਼ਸਤਰਾਂ ਨਾਲ ਅਭੇਦ ਵੀ ਕੀਤਾ ਗਿਆ ਹੈ ਅਤੇ ਸ਼ਸਤ੍ਰਾਂ ਦੇ ਵਿਭਿੰਨ ਨਾਮ ਵੀ ਦਿੱਤੇ ਗਏ ਹਨ। ਖਾਲਸਾ ਸਿਰਜਣਾ ਦੀ ਰਹਿਤ-ਮਰਯਾਦਾ ਵਿਚ ਪੰਜ ਕਕਾਰਾਂ ਦੇ ਅੰਤਰਗਤ ਕਿਰਪਾਨ ਧਾਰਨ ਕਰਨਾ ਆਉਂਦਾ ਹੈ।[੫੧] ਇਉਂ ਸ਼ਸਤ੍ਰ ਧਾਰਨ ਕਰਨਾ ਜੋ ਆਪਣੇ ਅਧਿਕਾਰਾਂ ਦੀ ਰਖਿਆ ਤੇ ਜ਼ੁਲਮ ਵਿਰੁੱਧ ਸੰਘਰਸ਼ ਨਾਲ ਅਟੁੱਟ ਸਬੰਧ ਰੱਖਦਾ ਹੈ, ਪੰਜ ਪਿਆਰਿਆਂ ਦੀ ਸੰਸਥਾ ਦਾ ਅਭਿੰਨ ਅੰਗ ਬਣਾ ਦਿੱਤਾ ਗਿਆ।

ਇਸ ਦੇ ਅੰਤਰਗਤ ਪੁਰਖਾਂ ਦੇ ਨਾਂ ਨਾਲ ਸਿੰਘ ਅਤੇ ਔਰਤਾਂ ਦੇ ਨਾਂ ਨਾਲ ਕੌਰ ਲਗਾਇਆ ਗਿਆ। ਪਹਿਲਾਂ ਇਹ ਰਾਜਪੂਤਾਂ ਆਦਿ ਜੁੱਧ ਕਰਨ ਵਾਲੀਆਂ ਕੌਮਾਂ ਦੇ ਵਿਅਕਤੀਆਂ ਦੇ ਨਾਵਾਂ ਨਾਲ ਮਹਿਦੂਦ ਸੀ।[੫੨] ਸਿੱਖਾਂ ਦੇ ਨਾਵਾਂ ਨਾਲ ਇਹ ਸਿੰਘ ਤੇ ਕੌਰ ਲਗਾਉਣ ਨਾਲ ਇਕ ਤਾਂ ਆਪਸ ਵਿਚਲੀ ਬਰਾਬਰੀ ਤੇ ਭਾਈਚਾਰੇ ਦੀਆਂ ਤੰਦਾਂ ਪੱਕੀਆਂ ਹੋ ਗਈਆਂ, ਦੂਜਾ ਇਹ 'ਨੀਚੀ ਹੂ ਅਤਿ ਨੀਚ' ਜਿਨ੍ਹਾਂ ਨੂੰ ਗੁਰੂ ਜੀ ਨੇ ਧਰਤੀ ਦੇ ਸਰਦਾਰ ਬਣਾਇਆ, ਸਮੇਂ ਦੀ ਕਥਿਤ ਜੋਧਾ ਕੌਮ ਦੇ ਨਾਲ ਬਰਾਬਰੀ ਕਰਨ ਦੇ ਯੋਗ ਹੋ ਗਏ। ਅਜਿਹਾ ਕਰਨਾ ਇਨ੍ਹਾਂ 'ਨੀਚਾ ਅੰਦਰਿ ਨੀਚ ਜਾਤਿ' ਦੇ ਮਨੋਬਲ ਨੂੰ ਏਨਾ ਵਧਾਉਣਾ ਸੀ ਕਿ ਉਹ ਆਪਣੇ ਹੱਕਾਂ ਦੀ ਪ੍ਰਾਪਤੀ, ਸੁਤੰਤਰਤਾ, ਗਰੀਬਾਂ ਦੀ ਰੱਖਿਆ, ਜ਼ੁਲਮ ਵਿਰੁੱਧ ਸੰਘਰਸ਼ ਕਰਨ, ਨੈਤਿਕ ਤੇ ਅਧਿਆਤਮਕ ਜੀਵਨ ਦੇ ਗੁਣ ਗ੍ਰਹਿਣ ਤੇ ਪ੍ਰਸਾਰਿਤ ਕਰਨ ਆਦਿ ਦੇ ਯੋਗ ਹੋ ਸਕਣ।

ਇਸ ਨਾਲ ਜਦੋਂ ਆਮ ਲੋਕ ਜੋਧਾ ਕੌਮ ਬਣ ਗਏ ਤਾਂ ਜੋਧਾ ਕੌਮ ਦੇ ਕਥਿਤ ਰਾਖਵੇਂ ਅਨਸਰਾਂ-ਕਸ਼ੱਤਰੀਆਂ ਤੇ ਰਾਜਪੂਤਾਂ ਦੇ ਹੀ ਜੋਧਾ ਹੋਣ ਦਾ ਏਕਾ ਅਧਿਕਾਰ ਟੁੱਟ ਗਿਆ ਅਤੇ ਜੋਧਾ ਹੋਣਾ ਕੌਮ ਦਾ ਜਨਮ ਤੋਂ ਹੀ ਹੋਣ ਦਾ ਸੰਕਲਪ ਖਤਮ ਹੋ ਗਿਆ ਅਤੇ ਅਜਿਹਾ ਹੋਣਾ ਗੁਣਾਂ ਤੇ ਨਿਰਭਰ ਹੋ ਗਿਆ। ਇਸ ਨਾਲ ਜੁੜਿਆ ਵਿਸ਼ੇਸ਼ ਪਹਿਰਾਵਾ ਵਿਸ਼ੇਸ਼ ਵਿਆਖਿਆ ਦਾ ਧਾਰਨੀ ਹੈ। ਇਸ ਦੇ ਦੋ ਪੱਖ ਹੋਰਾਂ ਨਾਲੋਂ ਵਿਲੱਖਣਤਾ ਤੇ ਆਪਸ ਵਿਚੀਂ ਬਰਾਬਰੀ ਹਨ। ਇਸ ਵਿਚ ਕੇਸ, ਕਿਰਪਾਨ, ਕੱਛ, ਕੜਾ ਤੇ ਕੰਘਾ ਸ਼ਾਮਿਲ ਹਨ। ਇਸ ਸਬੰਧੀ ਤਤਕਾਲੀ ਤੇ ਨਿਕਟ ਸਮਕਾਲੀ ਰਚਨਾਵਾਂ, *ਸ੍ਰੀ ਗੁਰ ਸੋਭਾ*,

ਰਹਿਤਨਾਮੇ, *ਗੁਰਬਿਲਾਸ* (ਭਾਈ ਸੁਖਾ ਸਿੰਘ ਕ੍ਰਿਤ), *ਸਰਬ ਲੋਹ ਗ੍ਰੰਥ* ਅਤੇ *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ* ਤੇ *ਮਹਿਮਾ ਪ੍ਰਕਾਸ਼* ਵੀ ਵੇਖਣ-ਯੋਗ ਹਨ।[੫੩]

ਕੇਸਾਂ ਨੂੰ ਇਨ੍ਹਾਂ ਵਿਚ ਕਾਫੀ ਅਹਿਮੀਅਤ ਦਿੱਤੀ ਗਈ ਹੈ। *ਗੁਰੂ ਗ੍ਰੰਥ ਸਾਹਿਬ* ਵਿਚ ਪਰਮ-ਸੱਤਾ ਦੇ ਰੂਪ ਚਿਤਰਨ ਵਿਚ ਕੇਸਾਂ ਦਾ ਉਲੇਖ ਆਇਆ ਹੈ।[੫੪] ਕੇਸ ਰੱਖਣ ਬਾਰੇ ਭਾਰਤੀ ਧਰਮ ਗ੍ਰੰਥਾਂ ਵਿਚ ਵੀ ਉਲੇਖ ਹੈ ਅਤੇ ਕੇਸ ਕੱਟਣੇ ਸਜ਼ਾ ਵੀ ਮੰਨਿਆ ਗਿਆ ਹੈ।[੫੫] ਕੇਸ ਨਾ ਕੱਟਣ ਬਾਰੇ ਅੰਜੀਲ ਵਿਚ ਵੀ ਹਦਾਇਤ ਹੈ।[੫੬] ਇਸਾਈ ਸਭਿਆਚਾਰ ਵਿਚ, ਇਉਂ ਕੇਸ ਦਾੜ੍ਹੀ ਦਾ ਮਹੱਤਵ ਹੈ। ਮੁਗਲ ਹਕੂਮਤ ਵੱਲੋਂ ਹਿੰਦੂਆਂ ਨੂੰ ਕੇਸ ਕਟਾ ਕੇ ਰੱਖਣ ਦੇ ਹੁਕਮ[੫੭] ਅਹਿਮ ਹਨ ਜੋ ਇਹ ਦਰਸਾਉਂਦੇ ਹਨ ਕਿ ਇਹ ਲੋਕ ਮੁਸਲਿਮ ਲੋਕਾਂ ਦੀ ਇਸ ਪੱਖੋਂ ਬਰਾਬਰੀ ਨਾ ਕਰ ਸਕਣ। ਗੁਰੂ ਜੀ ਵੱਲੋਂ ਕੇਸ ਰੱਖਣ ਨੂੰ ਰਹਿਤ ਵਿਚ ਸ਼ਾਮਲ ਕਰਨਾ ਉਸ ਬਰਾਬਰੀ ਦੀ ਪਦਵੀ ਨੂੰ ਆਮ ਲੋਕਾਂ ਨੂੰ ਦੁਆਉਣ ਦਾ ਯਤਨ ਸੀ, ਜਿਸ ਤੋਂ ਸਮੇਂ ਦੀ ਹਕੂਮਤ ਉਨ੍ਹਾਂ ਨੂੰ ਵੰਚਿਤ ਰੱਖਣਾ ਚਾਹੁੰਦੀ ਸੀ। ਇਉਂ, ਕੇਸਾਂ ਦੀ ਰਹਿਤ ਪਾਲਣ ਦੇ ਹੁਕਮ ਪਿੱਛੇ ਬਰਾਬਰੀ ਤੇ ਆਪਣੇ ਹੱਕਾਂ ਦੀ ਪ੍ਰਾਪਤੀ ਦੇ ਸੰਕਲਪ ਕੰਮ ਕਰ ਰਹੇ ਪ੍ਰਤੀਤ ਹੁੰਦੇ ਹਨ।

ਕਿਰਪਾਨ ਦੀ ਸਵੈ-ਰੱਖਿਆ ਦੇ ਨਾਲ-ਨਾਲ ਰਵਾਇਤੀ ਜੋਧਾ ਕੌਮਾਂ ਨਾਲ ਬਰਾਬਰੀ ਵਾਸਤੇ ਅਹਿਮੀਅਤ ਹੈ। ਤਤਕਾਲੀ ਹਕੂਮਤ ਵੱਲੋਂ ਸ਼ਸਤ੍ਰ ਧਾਰਨ ਨਾ ਕਰਨ ਬਾਰੇ ਹੁਕਮ ਵੀ ਮਿਲਦੇ ਹਨ।[੫੮] ਕਿਰਪਾਨ ਸ਼ਸਤ੍ਰਧਾਰੀ ਹੋਣ ਦਾ ਪ੍ਰਤੀਕ ਮੰਨੀ ਜਾਂਦੀ ਹੈ। ਉਂਜ ਪੰਜ ਸ਼ਸਤ੍ਰ ਧਾਰਨ ਕਰਨ ਦਾ ਵਿਧਾਨ ਵੀ ਰਿਹਾ ਹੈ। *ਦਸਮ ਗ੍ਰੰਥ* ਦੀ ਸ਼ਸਤ੍ਰਨਾਮ ਮਾਲਾ ਰਚਨਾ ਵਿਚ ਸ਼ਸਤ੍ਰਾਂ ਨੂੰ ਪਰਮ ਸੱਤਾ ਨਾਲ ਅਭੇਦ ਕਰਨ ਅਤੇ ਪਰਮ ਸੱਤਾ ਦੇ ਨਾਵਾਂ ਵਿਚ ਸ਼ਸਤ੍ਰਾਂ ਦੇ ਨਾਂ ਸ਼ਾਮਿਲ ਕਰਨ ਦੇ ਨਾਲ-ਨਾਲ ਕ੍ਰਿਪਾਨ ਸਮੇਤ ਹੋਰ ਸ਼ਸਤ੍ਰਾਂ ਦੇ ਪਰਿਆਏ ਨਾਂ ਦਰਸਾਏ ਗਏ ਹਨ।[੫੯] ਇਉਂ, ਕਿਰਪਾਨ ਧਾਰਨ ਕਰਨ ਉਪਰ ਜ਼ੋਰ ਦੇਣਾ ਵੀ ਦੱਬੀਆਂ-ਕੁਚਲੀਆਂ ਦਲਿਤ ਜਾਤੀਆਂ ਨੂੰ ਆਪਣੇ-ਆਪੇ, ਆਪਣੇ ਹੱਕਾਂ ਤੇ ਸੁਤੰਤਰਤਾ ਦਾ ਅਹਿਸਾਸ ਕਰਵਾਉਣ ਦਾ ਅਹਿਮ ਪੱਖ ਮੰਨਿਆ ਜਾ ਸਕਦਾ ਹੈ।

ਕੱਛ ਧਾਰਨ ਕਰਨ ਦੀ ਮਹੱਤਾ ਸੰਘਰਸ਼ ਕਰਨ ਲਈ ਲੜਾਈ ਦੇ ਮੈਦਾਨ ਵਿਚ ਵਰਦੀ ਵਜੋਂ ਵੇਖੀ ਜਾ ਸਕਦੀ ਹੈ। ਇਹ ਲੰਗੋਟੀ ਤੇ ਧੋਤੀ ਨਾਲੋਂ ਯੁੱਧ ਕਲਾ ਵਿਚ ਕਿਤੇ ਬਿਹਤਰ ਮੰਨੀ ਜਾ ਸਕਦੀ ਹੈ।[੬੦] ਇਸ ਦੀ ਅਹਿਮੀਅਤ ਜਤ-ਸਤ ਦੇ ਅਹਿਸਾਸ ਨਾਲ ਵੀ ਜੋੜੀ ਜਾਂਦੀ ਹੈ।

ਕੜਾ ਵੀ, ਇਹ ਮੰਨਿਆ ਗਿਆ ਹੈ, ਬੁਰੇ ਕੰਮ ਤੋਂ ਰੋਕਣ ਲਈ ਅਹਿਸਾਸ ਕਰਵਾਉਂਦਾ ਹੈ। ਇਸ ਦੀ ਅਹਿਮੀਅਤ ਤਲਵਾਰ-ਬਾਜ਼ੀ ਤੇ ਤੀਰ-ਅੰਦਾਜ਼ੀ ਲਈ ਵੀ ਹੈ।[੬੧]

ਕੰਘਾ ਵਾਲਾਂ ਦੀ ਸਫ਼ਾਈ ਲਈ ਜ਼ਰੂਰੀ ਸਮਝਿਆ ਗਿਆ ਹੈ।

ਪਰ ਇਨ੍ਹਾਂ ਕਕਾਰਾਂ ਦੀ ਤਤਕਾਲੀ ਅਹਿਮੀਅਤ ਹੀ ਨਹੀਂ, ਸਗੋਂ ਵਿਅਕਤੀਗਤ ਤੇ ਸਮੂਹਕ ਜੀਵਨ ਲਈ ਕਈ ਪੱਖਾਂ ਤੋਂ ਮਹੱਤਵ-ਪੂਰਨ ਹੈ। ਪ੍ਰਤੀਕਾਤਮਕ ਤੋਂ ਇਲਾਵਾ

ਵਿਹਾਰਕ ਪੱਖ ਤੋਂ ਵੀ ਇਨ੍ਹਾਂ ਦੀ ਕੀਮਤ ਹੈ। ਇਸ ਤੋਂ ਬਿਨਾਂ ਇਹ ਕਕਾਰ ਪੰਜਾਬ ਦੇ ਦੱਬੇ-ਕੁਚਲੇ ਲੋਕਾਂ ਦੀ ਅਜਿਹੀ ਪੁਸ਼ਾਕ ਹੈ, ਜੋ ਉਨ੍ਹਾਂ ਨੂੰ ਬਰਾਬਰੀ ਤੇ ਆਪਣੇ ਹੱਕਾਂ ਦੀ ਚੇਤੰਨਤਾ ਦਾ ਅਹਿਸਾਸ ਕਰਵਾ ਸਕਦੀ ਹੈ।

ਰਹਿਤ ਰਹਿਣੀ ਵਿਹਾਰਕ ਜੀਵਨ ਨਾਲ ਸੰਬੰਧਿਤ ਹੈ। ਰਹਿਤ ਸੰਬੰਧੀ *ਗੁਰੂ ਗ੍ਰੰਥ ਸਾਹਿਬ* ਵਿਚ ਉਲੇਖ ਮਿਲਦੇ ਹਨ।[੬੨] ਇਹ ਦੋ ਤਰ੍ਹਾਂ ਦੀ ਮੰਨੀ ਗਈ ਹੈ—ਅੰਦਰਲੀ ਤੇ ਬਾਹਰਲੀ। ਅੰਦਰਲੀ ਰਹਿਤ ਅਧਿਆਤਮਕ ਤੇ ਮਾਨਸਿਕ ਪੱਖਾਂ ਨਾਲ ਸੰਬੰਧਿਤ ਹੈ ਅਤੇ ਬਾਹਰਲੀ ਵਿਅਕਤੀ ਦੇ ਸਮਾਜਿਕ ਜੀਵਨ ਦੇ ਹੋਰ ਪੱਖ ਸਮੇਟਦੀ ਹੈ।

ਉਂਜ ਤਾਂ ਸਿੱਖ ਦਰਸ਼ਨ ਦੇ ਅਨੁਕੂਲ ਵਿਹਾਰਕ ਜੀਵਨ ਬਤੀਤ ਕਰਦਿਆਂ ਅਜਿਹੇ ਵਰਗੀਕਰਣ ਜ਼ਿਆਦਾ ਸਾਰਥਿਕ ਨਹੀਂ ਰਹਿੰਦੇ, ਪਰ ਅਧਿਐਨ ਦੀ ਸਹੂਲਤ ਲਈ ਅਜਿਹਾ ਕੀਤਾ ਜਾ ਸਕਦਾ ਹੈ।

ਮੋਟੇ ਤੌਰ 'ਤੇ ਰਹਿਤ ਦੇ ਅੰਤਰਗਤ ਇਹ ਪੱਖ ਆਉਂਦੇ ਹਨ—

੧. ਇਕੋ-ਇੱਕ ਪਰਮ ਹਸਤੀ ਵਿੱਚ ਆਸਥਾ।
੨. ਕਰਮ-ਕਾਂਡ ਤੇ ਰਹੁ-ਰੀਤਾਂ, ਪਾਖੰਡ ਤੇ ਵਹਿਮਾਂ-ਭਰਮਾਂ ਦੀ ਥਾਂ ਸਦਾਚਾਰਕ ਤੇ ਅਧਿਆਤਮਕ ਜੀਵਨ ਬਤੀਤ ਕਰਨਾ।
੩. ਸਦਾਚਾਰਕ ਗੁਣ ਧਾਰਨ ਕਰਨੇ।
੪. ਆਪਣੇ ਤੇ ਗਰੀਬਾਂ ਦੇ ਹੱਕਾਂ ਦੀ ਰੱਖਿਆ।
੫. ਖਾਣੇ, ਪਹਿਰਾਵੇ ਵਿਚ ਸੰਜਮ—ਅਜਿਹਾ ਨਾ ਕਰਨਾ ਜੋ ਸਰੀਰਕ ਤੇ ਮਾਨਸਿਕ ਜੀਵਨ ਵਿਚ ਵਿਕਾਰ ਪੈਦਾ ਕਰੇ।
੬. ਹਰ ਪ੍ਰਕਾਰ ਦੇ ਨਸ਼ੇ ਤੋਂ ਦੂਰ ਰਹਿਣਾ।
੭. ਪੰਜ ਕਕਾਰੀ ਰਹਿਤ ਧਾਰਨ ਕਰਨੀ।
੮. ਦਸਤਾਰ-ਧਾਰੀ ਹੋਣਾ।
੯. ਰੋਜ਼ਾਨਾ ਸਰੀਰਕ ਸਫ਼ਾਈ ਕਰਨੀ।
੧੦. ਗੁਰਬਾਣੀ ਦੀ ਚਰਚਾ, ਕੀਰਤਨ, ਆਦਿ।
੧੧. ਸਮਾਜਿਕ ਜੀਵਨ ਬਤੀਤ ਕਰਨਾ।
੧੨. ਹੱਥੀਂ ਕਿਰਤ ਕਰਨੀ ਤੇ ਵੰਡ ਛਕਣਾ।
੧੩. ਸਤਿ-ਸੰਗਤ ਵਿਚ ਜਾਣਾ।
੧੪. ਸੇਵਾ ਕਰਨੀ।
੧੫. ਗੁਰੂ ਨਮਿਤ ਦਸਵੰਧ ਕੱਢਣਾ ਤੇ ਉਸ ਦੀ ਸਰਵ-ਜਨਕ ਕਾਰਜਾਂ ਲਈ ਵਰਤੋਂ ਕਰਨੀ।
੧੬. ਗੁਰੂ ਗ੍ਰੰਥ ਪੰਥ ਦੀ ਆਗਿਆ ਮੰਨਣੀ।

ਕੁਰਹਿਤ :

੧. ਦੇਵੀ-ਦੇਵਤੇ, ਅਵਤਾਰ, ਮੂਰਤੀ-ਪੂਜਾ, ਮੜ੍ਹੀ-ਮਸਾਣੀ, ਪਾਠ-ਪੂਜਾ, ਪਾਖੰਡੀ ਸਾਧ-ਸੰਤਾਂ ਦੀ ਮੰਨਤ।

੨. ਸਗਨ-ਅਪ-ਸਗਨ, ਭੂਤ-ਪ੍ਰੇਤ, ਤੀਰਥ, ਵਰਤ, ਸੂਤਕ, ਪਾਤਕ, ਜੋਤਿਸ਼, ਸਰਾਪ, ਛਾਇਆ, ਪੁਛਾਂ, ਜੰਤ੍ਰ-ਮੰਤ੍ਰ ਆਦਿ ਵਿਚ ਵਿਸ਼ਵਾਸ।
੩. ਤੰਬਾਕੂ, ਸ਼ਰਾਬ, ਭੰਗ ਆਦਿ ਨਸ਼ਿਆਂ ਦਾ ਸੇਵਨ।
੪. ਕੁਠਾ-ਮਾਸ ਛਕਣਾ।
੫. ਕੇਸਾਂ ਦੀ ਬੇ-ਅਦਬੀ, ਭੱਦਣ ਆਦਿ।
੬. ਪਰ-ਇਸਤ੍ਰੀ/ਮਰਦ ਸਬੰਧ, ਤੁਰਕਣੀ ਨਾਲ ਅਯੋਗ ਸਬੰਧ।
੭. ਮੀਣੇ, ਮਸੰਦ, ਰਾਮਰਾਈਏ, ਧੀਰਮਲੀਏ, ਕੁੜੀਮਾਰ, ਨਾਲ ਸਬੰਧ ਰੱਖਣੇ।
੮. ਸਿਰ ਗੁੰਮ, ਪਤਿਤ, ਕੁੜੀਮਾਰ, ਆਦਿ ਨਾਲ ਵਰਤੋਂ ਵਿਹਾਰ।
੯. ਚੋਰੀ-ਯਾਰੀ, ਜੂਆ ਆਦਿ ਕੁਕਰਮ।
੧੦. ਦਸਤਾਰ ਦੀ ਥਾਂ ਟੋਪੀ/ਟੋਪ ਪਹਿਨਣਾ।

ਇਨ੍ਹਾਂ ਵਿਚੋਂ ਬੱਜਰ-ਕੁਰਹਿਤਾਂ ਇਹ ਮੰਨੀਆਂ ਗਈਆਂ ਹਨ—

1. ਕੇਸਾਂ ਦੀ ਬੇਅਦਬੀ :

ਇਨ੍ਹਾਂ ਉਪਰ ਵਧੇਰੇ ਬੱਲ ਇਨ੍ਹਾਂ ਦੇ ਵੱਖਰੀ ਹੋਂਦ ਤੇ ਸੁਤੰਤਰਤਾ ਨਾਲ ਸਬੰਧ ਕਾਰਨ ਹੈ। ਪਤਾ ਲਗਦਾ ਹੈ ਕਿ ਇਸ ਸੰਸਥਾ ਵਿਚ ਇਨ੍ਹਾਂ ਸਿਧਾਂਤਾਂ ਦੀ ਕਿੰਨੀ ਅਹਿਮੀਅਤ ਸੀ।

2. ਤੰਬਾਕੂ-ਪਾਨ :

ਉਂਜ ਤਾਂ ਹਰ ਪ੍ਰਕਾਰ ਦਾ ਨਸ਼ਾ ਵਿਵਰਤ ਹੈ, ਪਰ ਤੰਬਾਕੂ ਦਾ ਸਰਵਜਨਕ ਤੌਰ 'ਤੇ ਪ੍ਰਚਲਨ ਵਧੇਰੇ ਖਤਰਨਾਕ ਪ੍ਰਤੀਤ ਹੁੰਦਾ ਸੀ। ਇਸ ਬਾਰੇ ਮੁਗਲ ਬਾਦਸ਼ਾਹਾਂ ਨੇ ਵੀ ਹੁਕਮ ਦਿੱਤੇ।[੬੩] ਹੁੱਕਾ-ਪਾਣੀ ਛੇਕਣਾ, ਆਦਿ ਅਖੌਤਾਂ ਇਸ ਕੁਰੀਤ ਦੇ ਪ੍ਰਚਲਣ ਦੀ ਸ਼ਿਦਤ ਦੱਸਦੀਆਂ ਹਨ, ਜਿਸ ਕਾਰਨ ਇਸ ਸੰਸਥਾ ਵਿਚ ਇਸ ਪੱਖ ਉਪਰ ਜ਼ਿਆਦਾ ਬੱਲ ਦਿੱਤਾ ਗਿਆ।

ਤੁਰਕਣੀ ਸੰਗ :

ਪਰ-ਇਸਤ੍ਰੀ/ਮਰਦ ਨਾਲ ਅਯੋਗ ਸਬੰਧਾਂ ਦੀ ਮਨਾਹੀ ਤਾਂ ਹੈ ਹੀ, ਪਰ ਤੁਰਕਣੀ ਸੰਗ ਉਪਰ ਜ਼ੋਰ ਦੇਣ ਦੇ ਪਿਛੇ ਇਕ ਤਾਂ ਵੇਸਵਾਵਾਂ ਦੇ ਰੂਪ ਵਿਚ ਮੁਸਲਿਮ ਔਰਤਾਂ ਦੇ ਸਰੀਰਕ ਵਪਾਰ ਦੀ ਹੋਂਦ ਜ਼ਿਆਦਾ ਸੀ।[੬੪] ਦੂਜਾ ਇਹ ਵੀ ਖ਼ਤਰਾ ਸੀ ਕਿ ਬਦਲੇ ਦੀ ਭਾਵਨਾ ਹੇਠ ਤੁਰਕ ਔਰਤਾਂ ਨਾਲ ਜ਼ਿਆਦਤੀ ਨਾ ਕੀਤੀ ਜਾ ਸਕੇ।[੬੫] ਇਸ ਵਿਵਰਜਨ ਦਾ ਕਾਰਨ ਸਮਾਜਿਕ ਪੱਖੋਂ ਅਰਾਜਕਤਾ ਦੇ ਨਾਲ-ਨਾਲ ਸਿਹਤ ਦੀ ਰੱਖਿਆ ਤੇ ਖ਼ਤਰਨਾਕ ਬੀਮਾਰੀਆਂ ਤੋਂ ਪ੍ਰਹੇਜ਼ ਤੇ ਰੋਕ-ਥਾਮ ਵੀ ਹੋ ਸਕਦਾ ਹੈ।

ਕੁੱਠਾ ਛਕਣਾ :

ਕੁੱਠਾ ਜਾਂ ਹਲਾਲ ਇਸਲਾਮੀ ਤਰੀਕੇ ਨਾਲ ਜਾਨਵਰ ਨੂੰ ਮਾਰਨਾ ਅਤੇ ਉਸ ਦਾ ਮਾਸ ਖਾਣ ਲਈ ਤਿਆਰ ਕਰਨਾ ਸੀ। ਇਸ ਪਿਛੇ ਵੀ ਸੁਤੰਤਰਤਾ ਦੀ ਧਾਰਣਾ ਸੀ ਜਿਸ ਉਪਰ ਬੰਦਸ਼ ਲੱਗੀ ਹੋਈ ਸੀ ਕਿ ਇਸ ਨਿਰਧਾਰਿਤ ਵਿਧੀ ਤੋਂ ਇਲਾਵਾ ਹੋਰ ਵਿਧੀ ਨਾਲ ਮਾਸ ਤਿਆਰ ਨਹੀਂ ਕੀਤਾ ਜਾ ਸਕਦਾ।[੬੬] ਇਸ ਦਾ ਵਿਰੋਧ ਸੁਤੰਤਰਤਾ

ਦੀ ਭਾਵਨਾ ਦੀ ਅਹਿਮੀਅਤ ਦੀ ਸ਼ਿਦਤ ਦਰਸਾਉਂਦਾ ਹੈ।

ਲੋਕਤੰਤਰੀ ਜਾਂ ਪੰਚਾਇਤੀ ਪ੍ਰਥਾ ਦਾ ਆਰੰਭ ਉਦੋਂ ਹੀ ਹੋ ਗਿਆ ਸੀ ਜਦੋਂ ਗੁਰੂ ਨਾਨਕ ਦੇਵ ਨੇ ਵਿਰਾਸਤ ਦੀ ਥਾਂ ਨਿਯੁਕਤੀ ਦੇ ਸਿਧਾਂਤ ਨੂੰ ਮਾਨਤਾ ਦਿੱਤੀ।[੬੭] ਉਨ੍ਹਾਂ ਨੇ ਆਪਣੇ ਪੁੱਤਰਾਂ ਵਿਚ ਉਤਰ-ਅਧਿਕਾਰੀ ਦੀ ਚੋਣ ਕਰਨ ਦੀ ਥਾਂ ਅਜਿਹੇ ਯੋਗ ਵਿਅਕਤੀ ਨੂੰ ਗੁਰਿਆਈ ਦਾ ਵਾਰਿਸ ਥਾਪਿਆ ਜੋ ਹੱਥੀਂ ਕਿਰਤ ਕਰਨ, ਸੇਵਾ ਕਰਨ, ਹੁਕਮ ਮੰਨਣ ਤੇ ਸੰਗਠਨ ਕਰਨ ਦੀ ਯੋਗਤਾ ਰੱਖਦਾ ਸੀ। ਇਹ ਪਰੰਪਰਾ ਬਣ ਗਈ ਅਤੇ ਅੱਗੇ ਜਾ ਕੇ ਮੰਜੀ ਸੰਸਥਾ ਦੇ ਆਗੂ ਵੀ ਯੋਗਤਾ ਦੇ ਆਧਾਰ ਉਤੇ ਨਿਯੁਕਤ ਕੀਤੇ ਗਏ।[੬੮]

ਮਸੰਦ ਪ੍ਰਥਾ ਵਿਚ ਗਿਰਾਵਟ ਆ ਜਾਣ ਤੋਂ ਬਾਅਦ ਸੰਗਤਾਂ ਦੇ ਸੰਗਠਨ ਲਈ ਪੰਚਾਇਤੀ ਢਾਂਚੇ ਨੂੰ ਹੋਰ ਵਿਆਪਕਤਾ ਨਾਲ ਲਾਗੂ ਕੀਤਾ ਗਿਆ। ਖ਼ਾਲਸਾ ਸਾਜਨਾ ਕਰਕੇ ਸੰਗਤਾਂ ਦੀ ਅਗਵਾਈ ਇਕ ਵਿਅਕਤੀ ਦੀ ਥਾਂ ਪੰਜ ਵਿਅਕਤੀਆਂ ਨੂੰ ਸੌਂਪ ਦਿੱਤੀ ਗਈ। ਪੰਜ ਪਿਆਰਿਆਂ ਦੀ ਅਹਿਮੀਅਤ ਗੁਰੂ ਗੋਬਿੰਦ ਸਿੰਘ ਦੇ ਚਮਕੌਰ ਦੇ ਕਿਲ੍ਹਾ ਤਿਆਗਣ ਤੇ ਦਾਦੂ ਦੁਆਰੇ ਵਾਲੀ ਕਥਾ ਤੋਂ ਪ੍ਰਗਟ ਹੁੰਦੀ ਹੈ।[੬੯] ਉਨ੍ਹਾਂ ਨੇ ਜੋਤੀ-ਜੋਤਿ ਸਮਾਉਣ ਸਮੇਂ ਪੰਥ ਤੇ ਗ੍ਰੰਥ ਨੂੰ ਗੁਰਿਆਈ ਬਖ਼ਸ਼ ਦਿੱਤੀ।[੭੦]

ਪੰਥ ਸੰਸਥਾ ਨੇ ਸੰਘਰਸ਼ ਕਾਲ ਵਿਚ ਕੌਮ ਦੀ ਅਗਵਾਈ ਕੀਤੀ। ਇਸ ਨਾਲ ਸਬੰਧਿਤ ਹੋਰ ਸੰਸਥਾਵਾਂ ਗੁਰਮਤਾ, ਦਲ ਖਾਲਸਾ ਤੇ ਸਰਬੱਤ ਖ਼ਾਲਸਾ ਹਨ। ਦਲ ਖ਼ਾਲਸਾ, ਖ਼ਾਲਸਾ ਪੰਥ ਦੀ ਸੈਨਾ ਸੀ। ਸਰਬੱਤ ਖ਼ਾਲਸਾ ਵਿਚ ਸਾਰੀਆਂ ਸੰਗਤਾਂ ਸ਼ਾਮਲ ਸਨ। ਗੁਰਮਤਾ ਅਜਿਹੀ ਸੰਸਥਾ ਸੀ ਜੋ ਸਰਬੱਤ ਖ਼ਾਲਸਾ ਤੇ ਦਲ ਖ਼ਾਲਸਾ ਦੀ ਹਰ ਕਿਸਮ ਦੇ ਮਸਲਿਆਂ ਵਿਚ ਅਗਵਾਈ ਕਰਦੀ ਸੀ। ਅਕਾਲ ਤਖ਼ਤ ਤੇ (ਜਾਂ ਜਦੋਂ ਪਰਿਸਥਿਤੀਆਂ ਮੁਤਾਬਕ ਜਿਥੇ ਸੰਭਵ ਹੋਵੇ) ਸਰਬੱਤ ਖ਼ਾਲਸਾ ਦੀ ਮੀਟਿੰਗ ਬੁਲਾਈ ਜਾਂਦੀ ਸੀ। ਇਸ ਵਿਚ ਸਰਬੱਤ ਸੰਗਤ ਜਾਂ ਉਸ ਦੇ ਨੁਮਾਇੰਦੇ (ਜਿਵੇਂ ਸੰਭਵ ਹੋਵੇ) ਹਾਜ਼ਰ ਹੁੰਦੇ ਸਨ। *ਗੁਰੂ ਗ੍ਰੰਥ ਸਾਹਿਬ* ਤੇ *ਸ੍ਰੀ ਦਸਮ ਗ੍ਰੰਥ* ਦੀ ਹਜ਼ੂਰੀ ਵਿਚ, ਇਨ੍ਹਾਂ ਦੀ ਅਗਵਾਈ ਲੈ ਕੇ ਸਬੰਧਿਤ ਸਮੱਸਿਆਵਾਂ ਬਾਰੇ ਸਰਬੱਤ ਖ਼ਾਲਸਾ ਵੱਲੋਂ ਗੁਰਮਤਾ ਪਾਸ ਕੀਤਾ ਜਾਂਦਾ ਅਤੇ ਉਸ ਦੇ ਅਨੁਸਾਰ ਕਾਰਵਾਈਆਂ ਕੀਤੀਆਂ ਜਾਂਦੀਆਂ।[੭੧] ਗਿ. ਗਿਆਨ ਸਿੰਘ ਨੇ ਤਰਨਾ ਦਲ ਦੇ ਪੰਜ ਜਥੇ ਬਣਾਉਣ, ਰਾਮਗੜ੍ਹ ਦਾ ਕਿਲ੍ਹਾ ਤਿਆਰ ਕਰਨ, ਸਰਹੰਦ ਉਤੇ ੧੮੨੦ ਬਿ. ਨੂੰ ਹਮਲਾ ਕਰਨ ਸਮੇਂ ਗੁਰਮਤੇ ਕਰਨ ਦਾ ਉਲੇਖ ਕੀਤਾ ਹੈ।[੭੨] ਰਤਨ ਸਿੰਘ ਭੰਗੂ ਨੇ ਵੀ ਸਰਹੰਦ ਤੇ ਹਮਲਾ ਕਰਨ ਬਾਰੇ ਗੁਰਮਤੇ ਬਾਰੇ ਦੱਸਿਆ ਹੈ।[੭੩] ਇਉਂ ਇਹ ਪੰਚਾਇਤੀ ਸੰਸਥਾਵਾਂ ਅਠਾਰ੍ਹਵੀਂ ਸਦੀ ਵਿਚ ਕਾਰਜਸ਼ੀਲ ਰਹੀਆਂ ਹਨ। ਇਸ ਤਰ੍ਹਾਂ ਪੰਜ ਪਿਆਰਿਆਂ ਦੀ ਸੰਸਥਾ ਪੰਚਾਇਤੀ ਤੇ ਲੋਕ-ਰਾਜੀ ਸੰਸਥਾਵਾਂ ਦਾ ਆਧਾਰ ਮੰਨੀ ਜਾ ਸਕਦੀ ਹੈ।

ਹਵਾਲੇ ਤੇ ਟਿੱਪਣੀਆਂ

੧. ਜਾਤੀ ਦੈ ਕਿਆ ਹਥਿ ਸਚੁ ਪਰਖੀਐ ॥ ਫਕੜ ਜਾਤੀ ਫਕੜੁ ਨਾਉ ॥ ਸਭਨਾ ਜੀਆ ਇਕਾ ਛਾਉ ॥
(ਗੁਰੂ ਗ੍ਰੰਥ, ਪੰਨਾ ੮੩, ੧੪੨)

੨. ਸੰਤਾਨ ਖਤ੍ਰੀ ਮੈਂ ਭਇਯੋ ਨਾਉ ਦੈਆ ਸਿੰਘੁ ਵਖਾਨੀਐ ।
ਨਾਉ ਕਹਿਯੋ ਮੁਹਕਮ ਸਿੰਘ-ਘਰ ਜਨਮ ਛੀਪੇ ਕੇ ਭਇਯੋ ।
ਸ਼ਹੀਦ ਸਾਹਿਬ ਸਿੰਘ ਮੈਂ-ਘਰ ਜਨਮ ਬਾਲ ਕਟਾਰਿਆ ।
ਨਾਉ ਧਰਮ ਸਿੰਘ ਹਠੀਲੜਾ ਭਵ ਲੈਆ ਮੈਂ ਕ੍ਰਿਸਾਨ ਕੈ ।
ਨਾਉ ਕਹਿਯੋ ਹਿਮਤੀ ਸਿੰਘੁ ਮੇਰਾ ਜਲ ਭਰਾਂ ਘਰ ਜਾਇਆ ।
(ਵੀਰ ਸਿੰਘ ਬਲ, ਸਿੰਘ ਸਾਗਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ੧੯੮੫, ਪੰਨਾ ੬੮)

੩. ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥ (ਗੁਰੂ ਗ੍ਰੰਥ, ਪੰਨਾ ੧੫)

੪. ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ॥
ਉਹੀ, (ਪੰਨਾ ੧੬੭)

੫. ਗਰੀਬਾ ਉਪਰਿ ਜਿ ਖਿੰਜੈ ਦਾੜੀ ॥ ਪਾਰਬ੍ਰਹਮਿ ਸਾ ਅਗਨਿ ਮਹਿ ਸਾੜੀ ॥੧॥ ਗਰੀਬੀ ਗਦਾ ਹਮਾਰੀ ॥
ਖੰਨਾ ਸਗਲ ਰੇਨੁ ਛਾਰੀ ॥
ਉਹੀ, (ਪੰਨਾ ੧੯੯, ੬੨੮)

੬. ਹਾਥੀ ਕੀ ਚਿੰਘਾਰ ਪਲ ਪਾਛੈ ਪਹੁਚਤ ਤਾਹਿ ਚੀਟੀ ਕੀ ਪੁਕਾਰ ਪਹਿਲੇ ਹੀ ਸੁਨੀਅਤੁ ਹੈ ॥
(ਦਸਮ ਗ੍ਰੰਥ, ਪੰਨਾ ੩੬)

੭. ਨਮੋ ਲੋਕ ਲੋਕੇਸ੍ਵਰੰ ਲੋਕ ਨਾਥੇ ॥ ਉਹੀ, ਪੰਨਾ ੧੨੭, ੩

੮. ਮਹਾਂਭਾਰਤ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਕਰਣ ਪਰਵ ਅਧਿਆਇ ੪੦.

੯. ਵਾਸੀ ਮੋਹ ਲਹੌਰ ਦਯਾਲਾ । ਨਾਮ ਦਯਾ ਸਿੰਘ ਦਾਸ ਕ੍ਰਿਪਾਲਾ ।
ਮੁਹਕਮ ਸਿੰਘ ਨਾਮ ਦੁਤਿ ਗਾਯੋ । ਵਾਸੀ ਦਵਾਰਾਵਤੀ ਜਿਤਾਯੋ ।
ਸਾਹਿਬ ਸਿੰਘ ਨਾਮ ਇਕ ਕਹਾ । ਵਾਸੀ ਬਿਦਰ ਦਛਨੈ ਅਹਾ ।
ਚਤੁਰਥ ਧਰਮ ਸਿੰਘ ਅਵਿਨਾਸੀ । ਹਸਤਨਾਪੁਰਾ ਜਵਨ ਕਾ ਵਾਸੀ ।
ਪੰਚਮ ਹਿਮਤ ਸਿੰਘ ਜਨਾਯੋ । ਵਾਸੀ ਸ੍ਰੀ ਜਗਨਨਾਥ ਗਨਾਯੋ ।
(ਸੁਖਾ ਸਿੰਘ, ਗੁਰ ਬਿਲਾਸ, ਭਾਸ਼ਾ ਵਿਭਾਗ, ਪੰਜਾਬ,
ਪਟਿਆਲਾ, ੧੯੭੦, ਪੰਨਾ ੬੮)

੧੦. ਬੰਗ ਕੇ ਬੰਗਾਲੀ ਫਿਰਹੰਗ ਕੇ ਫਿਰੰਗਾਵਾਲੀ
ਦਿੱਲੀ ਕੇ ਦਿਲਵਾਲੀ ਤੇਰੀ ਆਗਜ਼ਾ ਮੈ ਚਲਤ ਹੈਂ ॥
ਰੋਹ ਕੇ ਰੁਹੇਲੇ ਮਾਘ ਦੇਸ ਦੇ ਮਘੇਲੇ
ਬੀਰ ਬੰਗਸੀ ਬੁੰਦੇਲੇ ਪਾਪ ਪੁੰਜ ਕੋ ਮਲਤ ਹੈ । (ਦਸਮ ਗ੍ਰੰਥ, ਪੰਨਾ ੩੬)

੧੧. ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨ ਡਰਾਇਆ ॥
ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ ॥
ਰਾਜੇ ਸੀਹ ਮੁਕਦਮ ਕੁਤੇ ॥ ਜਾਇ ਜਗਾਇਨਿ ਬੈਠੇ ਸੁਤੇ ॥...
(ਗੁਰੂ ਗ੍ਰੰਥ, ਪੰਨਾ ੩੬੦, ੧੨੮੮)

੧੨. ਯਾਹੀ ਕਾਜ ਧਰਾ ਹਮ ਜਨਮੰ ॥
ਸਮਝ ਲੇਹੁ ਸਾਧੂ ਸਭ ਮਨਮੰ ॥
ਧਰਮ ਚਲਾਵਨ ਸੰਤ ਉਬਾਰਨ ॥
ਦੁਸ਼ਟ ਸਭਨ ਕੋ ਮੂਲ ਉਪਰਨ ॥

ਦਸਮ ਗ੍ਰੰਥ, ਪੰਨੇ ੫੭-੫੮

੧੩. ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ ॥
ਹਲਾਲ ਅਸਤੁ ਬੁਰਦਨ ਸ਼ਮਸ਼ੇਰ ਦਸਤ ॥੨੨॥

(ਉਹੀ, ਪੰਨਾ ੧੩੯੦)

੧੪. ਮਨੂ ਸਮ੍ਰਿਤਿ *ਬੀਸ ਸਿਮ੍ਰਿਤੀਆਂ*, ਸੰਸਕ੍ਰਿਤੀ ਸੰਸਥਾਨ, ਖਵਾਜਾ ਕੁਤਬ, ਬਰੇਲੀ, ੧੯੬੬.

੧੫. ਲਿਖਿ ਲਿਖਿ ਪੜਿਆ ॥ ਤੇਤਾ ਕੜਿਆ ॥
... .
ਪੜਿ ਪੜਿ ਗਡੀ ਲਦੀਅਹਿ ॥

(ਗੁਰੂ ਗ੍ਰੰਥ, ਪੰਨਾ ੪੬੭)

੧੬. ਗੁਰ ਪਰਸਾਦੀ ਵਿਦਿਆ ਵੀਚਾਰੈ ਪੜਿ ਪੜਿ ਪਾਵੈ ਮਾਨੁ ॥ *(ਉਹੀ, ਪੰਨਾ ੧੩੨੯)*
ਵਿਦਿਆ ਵੀਚਾਰੀ ਤਾਂ ਪਰਉਪਕਾਰੀ ॥ *(ਉਹੀ, ੩੫੬)*

੧੭. ਜਪੁਜੀ ਜਾਪ ਪੜੇ ਚਿਤ ਲਾਇ ॥
ਬਿਨ ਜਪੁ ਜਾਪੁ ਜਪੇ ਜੋ ਜੇਵਹਿ ਪ੍ਰਸਾਦਿ ॥
ਸੋ ਬਿਸਟਾ ਕਾ ਕਿਰਮ ਹੁਇ ਜਨਮ ਗਵਾਵੈ ਬਾਦ ॥

(ਪਿਆਰਾ ਸਿੰਘ ਪਦਮ, ਰਹਿਤਨਾਮੇ, ਕਲਮ ਮੰਦਰ, ਲੋਅਰ ਮਾਲ, ਪਟਿਆਲਾ, ੧੯੭੪ ਪੰਨੇ ੪੩, ੫੪)

੧੮. ਰਾਇਜਸਬੀਰ ਸਿੰਘ, 'ਸਿਧ ਗੋਸਟਿ ਦਾ ਮੂਲ ਉਦੇਸ਼', *ਗੁਰੂ ਨਾਨਕ ਬਾਣੀ ਦਾ ਵਿਸ਼ਵ ਵਿਆਪੀ ਨਜ਼ਰੀਆ*, ਗੁਰੂ ਨਾਨਕ ਅਧਿਐਨ ਵਿਭਾਗ
ਗੁ. ਨਾ. ਦੇ. ਯੂਨੀ. (ਅੰਮ੍ਰਿਤਸਰ, ੧੯੯੮, ਪੰਨੇ ੪੪-੪੫)

੧੯. ਅਰੂਪ ਹੈਂ ॥ ਅਨੂਪ ਹੈਂ ॥ ਅਜੂਪ ਹੈਂ ॥ ਅਭੂਪ ਹੈਂ ॥੨੯॥
ਨਮੋ ਸਰਬ ਕਰਤਾ ॥ ਨਮੋ ਸਰਬ ਹਰਤਾ ॥੨੭॥
ਨਮੋ ਸਰਬ ਦਜਾਲੈ ॥ ਨਮੋ ਸਰਬ ਪਾਲੇ ॥੨੮॥

(ਦਸਮ ਗ੍ਰੰਥ, ਪੰਨਾ ੨)

੨੦. ਸਰਬ ਕਾਲ (ਜਾਪੁ ੧੯) ਲੋਕਮਾਤਾ (ਜਾਪੁ ੫੨) ਸਰਬ ਲੋਹ (ਅ. ਉ.) ਮਹਾਲੋਹ, ਮਹਾਕਾਲ (ਕਿ. ਅ. ੪੩੫) ਅਸਿ ਪਾਨ (ਗ. ਅ. ੮੬੩) ਖੜਗ ਕੇਤ (ਬੇ. ਚੌ. ੨੫)
ਉਹੀ, ਪੰਨੇ ੨, ੩, ੧੧, ੩੧੦, ੨੫੪, ੧੩੮੮

੨੧. ਰਾਇਜਸਬੀਰ ਸਿੰਘ, ਸਿਧ ਗੋਸਟਿ ਦਾ ਮੂਲ ਉਦੇਸ਼, *ਗੁਰੂ ਨਾਨਕ ਬਾਣੀ ਦਾ ਵਿਸ਼ਵ ਵਿਆਪੀ ਨਜ਼ਰੀਆ*, (ਪੰਨੇ ੪੪-੪੫

੨੨. ਪੜਿ ਪੁਸਤਕ ਸੰਧਿਆ ਬਾਦੰ ॥ ਸਿਲ ਪੂਜਸਿ ਬਗੁਲ ਸਮਾਧੰ ॥.......
ਕਹੁ ਨਾਨਕ ਨਿਰਚਉ ਧਿਆਵੈ ॥ ਵਿਣੁ ਸਤਿਗੁਰ ਵਾਟ ਨ ਪਾਵੈ ॥

(ਗੁਰੂ ਗ੍ਰੰਥ, ਪੰਨਾ ੪੭੦)

ਖੂਕ ਮਲਹਾਰੀ ਗਜ ਗਦਹਾ ਬਿਭੂਤ ਧਾਰੀ
ਗਿਦੂਆ ਮਸਾਨ ਬਾਸ ਕਰਿਓਈ ਕਰਤ ਹੈ ॥
ਅੰਗਨਾ ਅਧੀਨ ਕਾਮ ਕ੍ਰੋਧ ਮੈ ਪ੍ਰਬੀਨ
ਏਕ ਗਯਾਨ ਕੇ ਬਿਹੀਨ ਛੀਨ ਕੈਸੇ ਕੈ ਤਰਤ ਹੈ ॥

(ਦਸਮ ਗ੍ਰੰਥ, ਪੰਨਾ ੧੭)

ਪਾਹਨ ਕੀ ਪੂਜਾ ਕਰੈ ਸਿਖ ਨਾ ਨਿਵਾਵਹਿ ਸੀਸ ।
ਸੋ ਸਾਕਤ ਨਿਗੁਰਾ ਸਦਾ ਮਾਰਿਐ ਸ੍ਰੀ ਜਗਦੀਸ ।

ਛਾਡ ਸਿਖਨ ਕੇ ਚਰਨ ਕਉ ਲਏ ਪੰਥ ਨੋ ਅਉਰ।
ਐਥਹਿ ਓਥਹਿ ਦੁਖ ਲਹੈ ਗੁਰ ਸਿਖਨ ਕੋ ਚੋਰ।

ਪਿਆਰਾ ਸਿੰਘ ਪਦਮ, ਉਹੀ ਪੁਸਤਕ, ਪੰਨਾ ੫੪

੨੩. ਸੁਣਿ ਮੁੰਧੇ ਹਰਣਾਖੀਏ ਗੂੜਾ ਵੈਣ ਅਪਾਰੁ ॥
ਪਹਿਲਾ ਵਸਤੁ ਸਿਞਾਣਿ ਕੈ ਤਾਂ ਕੀਚੈ ਵਾਪਾਰੁ ॥

(ਗੁਰੂ ਗ੍ਰੰਥ, ਪੰਨਾ ੧੪੧੦)

੨੪. ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ ॥ *ਉਹੀ, ਪੰਨਾ ੬੪੧*

੨੫. ਧਰਮ ਕਿਰਤ ਪਾਇ, ਦੂਸਰੇ ਪੰਥ ਮਾਰਗ ਕੀ ਮੜ੍ਹੀ ਨ ਸੇਵੈ, ਮਠ, ਬ੍ਰਤ, ਤੀਰਥ, ਦੇਵੀ, ਦੇਵਤਾ, ਬਰਤ, ਪੂਜਾ ਅਰਚ, ਮੰਤ੍ਰ, ਪੀਰ ਪੁਰਖ, ਬ੍ਰਾਹਮਨ ਪੂਛਨਾ, ਤਰਪਨ, ਗਾਇਤ੍ਰੀ ਸੰਧਯਾ ਹੋਰ ਕਿਤੇ ਵਲਿ ਚਿਤ ਦੇਵੈ ਨਾਹੀ ॥

(ਪਿਆਰਾ ਸਿੰਘ ਪਦਮ, ਉਹੀ ਪੁਸਤਕ, ਪੰਨੇ ੫੯)

੨੬. ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰੁ ਸੁਣਿਆ ਧਾਇਆ ॥
ਥਾਨ ਮੁਕਾਮ ਜਲੇ ਬਿਜ ਮੰਦਰ ਮੁਛਿ ਮੁਛਿ ਕੁਇਰ ਰੁਲਾਇਆ ॥
ਕੋਈ ਮੁਗਲੁ ਨ ਹੋਆ ਅੰਧਾ ਕਿਨੈ ਨ ਪਰਚਾ ਲਾਇਆ ॥

ਗੁਰੂ ਗ੍ਰੰਥ, ਪੰਨੇ ੪੧੭-੧੮.

੨੭. ਆਂਟ ਸੇਤੀ ਨਾਕੁ ਪਕੜਹਿ ਸੂਝਤੇ ਤਿਨਿ ਲੋਅ ॥
ਮਗਰ ਪਾਛੈ ਕਛੁ ਨ ਸੂਝੈ ਏਹੁ ਪਦਮੁ ਅਲੋਅ ॥

(ਉਹੀ, ਪੰਨਾ ੬੬੨-੬੩)

੨੮. ਸਰੂਪ ਦਾਸ ਭੱਲਾ, *ਮਹਿਮਾ ਪ੍ਰਕਾਸ਼*, ਭਾਸ਼ਾ ਵਿਭਾਗ, ਪੰਜਾਬ, *ਪਟਿਆਲਾ* ੧੯੭੦, ਪੰਨੇ ੫੦-੫੧.

੨੯. ਆਦਿ ਸਾਖੀਆਂ, ਪੰਨੇ ੨੩-੨੪ ਬੀ ੪੦, ਜਨਮ ਸਾਖੀ, ਗੁਰੂ ਨਾਨਕ ਦੇਵ ਜੀ, ਪੰਨਾ ੭੫ ਮਨੂ ਸਮ੍ਰਿਤਿ, ਉਹੀ ਪੁਸਤਕ, ੮.੨੦

੩੦. ਕਨਕ ਕਾਂਮਨੀ ਤਿਆਗੈ ਕੋਇ ॥ ਜੋ ਜੋਗੇਸਵਰ ਨਿਰਭੈ ਹੋਇ ॥ ੧੦੨ (ਸਬਦੀ) ਅੰਜਨ ਛੋਡਿ ਨਿਰੰਜਨ ਰਹੈ ॥ ਤਾ ਕੂ ਗੋਰਖ ਜੋਗੀ ਕਹੈ ॥ ੨੩੦ (ਸਬਦੀ) ਗੋਰਖ ਬਾਣੀ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ੧੯੬੩, ਪੰਨੇ ੫੬, ੯੯

੩੧. ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥

(ਗੁਰੂ ਗ੍ਰੰਥ, ਪੰਨਾ ੪੬੩)

੩੨. ਗੁਰਮੁਖਿ ਧਰਤੀ ਸਾਚੈ ਸਾਜੀ ॥

(ਉਹੀ, ਪੰਨਾ ੯੪੧)

੩੩. ਆਪੇ ਛਿੰਝ ਪਵਾਇ ਮਲਾਖਾੜਾ ਰਚਿਆ ॥
ਲਥੇ ਭੜਥੂ ਪਾਇ ਗੁਰਮੁਖਿ ਮਚਿਆ ॥
ਮਨਮੁਖ ਮਾਰੇ ਪਛਾੜਿ ਮੂਰਖ ਕਚਿਆ ॥

(ਉਹੀ, ਪੰਨਾ ੧੨੮੦)

੩੪. ਮਨੂੰ ਸਮ੍ਰਿਤਿ, *ਉਹੀ ਪੁਸਤਕ*, ਪ. ੧੪੯

੩੫. ਬਾਘਨੀ ਨੋ ਨਿੰਦਿ ਲੈ ਬਾਘਨੀ ਕੌ ਬਿੰਦਿ ਲੈ ਬਾਘਨੀ ਹਮਾਰੀ ਕਾਯਾ।
ਬਾਘਨੀ ਘੋਖਿ ਘੋਖਿ ਸੁੰਦਰ ਖਾਏ ਭਣਤ ਗੋਰਖ ਰਾਯਾ ॥

(ਗੋਰਖਬਾਣੀ ਪੰਨਾ ੧੪੭)

੩੬. ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ।
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ।
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥

(ਗੁਰੂ ਗ੍ਰੰਥ, ਪੰਨਾ ੪੭੩)

੩੭. ਦਸਮ ਗ੍ਰੰਥ, *ਪੰਨੇ* ੭੪-੧੨੭

ਚਰਿਤ੍ਰ ਨੰ: ੩, ੨੭, ੧੩੪, ੧੪੮, ੨੩੨, ੪੦੪

੩੮. *ਉਹੀ,* ਪੰਨੇ ੮੧੫, ੮੪੯, ੧੦੦੯, ੧੦੩੨, ੧੧੪੩, ੧੩੫੯

੩੯. *ਰਿਗਵੇਦ,* ਸੰਸਕ੍ਰਿਤੀ ਸੰਸਥਾਨ, ਖਵਾਜਾ ਕੁਤਬ, ਬਰੇਲੀ ੧੯੬੨, X. ੯੦.੧੨

੪੦. ਏਕੁ ਪਿਤਾ ਏਕਸ ਕੇ ਹਮ ਬਾਰਿਕ......

(*ਗੁਰੂ ਗ੍ਰੰਥ, ਪੰਨਾ ੬੧੧*)

੪੧. ਹਿੰਦੂ ਤੁਰਕ ਕੋਊ ਰਾਫਜ਼ੀ ਇਮਾਮਸਾਫ਼ੀ
ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ ॥

(*ਦਸਮ ਗ੍ਰੰਥ, ਪੰਨਾ ੧੯*)

੪੨. ਚਰਨ ਧੋਇ ਰਹਿਰਾਸਿ ਕਰਿ ਚਰਣਾਮ੍ਰਿਤੁ ਸਿਖਾਂ ਪੀਲਾਇਆ ॥ ੧.੨੩ *ਵਾਰਾਂ ਭਾਈ ਗੁਰਦਾਸ,* ਖਾਲਸਾ ਸਮਾਚਾਰ, ਅੰਮ੍ਰਿਤਸਰ, ੧੯੬੨, ਪੰਨਾ ੧੯ ਆਦਿ ਸਾਖੀਆਂ, ਪੰਨਾ ੬੩

ਬੀ-੪੦ ਜਨਮ ਸਾਖੀ, ਪੰਨਾ ੧੦੭

ਰਤਨ ਸਿੰਘ ਜੱਗੀ, *ਪੁਰਾਤਨ ਜਨਮ ਸਾਖੀ ਦਾ ਵਿਸ਼ਲੇਸ਼ਣਾਤਮਕ ਅਧਿਐਨ,* ਪੈਪਸੂ ਬੁੱਕ ਡਿਪੋ, ਪਟਿਆਲਾ, ਮਿਤੀ ਰਹਿਤ, ਪੰਨਾ ੨੨੮.

੪੩. ਕੇਸਰ ਸਿੰਘ ਛਿੱਬਰ, *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ,* (ਸੰਪਾ. ਪਿਆਰਾ ਸਿੰਘ ਪਦਮ), ਸਿੰਘ ਬ੍ਰਦਰਜ਼, ਅੰਮ੍ਰਿਤਸਰ, ੧੯੯੭, ਪੰਨੇ ੯੬-੯੭

੪੪. ਮੁਰਦਾ ਹੋਇ ਮੁਰੀਦੁ ਨ ਗਲੀ ਹੋਵਣਾ ॥......
ਪੀਹਣਿ ਹੋਇ ਜਦੀਦ ਪਾਣੀ ਢੋਵਣਾ ॥
ਪਖੇ ਦੀ ਤਾਗੀਦ ਪਗ ਮਲਿ ਧੋਵਣਾ ॥
ਅੰਮ੍ਰਿਤ ਵੇਲੇ ਉਠਿ ਕੈ ਜਾਇ ਅੰਦਰਿ ਦਰੀਆਉ ਨ੍ਹਵੰਦੇ ॥

(*ਵਾਰਾਂ ਭਾਈ ਗੁਰਦਾਸ, ੩.੧੮, ਪੰਨਾ ੭੨, ੬.੩, ਪੰਨੇ ੧੦੪-੧੦੫*)

੪੫. ਲੰਗਰੁ ਚਲੈ ਗੁਰ ਸਬਦਿ ਪੂਰੇ ਪੂਰੀ ਬਣੀ ਬਣਤਾ। (*ਉਹੀ, ੨੪-੨੦, ਪੰਨਾ ੨੬੪*)

ਸਰੂਪ ਦਾਸ ਭੱਲਾ, *ਮਹਿਮਾ ਪ੍ਰਕਾਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ੧੯੭੧, ਭਾਗ ੨, ਪੰਨੇ ੨੧੯, ੨੪੪, ੧੬੭

੪੬. *ਵਾਰਾਂ ਭਾਈ ਗੁਰਦਾਸ,* ੩. ੧੮, ਪੰਨਾ ੭੨

੪੭. *ਆਦਿ ਸਾਖੀਆਂ,* ਪੰਨੇ ੭੨-੭੩, ੮੩-੮੪

ਬੀ-੪੦, ਜਨਮ ਸਾਖੀ, ਪੰਨੇ ੯੦-੯੧

੪੮. ਰਾਇਜਸਬੀਰ ਸਿੰਘ, *ਗੁਰੂ ਗ੍ਰੰਥ ਵਿਚ ਬ੍ਰਹਮ ਦਾ ਸੰਕਲਪ,* ਨਵੀਨ ਪ੍ਰਕਾਸ਼ਨ, ਅੰਮ੍ਰਿਤਸਰ, ੧੯੭੯ ਪੰਨਾ ੩੯.

੪੯. *ਦਸਮ ਗ੍ਰੰਥ,* ਪੰਨੇ ੧੧, ੩੧੦, ੨੫੪, ੧੩੯੮

੫੦. *ਉਹੀ,* ਪੰਨੇ ੫੭-੫੮

੫੧. ਸਰਬ ਲੋਹ ਕੀ ਕਰਦ ਕਾਲ ਜੀ ਦਈ, ਯੁੱਧ ਕੇ ਵਾਸਤੇ ॥ ਗਾੜ੍ਹੇ ਸ੍ਰੀ ਸਾਹਿਬ ਹਾਥ ਜੋੜਿ ਖੜਾ ਰਹੈ ॥

ਪਿਆਰਾ ਸਿੰਘ, ਪਦਮ, ਉਹੀ ਪੁਸਤਕ, ਪੰਨਾ ੫੭

੫੨. ਜਿਵੇਂ ਰਾਜਪੂਤ ਵਿਅਕਤੀਆਂ ਦੇ ਨਾਵਾਂ ਨਾਲ ਸਿੰਘ ਤੇ ਔਰਤਾਂ ਦੇ ਨਾਵਾਂ ਨਾਲ ਕੌਇਰ ਦੀ ਵਰਤੋਂ ਹੁੰਦੀ ਸੀ। ਪਰ ਅਜਿਹਾ ਸਾਰਿਆਂ ਉਪਰ ਲਾਗੂ ਨਹੀਂ ਸੀ। ਵੇਖੋ M. Athar Ali, *The Mughal Nobility Under Aurangzeb,* Asia Publishing House, Bombay, 1970, No. 11, 21, 32, 54, 71 pp. 176, 177, 178, 180, 181, etc.

ਦਸਮ ਗ੍ਰੰਥ, ਰੂਪ ਕੁਅਰ, ਪੰਨਾ ੮੩੮, ਪ੍ਰੇਮ ਕੁਅਰ, ਪੰਨਾ ੮੪੮, ਲਾਡਮ ਕੁਅਰ, ਪੰਨਾ ੮੯੯, ਸਮਤਿ ਕੁਅਰ, ਪੰਨਾ ੧੦੦੨, ਸੰਖ ਕੁਅਰ ਪੰਨਾ ੧੦੯੯ ਆਦਿ।

੫੩. ਸਿਰ ਗੁੰਮਨ ਕੇ ਮੁਖ ਨਹੀਂ ਲਾਗੋ ॥੧੩੫॥
... ...
ਸੰਗਤ ਭਦਰ ਮਤਿ ਕਰੋ ਖੁਰ ਨ ਲਾਵਉ ਸੀਸ ॥੧੪੦॥

... ...
ਹੁਕਾ ਨ ਪੀਵੈ ਸੀਸ ਦਾੜੀ ਨ ਮੁੰਡਾਵੈ ॥੧੯੬॥
ਸੈਨਾਪਤਿ, *ਸ੍ਰੀ ਗੁਰ ਸੋਭਾ*, ਪੰਨੇ ੨੨, ੨੩, ੨੪
ਕੰਘਾ ਦੋਨਉ ਵਕਤ ਕਰ ਪਾਗ ਚੁਨਹਿ ਕਰ ਬਾਧਈ ॥ *(ਤਨਖਾਹਨਾਮਾ ਭਾਈ ਨੰਦ ਲਾਲ)*
ਅੰਮ੍ਰਿਤ ਛਕਨੇ ਵਾਲੇ ਨੂੰ ਪਹਿਲੇ ਕੁਛ ਪਹਰਾਨੀ, ਕੇਸ ਇਕੱਠੇ ਕਰ ਜੂੜਾ ਦਸਤਾਰ ਸਜਾਵਨੀ, ਗਾਤ੍ਰੇ ਸ੍ਰੀ ਸਾਹਿਬ ਹਾਥ ਜੋੜਿ ਖੜਾ ਰਹੇ । *(ਰਹਿਤਨਾਮਾ ਦਯਾ ਸਿੰਘ)*
ਕੰਘਾ ਦ੍ਵੈ ਕਾਲ ਕਰੈ । ਪਾਗ ਚੁਨ ਕੈ ਬਾਧੇ, ਕਛ ਪਾਂਚ ਗਜ ਵ ਢਾਈ ਗਜ ਕੁ ਹੈ ।
(ਪਿਆਰਾ ਸਿੰਘ ਪਦਮ, ਰਹਿਤਨਾਮੇ ਉਹੀ, ਪੰਨੇ ੪੫, ੫੭)
ਕਛ ਕੇਸ ਔ ਰਹਿਤ ਜੁ ਸਾਗੀ ॥
ਸੋ ਲੈ ਮਧਿ ਅਤਿ ਮੈ ਧਾਗੀ ॥ *(ਸੁਖਾ ਸਿੰਘ, ਗੁਰਬਿਲਾਸ, ਪੰਨਾ ੧੮੨)*
ਜਟਾ ਜੂਟ ਨਖ ਸਿਖ ਕਰ ਪਾਵਨ ਭਗਤ ਸੂਰ ਦਵ ਰੂਪ ਨਰਵਰ ਕੋ ੧-੪
ਕਛ ਕੇਸ ਕ੍ਰਿਪਾਨਨ ਮੁਦ੍ਰਿਤ ਗੁਰ ਭਗਤਾ ਰਾਮਦਾਸ ਭਏ ੧-੫
ਸ੍ਰੀ ਸਰਬਲੋਹ ਗ੍ਰੰਥ ਸਾਹਿਬ ਜੀ, ਸ਼੍ਰੋ. ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਸ੍ਰੀ ਆਨੰਦਪੁਰ ਸਾਹਿਬ, ਮਿਤੀ ਰਹਿਤ, ਭਾਗ ੨, ਅਧਿ. ੫, ਪੰਨਾ ੬੪੫.
ਨਾਈ ਕਾ ਹਥੁ ਸੀਸ ਚਿਹਰੇ ਲਗਨੇ ਨ ਪਾਵੈ । ਕੇਸਾਧਾਰੀ ਸਿਖ ਗੁਰ ਕਾ ਪੰਥ ਕਹਾਵੈ ॥
(ਕੇਸਰ ਸਿੰਘ ਛਿਬਰ, ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ, ਪੰਨੇ ੧੫੪-੧੫੭.)
ਕੇਸਾਧਾਰੀ ਸਭ ਕੋ ਕੀਨਾ ।
ਸਸਤ੍ਰ ਸਜੇ ਦਰਸਨ ਕੋ ਆਵੈ ॥
(ਸਰੂਪ ਦਾਸ ਭੱਲਾ, ਮਹਿਮਾ ਪ੍ਰਕਾਸ਼, ਪੰਨੇ ੮੨੬, ੮੨੮)

੫੪. ਕੇਸ ਸੰਗਿ ਦਾਸ ਪਗ ਝਾਰਉ ਇਹੈ ਮਨੋਰਥ ਮੋਰ ॥
ਕੇਸਾ ਕਾ ਕਰਿ ਬੀਜਨਾ ਸੰਤ ਚਉਰੁ ਢੁਲਾਵਉ ॥ *(ਗੁਰੂ ਗ੍ਰੰਥ, ਪੰਨਾ ੫੦੦, ੭੪੫)*

੫੫. *ਮਨੂ ਸਮ੍ਰਿਤਿ*, ੭. ੯੧, ੮. ੨੯੩

੫੬. *The Holy Bible*, The British and Foreigh Bible Society, London, 1968, Judges, Ch. 13-16, pp. 295-98

੫੭. Ganda Singh, *Banda Singh Bahadar*, Panjabi University, Patiala, 1990 pp. 142-43

੫੮. ਸਾਕੀ ਮੁਸਤਾਅਦ ਖਾਂ, *ਮੁਆਸਰਿ ਆਲਮਗੀਰੀ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, ੧੯੭੭, ਪੰਨਾ ੩੩੭

੫੯. ਅਸ ਕ੍ਰਿਪਾਨ ਖੰਡੋ ਖੜਗ ਤੁਪਕ ਤਬਰ ਅਰੁ ਤੀਰ ॥
ਸੈਫ ਸਰੋਹੀ ਸੈਹਥੀ ਯਹੈ ਹਮਾਰੈ ਪੀਰ ॥੩॥ *(ਦਸਮ ਗ੍ਰੰਥ, ਪੰਨੇ ੭੧੭-੮੦੮)*

੬੦. ਪਿਆਰਾ ਸਿੰਘ ਪਦਮ, *ਰਹਿਤਨਾਮੇ*, ਪੰਨਾ ੨੫

੬੧. *ਉਹੀ*, ਪੰਨਾ ੨੬

੬੨. ਜੀਵਨ ਮੁਕਤੁ ਜਾ ਸਬਦੁ ਸੁਣਾਏ ॥ ਸਚੀ ਰਹਤ ਸਚਾ ਸੁਖੁ ਪਾਏ ॥
ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ ॥
(ਗੁਰੂ ਗ੍ਰੰਥ, ਪੰਨੇ ੧੩੪੩, ੫੬)

੬੩. ਸੁਜਾਨ ਰਾਇ ਭੰਡਾਰੀ, *ਖੁਲਾਸਤੁ ਤਵਾਰੀਖ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, ੧੯੭੨, ਪੰਨੇ ੪੭੦-੭੧

੬੪. ਪਿਆਰਾ ਸਿੰਘ ਪਦਮ, *ਰਹਿਤਨਾਮੇ*, ਪੰਨਾ ੨੮

੬੫. ਪੁਨ ਸਿੰਘਨਿ ਬੂਝੇ ਗੁਨ ਖਾਨੀ ॥
ਬ੍ਰਿੰਦ ਤੁਰਕ ਭੋਗੇ ਹਿੰਦਵਾਨੀ ॥
ਸਿਖ ਬਦਲਾ ਲੇ ਭਲਾ ਜਨਾਇ ॥
ਕਯੋ ਗੁਰ ਸਾਸਤ੍ਰ ਬਰਜਿ ਹਟਾਇ ॥੧੮॥
ਸੁਨਿ ਸਤਿਗੁਰ ਬੋਲੇ ਤਿਸ ਬੇਰੇ ॥

ਹਮ ਲੈ ਜਾਨੋ ਪੰਥ ਉਚੇਰੇ ॥
ਨਹੀਂ ਅਧੋਗਤਿ ਬਿਖੈ ਪੁਚਾਵੈ ।
ਯਾਤੇ ਕਲਮਲ ਕਰਨ ਹਟਾਵੈ ॥੧੯॥
ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ੧੯੭੭, ਭਾਗ ੮, ਰੁਤਿ ੬, ਅੰਸੂ ੨੦, ਪੰਨਾ ੮੫.

੬੬. ਗੁਰੂ ਨਾਨਕ ਦੇਵ ਵਾਰ ਆਸਾ ਵਿਚ ਦੱਸਦੇ ਹਨ :-
ਮਾਣਸ ਖਾਣੇ ਕਰਹਿ ਨਿਵਾਜ ॥ ਛੁਰੀ ਵਗਾਇਨਿ ਤਿਨ ਗਲਿ ਤਾਗ ॥
ਅਭਾਖਿਆ ਕਾ ਕੁਠਾ ਬਕਰਾ ਖਾਣਾ ॥ ਚਉਕੇ ਉਪਰਿ ਕਿਸੈ ਨ ਜਾਣਾ ॥ (*ਗੁਰੂ ਗ੍ਰੰਥ*, ਪੰਨਾ ੪੭੧-੭੨)

੬੭. ਆਦਿ ਸਾਖੀਆਂ, ਪੰਨੇ ੭੨, ੮੦, ੮੩, ੮੪, ੯੦, ੯੭-੯੮, *ਬੀ-੪੦ ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ*, ਪੰਨੇ ੮੫-੮੮, ੯੧.

੬੮. ਰਾਇਜਸਬੀਰ ਸਿੰਘ, *ਗੁਰੂ ਅਮਰਦਾਸ : ਸ੍ਰੋਤ ਪੁਸਤਕ*, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ੧੯੯੬, ਪੰਨੇ ੪੫੪, ੪੬੮.

੬੯. ਦਯਾ ਸਿੰਘ ਅਰੁ ਧਰਮ ਸਿੰਘ ਜੀ ਮਾਨ ਸਿੰਘ, ਤੀਜੋ ਬਰ ਬੀਰ ॥
ਸੰਤ ਸਿੰਘ ਸੰਤ ਸਿੰਘ ਪੰਚਮ, ਤਿਨਹੁੰ ਬਿਠਾਯੋ ਦੇ ਕਰਿ ਧੀਰ ॥
ਗੁਰਤਾ ਅਰਪਨ ਲਗੇ ਖਾਲਸੇ ਪੰਚ ਸਿੰਘ ਤਹਿ ਸੋਹਿ ਸਰੀਰ ॥
ਪੰਚਹੁੰ ਮਹਿ ਨਿਤ ਬਰਤਤਿ ਮੈ ਹੌਂ ਪੰਚ ਮਿਲਹਿ ਸੇ ਪੀਰਨ ਪੀਰ ॥੨॥
ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਰੁਤਿ ੬, ਅੰਸੂ ੪੧, ਭਾਗ ੮, ਪੰਨਾ ੧੯੨
ਪੀਛੇ ਸਿੰਘ ਪਰਸਪਰ ਮਿਲਿ ਕਰਿ ॥ ਕਰਯੋ ਬਿਬੇਕ ਬਿਚਾਰ ਰਹਤਿ ਧਰਿ ॥੩੮॥
ਸ੍ਰੀ ਸਤਿਗੁਰ ਕੇ ਸੰਗ ਉਚਾਰੇ ॥ ਜਬ ਆਏ ਤੁਮ ਦਾਦੂ ਦਵਾਰੇ ॥
ਨਮੋ ਕਮਾਨ ਸਾਥ ਤੁਮ ਕੀਨੀ॥ ਰਹਤ ਬਿਹੀਨ ਖਾਲਸੇ ਚੀਨੀ ॥੩੯॥
ਭਯੋ ਉਚਿਤ ਦੈਬੇ ਤਨਖਾਹੁ ॥੪੦॥
ਸਤਿਗੁਰ ਕਾਰਿ ਮਨਜ਼ੂਰ ਤਨਖਾਹੁ ॥ ਦੋਨੋਂ ਸਰਬ ਖਾਲਸੇ ਪਾਹੂ ॥੪੭॥
ਸਿੰਘਨ ਲੇ ਕਰਿ ਕਾਰ ਲਗਾਯੋ ॥ ਲੰਗਰ ਕੋ ਤੰਬੂ ਬਨਵਾਯੋ ॥੪੮॥
ਉਹੀ, *ਪੂਰਬ ਐਨ*, ਅੰਸੂ ੩੬, ਪੰਨਾ ੪੩੩

੭੦. ਤਾਹ ਸਮੇਂ ਗੁਰ ਬੈਨ ਸੁਨਾਯੋ ॥ ਖਾਲਸ ਅਪਨੋ ਰੂਪ ਬਤਾਯੋ ॥
ਖਾਲਸ ਕੀ ਸੋ ਹੈ ਮਮ ਕਾਮਾ ॥ ਬਖਸ ਕੀਉ ਖਾਲਸ ਕੋ ਜਾਮਾ ॥
ਸੈਨਾਪਤੀ, *ਸ੍ਰੀ ਗੁਰ ਸੋਭਾ*, ਪੰਨਾ ੧੨੮
ਬਚਨ ਕੀਤਾ ਗ੍ਰੰਥ ਹੈ ਗੁਰੂ ਲੜ ਪਕੜੋ ਅਕਾਲ ॥੬੭੯॥
ਗੁਰੂ ਹੈ ਖਾਲਸਾ ਅਤੇ ਖਾਲਸਾ ਹੈ ਗੁਰੂ ॥੬੮੦॥
ਕੇਸਰ ਸਿੰਘ ਛਿੱਬਰ, ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ, ਪੰਨੇ ੧੮੯-੯੦
ਅਬ ਮੇਰੀ ਜਗਹਾ ਗੁਰ ਗ੍ਰਿੰਥ ਸਾਹਿਬ ਕੋ ਜਾਨਨਾ ॥
(*ਸਰੂਪ ਦਾਸ ਭੱਲਾ, ਮਹਿਮਾ ਪ੍ਰਕਾਸ਼*, ਭਾਗ ਦੂਜਾ, ਪੰਨਾ ੮੯੨)

੭੧. Malcolm, *Skech of the Sikhs*, *Viney* Publications, Chandigarh, 1981, pp. 95-97
ਅਕਾਲ ਬੁੰਗੇ ਚੜ ਤਖਤ ਬਹਿ ਹੈਂ ॥ ਲਾਇ ਦੀਵਾਨ ਗੁਰਮਤੇ ਮਤੇ ਹੈਂ ॥
ਸਰਬਤ ਖਾਲਸੈ ਸਇ ਅਦਾਲਤ ॥
ਰਤਨ ਸਿੰਘ ਭੰਗੂ, *ਪ੍ਰਾਚੀਨ ਪੰਥ ਪ੍ਰਕਾਸ਼*, ਖ਼ਾਲਸਾ ਸਮਾਚਾਰ, ਅੰਮ੍ਰਿਤਸਰ, ੧੯੯੨, ਪੰਨਾ ੩੩੧.

੭੨. ਗਿਆਨ ਸਿੰਘ ਗਿਆਨੀ, *ਤਵਾਰੀਖ ਗੁਰੂ ਖਾਲਸਾ*, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ੧੯੭੦, ਪੰਨੇ ੧੨੦, ੧੬੨, ੨੦੯.

੭੩. ਰਤਨ ਸਿੰਘ ਭੰਗੂ, *ਪ੍ਰਾਚੀਨ ਪੰਥ ਪ੍ਰਕਾਸ਼*, ਪੰਨਾ ੪੦੫

ਭਾਈ ਦਯਾ ਸਿੰਘ

ਭਾਈ ਦਯਾ ਸਿੰਘ ਗੁਰੂ ਗੋਬਿੰਦ ਸਿੰਘ ਰਾਹੀਂ ਸੰਗਤਾਂ ਨੂੰ ਖਾਲਸਾ ਕਰਨ ਸਮੇਂ ਦੀ ਘਟਨਾ ਵੇਲੇ ਗੁਰੂ ਜੀ ਦੇ ਸੀਸ ਭੇਟ ਸਬੰਧੀ ਹੁਕਮ ਨੂੰ ਮੰਨ ਕੇ ਸਭ ਤੋਂ ਪਹਿਲਾਂ ਉਠਣ ਵਾਲੇ ਮਰਜੀਵੜੇ ਸਨ। ਬਾਕੀ ਪੰਜ ਪਿਆਰਿਆਂ ਸਮੇਤ ਇਨ੍ਹਾਂ ਦੇ ਮੁੱਢਲੇ ਜੀਵਨ ਬਾਰੇ ਆਰੰਭਕ ਗੁਰਮੁਖੀ ਸ੍ਰੋਤਾਂ ਵਿਚੋਂ ਜ਼ਿਆਦਾ ਵਾਕਫੀ ਹਾਸਲ ਨਹੀਂ ਹੁੰਦੀ। ਇਹ ਪਤਾ ਲਗਦਾ ਹੈ ਕਿ ਇਹ ਖੱਤਰੀ ਸਨ ਅਤੇ ਲਾਹੌਰ ਦੇ ਵਸਨੀਕ ਸਨ। ਭਾਈ ਠਾਕੁਰ ਸਿੰਘ ਦੇ ਰਚਿਤ/*ਗੁਰਦੁਆਰੇ ਦਰਸ਼ਨ* ਵਿਚ ਦੱਸਿਆ ਗਿਆ ਹੈ ਕਿ ਇਹ ਭਾਦੋਂ ਪ੍ਰਵਿਸ਼ਟੀ ੧੧, ੧੭੧੯ ਬਿ. ਨੂੰ ਲਾਹੌਰ ਵਿਚ ਪੈਦਾ ਹੋਏ। ਇਨ੍ਹਾਂ ਦੇ ਪਿਤਾ ਦਾ ਨਾਂ ਸੁਧਾ ਤੇ ਮਾਤਾ ਦਾ ਨਾਂ ਦਿਆਲੀ ਸੀ। ਇਨ੍ਹਾਂ ਨੂੰ ਭਾਈ ਪਾਰੋ ਦੇ ਖਾਨਦਾਨ ਵਿਚੋਂ ਦੱਸਿਆ ਗਿਆ ਹੈ। ਭਾਵ ਇਹ ਜੁਲਕਾ ਗੋਤ ਵਿਚੋਂ ਸਨ। ਇਹ ੧੭੩੪ ਵਿਚ ਗੁਰੂ ਜੀ ਦੀ ਸ਼ਰਨ ਵਿਚ ਆਏ।[੧] ਭਾਈ ਮੰਗਲ ਸਿੰਘ *ਜੀਵਨ ਚਰਿਤ੍ਰ ਬਾਬਾ ਬੁੱਢਾ ਜੀ* ਵਿਚ ਇਨ੍ਹਾਂ ਦਾ ਜਨਮ ਸੰਮਤ ੧੭੨੬ ਬਿ. ਦਸਦਾ ਹੈ ਅਤੇ ਮਾਤਾ ਪਿਤਾ ਦੇ ਜਨਮ-ਸਥਾਨ ਬਾਰੇ ਉਪਰੋਕਤ ਜਾਣਕਾਰੀ ਹੀ ਦਿੰਦਾ ਹੈ।[੨]

ਮਹਿਮਾ ਪ੍ਰਕਾਸ਼ (੧੭੭੬) ਵਿਚ ਦਯਾ ਸਿੰਘ ਦੀ ਗੋਤ ਸੋਬਤੀ ਖੱਤਰੀ ਤੇ ਸਥਾਨ ਸਿਆਲਕੋਟ ਦਿੱਤਾ ਗਿਆ ਹੈ।[੩]

ਖਾਲਸਾ ਸਾਜਨਾ ਸਮੇਂ ਪੰਜ ਪਿਆਰਿਆਂ ਦੇ ਨਾਂ *ਸ੍ਰੀ ਗੁਰ ਸੋਭਾ* (੧੭੧੧) ਵਿਚ ਨਹੀਂ ਆਏ। ਦੀਨਾ ਕਾਂਗੜ ਤੋਂ ਜੋ ਜ਼ਫਰਨਾਮਾ ਗੁਰੂ ਗੋਬਿੰਦ ਸਿੰਘ ਨੇ ਔਰੰਗਜ਼ੇਬ ਨੂੰ ਭੇਜਿਆ ਉਹ ਭਾਈ ਦਯਾ ਸਿੰਘ ਦੇ ਹੱਥ ਭੇਜਿਆ ਗਿਆ ਸੀ[੪]। ਬਾਦਸ਼ਾਹ ਪਾਸ ਪਹੁੰਚ ਕੇ ਜਦੋਂ ਦੇਰ ਹੁੰਦੀ ਦਿੱਸੀ ਤਾਂ ਦਯਾ ਸਿੰਘ ਨੇ ਗੁਰੂ ਜੀ ਤੋਂ ਮੁਲਾਕਾਤ ਵਾਸਤੇ ਹੌਸਲਾ ਵਧਾਉਣ ਲਈ ਸਹਾਇਤਾ ਦੀ ਮੰਗ ਕੀਤੀ[੫]। ਮੁਲਾਕਾਤ ਤੋਂ ਬਾਅਦ ਬਾਦਸ਼ਾਹ ਨੇ ਦਯਾ ਸਿੰਘ ਦੇ ਨਾਲ ਆਪਣਾ ਗੁਰਜ ਬਰਦਾਰ, ਗੁਰੂ ਗੋਬਿੰਦ ਸਿੰਘ ਨੂੰ ਦੱਖਣ ਆਉਣ ਲਈ ਸੱਦਾ ਦੇਣ ਲਈ ਭੇਜਿਆ[੬]।

ਜਦੋਂ ਗੁਰੂ ਜੀ ਦੱਖਣ ਵੱਲ ਚਲ ਪਏ ਤੇ ਰਸਤੇ (ਕੁਲਾਇਤ) ਵਿਚ ਦਯਾ ਸਿੰਘ ਉਨ੍ਹਾਂ ਨੂੰ ਮਿਲਿਆ।[੭] ਇਸ ਰਚਨਾ ਵਿਚ ਏਨੀ ਕੁ ਸੂਚਨਾ ਹੀ ਮਿਲਦੀ ਹੈ।

ਬੰਸਾਵਾਲੀਨਾਮਾ ਦਸਾਂ ਪਾਤਸ਼ਾਹੀਆਂ ਕਾ (੧੭੬੯) ਵਿਚ ਖਾਲਸਾ ਸਾਜਨਾ ਦੇ ਉਲੇਖ ਵਿਚ ਪੰਜ ਪਿਆਰਿਆਂ ਦੇ ਨਾਂ ਨਹੀਂ ਆਏ। ਇਨ੍ਹਾਂ ਦੀਆਂ ਜਾਤਾਂ ਦੇ ਨਾਂ ਦੋ ਜ਼ਿਮੀਦਾਰ, ਇਕ ਖੱਤਰੀ, ਇਕ ਅਰੋੜਾ, ਇਕ ਲੁਹਾਰ ਤਰਖਾਣ ਵੀ ਹੋਰਵੇਂ ਹਨ[੮]। ਇਸ ਵਿਚ ਦਯਾ ਸਿੰਘ ਸੋਫਤੀ ਖੱਤ੍ਰੀ ਰਾਹੀਂ ਗੁਰੂ ਜੀ ਦਾ ਜ਼ਫਰਨਾਮਾ ਔਰੰਗਜ਼ੇਬ ਪਾਸ

ਲੈ ਜਾਣ, ਇਸ ਵਾਸਤੇ ਨੀਲੇ ਕਪੜੇ ਪਾ ਕੇ ਮੱਕੇ ਦੇ ਹਾਜੀ ਦਾ ਰੂਪ ਧਾਰਨ, ਇਸ ਨੂੰ ਕੁਰਾਨ ਦੇ ਰੂਪ ਵਿਚ ਬਾਦਸ਼ਾਹ ਅੱਗੇ ਪੇਸ਼ ਕਰਨ ਅਤੇ ਖਾਲਸਾ ਤੇ ਪੰਥ ਬਾਰੇ ਪੁੱਛੇ ਗਏ ਸਵਾਲਾਂ ਦੇ ਜਵਾਬ ਦੇਣ ਦਾ ਉਲੇਖ ਪ੍ਰਾਪਤ ਹੈ[੯]।

ਮਹਿਮਾ ਪ੍ਰਕਾਸ਼ (੧੭੭੬) ਵਿਚ ਵੀ ਪੰਜ ਪਿਆਰਿਆਂ ਦੇ ਖਾਲਸਾ ਸਿਰਜਣਾ ਸਬੰਧੀ ਨਾਂ ਨਹੀਂ ਮਿਲਦੇ। ਇਸ ਵਿਚ ਦਯਾ ਸਿੰਘ ਸੋਬਤੀ ਸਬੰਧੀ ਜਨੇਊ ਬਾਰੇ ਸਾਖੀ ਹੈ। ਦੱਸਿਆ ਗਿਆ ਹੈ ਕਿ ਇਕ ਸਮੇਂ ਗੁਰੂ ਜੀ ਜਦੋਂ ਸ਼ਿਕਾਰ ਕਰਨ ਜਾ ਰਹੇ ਸਨ ਉਨ੍ਹਾਂ ਦੀ ਕ੍ਰਿਪਾਨ ਵਾਸਤੇ ਡੋਰੇ ਦੀ ਲੋੜ ਪਈ। ਦਯਾ ਸਿੰਘ ਨੇ ਆਪਣਾ ਜਨੇਊ ਉਤਾਰ ਕੇ ਇਸ ਕਾਰਜ ਲਈ ਦੇ ਦਿੱਤਾ[੧੦]। ਫੇਰ ਉਸ ਨੇ ਨਾ ਸਿੱਖਾਂ ਦੇ ਕਹਿਣ ਤੇ, ਨਾ ਹੀ ਗੁਰੂ ਜੀ ਦੇ ਆਖਣ ਉਤੇ ਜਨੇਊ ਪਾਇਆ ਅਤੇ ਇਸ ਸਬੰਧੀ ਗੁਰੂ ਨਾਨਕ ਦੇਵ ਦਾ ਆਸਾ ਵਾਰ ਦਾ ਸਲੋਕ, 'ਨਾਨਕ ਸਚੇ ਨਾਮ ਬਿਨੁ ਕਿਆ ਟਿਕਾ ਕਿਆ ਤਗੁ' ਸੁਣਾਇਆ। ਗੁਰੂ ਜੀ ਇਸ ਤੋਂ ਬਾਅਦ ਹੁਕਮ ਕਰਦੇ ਹਨ ਕਿ 'ਜਨੇਊ ਉਤਾਰਨ ਲਈ ਆਖਣ ਵਾਲੇ ਨੂੰ ਵੀ ਤਨਖਾਹ ਅਤੇ ਪਾਉਣ ਲਈ ਕਹਿਣ ਵਾਲੇ ਨੂੰ ਵੀ ਤਨਖ਼ਾਹ'। ਇਹ ਸਾਖੀ ਜਨੇਊ ਸਬੰਧੀ ਹੁਕਮ ਵਿਚ ਰਿਆਇਤ ਜਾਂ ਢਿੱਲ ਸਬੰਧੀ ਹੈ ਜੋ ਇੰਜ ਪੁਰੋਹਿਤਵਾਦ ਦੇ ਹੱਕ ਵਿਚ ਭੁਗਤਦੀ ਹੈ। ਅਜਿਹੀ ਸਾਖੀ *ਗੁਰ ਪ੍ਰਤਾਪ ਸੂਰਜ ਗ੍ਰੰਥ* ਵਿਚ ਵੀ ਹੈ, ਜਿਸ ਦਾ ਵਿਸ਼ਲੇਸ਼ਣ ਅੱਗੇ ਜਾ ਕੇ ਕੀਤਾ ਜਾਵੇਗਾ।

ਇਸ ਵਿਚ ੨੯ਵੀਂ ਸਾਖੀ ਦਯਾ ਸਿੰਘ ਰਾਹੀਂ ਗੁਰੂ ਜੀ ਰਚਿਤ ਸ਼ੌਕ ਨਾਮਾ (ਜ਼ਫਰਨਾਮਾ) ਪਾਤਸ਼ਾਹ ਆਲਮਗੀਰ ਪਾਸ ਲੈ ਜਾਣ ਸਬੰਧੀ ਹੈ। ਉਸ ਨੂੰ ਇਹ ਹਦਾਇਤ ਹੈ ਕਿ ਸਲਾਮ ਦੀ ਥਾਂ ਗੁਰੂ ਫਤਹਿ ਆਖਣਾ। ਉਹ ਪੱਤਰ ਲੈ ਜਾਂਦਾ ਹੈ। ਬਾਦਸ਼ਾਹ ਦੱਸਦਾ ਹੈ ਕਿ ਉਸ ਨੂੰ ਗੁਰੂ ਜੀ ਦੇ ਸੁਪਨੇ ਵਿਚ ਦਰਸ਼ਨ ਹੋਏ ਹਨ। ਇਸ ਦੀ ਨਿਸ਼ਾਨੀ, 'ਸੱਜੀ ਤਰਫ ਦਾੜੇ ਬਿਖੇ ਇਕ ਧਉਲਾ ਹੈ ਕੇਸ' ਦੱਸੀ ਗਈ। ਇਸ ਤੋਂ ਦਯਾ ਸਿੰਘ ਨੂੰ ਦਰਸ਼ਨ ਬਾਰੇ ਯਕੀਨ ਹੋ ਜਾਂਦਾ ਹੈ। ਬਾਅਦ ਵਿਚ ਦਯਾ ਸਿੰਘ ਵਾਪਸ ਜਾ ਕੇ ਇਸ ਮੁਲਾਕਾਤ ਬਾਰੇ ਗੁਰੂ ਜੀ ਨੂੰ ਦੱਸਦੇ ਹਨ[੧੧]।

ਗੁਰਬਿਲਾਸ (ਸੁਖਾ ਸਿੰਘ, ੧੭੯੭) ਵਿਚ ਪਹਿਲੀ ਵਾਰ ਖਾਲਸਾ ਸਿਰਜਣਾ ਘਟਨਾ ਦੇ ਉਲੇਖ ਵਿਚ ਪੰਜ ਪਿਆਰਿਆਂ ਦੇ ਨਾਂ ਤੇ ਨਿਵਾਸ ਸਥਾਨ ਮਿਲਦੇ ਹਨ। ਦੱਸਿਆ ਗਿਆ ਹੈ ਕਿ ਦਯਾ ਸਿੰਘ ਲਾਹੌਰ, ਮੁਹਕਮ ਸਿੰਘ ਦਵਾਰਾਵਤੀ, ਸਾਹਿਬ ਸਿੰਘ ਬਿਦਰ (ਦੱਖਣ), ਧਰਮ ਸਿੰਘ ਹਸਤਨਾਪੁਰ ਤੇ ਹਿੰਮਤ ਸਿੰਘ ਜਗਨਨਾਥਪੁਰੀ ਦਾ ਵਾਸੀ ਸੀ[੧੨]। ਦੁਨੀ ਚੰਦ ਵਾਲੀ ਸਾਖੀ ਵਿਚ ਉਹ ਜਦੋਂ ਹਾਥੀ ਦਾ ਮੁਕਾਬਲਾ ਕਰਨ ਦੀ ਸਮੱਸਿਆ ਖੜੀ ਹੋ ਜਾਂਦੀ ਹੈ, ਦਯਾ ਸਿੰਘ, ਧਰਮ ਸਿੰਘ, ਮੁਹਕਮ ਸਿੰਘ, ਹਿੰਮਤ ਸਿੰਘ, ਸਾਹਿਬ ਸਿੰਘ ਪਾਸ ਜਾ ਕੇ ਮਿੰਨਤਾਂ ਕਰਦਾ ਹੈ ਕਿ ਗੁਰੂ ਜੀ ਉਸ ਨੂੰ ਇਸ ਮੁਸੀਬਤ ਵਿਚ ਨਾ ਪਾਉਣ[੧੩]। ਇਸ ਤੋਂ ਪੰਜ ਪਿਆਰਿਆਂ ਦੀ ਵਿਸ਼ੇਸ਼ ਪਦਵੀ ਦਾ ਪਤਾ ਲਗਦਾ ਹੈ। ਦਯਾ ਸਿੰਘ ਦਾ ਜ਼ਫਰਨਾਮਾ ਲੈ ਕੇ ਔਰੰਗਜ਼ੇਬ ਪਾਸ ਜਾਣ ਦਾ ਪ੍ਰਸੰਗ ਇਸ ਰਚਨਾ ਵਿਚ ਵੀ ਹੈ। ਉਹ ਆਗਰੇ, ਗੁਲੇਰ (ਚੰਬਲ ਤੋਂ ਪਾਰ) ਉਜੈਨ, ਨਰਬਦਾ ਪਾਰ, ਬੁਰਹਾਨਪੁਰ, ਔਰੰਗਾਬਾਦ ਹੁੰਦਾ ਹੋਇਆ ਅਹਿਮਦਾਬਾਦ ਪਹੁੰਚਦਾ ਹੈ[੧੪]। ਅਹਿਮਦਨਗਰ

ਜਾ ਕੇ ਉਹ ਉਥੋਂ ਦੇ ਸਿੱਖ ਜੇਠਾ ਸਿੰਘ ਦੀ ਸਹਾਇਤਾ ਨਾਲ ਸਥਾਨੀ ਸੰਗਤ ਨੂੰ ਹੁਕਮਨਾਮਾ ਦਿੰਦਾ ਹੈ[੧੫]। ਸਥਾਨੀ ਸੰਗਤ ਦੀ ਸਹਾਇਤਾ ਨਾਲ ਉਹ ਰਾਬਤਾ ਕਾਇਮ ਕਰਕੇ ਜ਼ਫਰਨਾਮਾ ਬਾਦਸ਼ਾਹ ਤੱਕ ਪਹੁੰਚਾਉਂਦਾ ਹੈ। ਬਾਦਸ਼ਾਹ ਨੂੰ ਉਹ ਖਾਲਸਾ ਸਿਰਜਣਾ ਬਾਰੇ ਦੱਸਦਾ ਹੈ। ਬਾਦਸ਼ਾਹ ਆਖਦਾ ਹੈ ਕਿ ਕਾਹਲੀ ਕੀਤੀ ਗਈ ਹੈ, ਖਾਲਸਾ ਚਾਲੀ ਸਾਲ ਪਹਿਲਾਂ ਹੀ ਸਾਜ ਦਿੱਤਾ ਗਿਆ ਹੈ। ਇਸ ਲਈ ਇਹ ਦੁੱਖ ਪਾਵੇਗਾ। ਫੇਰ ਉਹ ਬਿਜ ਨਾਮਾ (ਜ਼ਫਰਨਾਮਾ) ਵੇਖ ਕੇ ਥਾਂ-ਥਾਂ ਜ਼ਰੂਰੀ ਹੁਕਮ ਲਿਖਵਾਉਂਦਾ ਹੈ। ਸੁੱਖਾ ਸਿੰਘ ਦੱਸਦਾ ਹੈ ਕਿ ਇਉਂ ਬਾਦਸ਼ਾਹ ਦੀ ਛਾਤੀ ਉਤੇ ਸਿੱਕਾ ਜਾਰੀ ਕੀਤਾ ਗਿਆ ਅਤੇ ਦਯਾ ਸਿੰਘ ਨੇ ਜਿੱਤ ਪ੍ਰਾਪਤ ਕੀਤੀ[੧੬]।

ਇਸ ਵਿਚ ਸਿੱਕਾ ਜਾਰੀ ਕਰਨ ਤੇ ਜਿੱਤ ਪ੍ਰਾਪਤ ਕਰਨ ਦੇ ਉਲੇਖ ਤਤਕਾਲੀ ਸਿੱਖ ਮਿਸਲ ਕਾਲ ਦੀ ਚੜ੍ਹਤ ਵਿਖਾਉਂਦੇ ਹਨ।

ਇਸ ਤੋਂ ਬਾਅਦ ਇਸ ਰਚਨਾ ਵਿਚ ਵਾਪਸੀ ਤੇ ਦਯਾ ਸਿੰਘ ਦਾ ਗੁਰੂ ਜੀ ਨਾਲ ਦੱਖਣ ਦੇ ਰਾਹ ਵਿਚ ਮਿਲਾਪ ਵੀ ਵਿਖਾਇਆ ਗਿਆ ਹੈ[੧੭]।

ਸਿੰਘ ਸਾਗਰ (੧੮੨੭) ਵਿਚ ਪੰਜ ਪਿਆਰਿਆਂ ਦੇ ਨਾਂ, ਜਾਤਾਂ ਤੇ ਨਿਵਾਸ, ਜਨਮ ਸਥਾਨਾਂ ਦਾ ਵੇਰਵਾ ਮਿਲਦਾ ਹੈ :-

ਨਾਂ	ਸਥਾਨ	ਜਾਤ
੧. ਦਯਾ ਸਿੰਘ	ਲਾਹੌਰ	ਖਤ੍ਰੀ
੨. ਮੁਹਕਮ ਸਿੰਘ	ਦਵਾਰਕਾ	ਛੀਪਾ
੩. ਸਾਹਿਬ ਸਿੰਘ	ਬਿਦਰ	ਨਾਈ (ਬਾਲ ਕੱਟਣੇ)
੪. ਧਰਮ ਸਿੰਘ	ਦਿੱਲੀ (ਰਾਜਪੁਰ)	ਜ਼ਿਮੀਦਾਰ ਕਿਸਾਨ
੫. ਹਿੰਮਤ ਸਿੰਘ	ਜਗਨਨਾਥ,	ਮੈਹਰਾ (ਜਲ ਭਰਾ)[੧੮]

ਇਹ ਵੀ ਦੱਸਿਆ ਗਿਆ ਹੈ ਕਿ ਧਰਮ ਸਿੰਘ ਜ਼ਿਮੀਦਾਰ ਸਾਰੇ ਜਹਾਨ ਦੇ ਥੰਮ੍ਹ ਹਨ। ਇਸ ਉਪਰ ਜ਼ੋਰ ਦੇਣਾ ਤਤਕਾਲੀ ਸਮੇਂ ਦੇ ਰਾਜ ਵਿਵਸਥਾ ਦੇ ਮੱਦੇ-ਨਜ਼ਰ ਅਹਿਮ ਹੈ।

ਇਸ ਤੋਂ ਇਲਾਵਾ ਦਯਾ ਸਿੰਘ ਸੋਫਤੀ ਨੂੰ ਰਾਮਸੁਤ ਆਖਿਆ ਗਿਆ ਤੇ ਮੁਹਕਮ ਸਿੰਘ ਨਾਮਦੇਵ ਦੇ ਅਵਤਾਰ ਮੰਨੇ ਗਏ ਸਨ। ਇਸ ਨੇ ਜਲ ਲਿਆਉਣ ਤੇ ਉਸ ਵਿਚ ਮਿਠਿਆਈ ਪਾਉਣ ਦੀ ਸੇਵਾ ਕੀਤੀ। ਸੈਨ ਅਵਤਾਰ ਸਾਹਿਬ ਸਿੰਘ, ਧਨਾ ਭਗਤ, ਧਰਮ ਸਿੰਘ ਬਧਕ ਅਵਤਾਰ ਹਿੰਮਤ ਸਿੰਘ ਨੇ ਬਾਣੀ ਦਾ ਜਾਪ ਕੀਤਾ[੧੯]। ਇਉਂ ਇਨ੍ਹਾਂ ਨੂੰ ਪੂਰਬਲੀਆਂ ਮਹੱਤਵਪੂਰਨ ਸ਼ਖ਼ਸੀਅਤਾਂ ਨਾਲ ਅਵਤਾਰਵਾਦ ਰਾਹੀਂ ਜੋੜਿਆ ਗਿਆ ਹੈ। ਇਹ ਇਨ੍ਹਾਂ ਦੀ ਅਹਿਮੀਅਤ ਦਰਸਾਉਣ ਦੀ ਮੱਧਕਾਲੀ ਜੁਗਤ ਹੈ। ਭਾਵੇਂ ਇਨ੍ਹਾਂ ਦਾ ਅਵਤਾਰਾਂ ਪੱਖੋਂ ਆਪਸੀ ਸਬੰਧ ਤਰਕ ਦੀ ਨਜ਼ਰ ਉਤੇ ਪੂਰਾ ਨਹੀਂ ਉਤਰਦਾ।

ਨੌਵੇਂ ਤਰੰਗ ਵਿਚ ਅਲਿਫ਼ ਖਾਂ ਦੀ ਹਾਰ ਤੋਂ ਬਾਅਦ ਦਯਾ ਸਿੰਘ ਨੂੰ ਲੜਾਈ ਵਿਚ ਸ਼ਾਮਿਲ ਹੋ ਕੇ ਨਵਰਸ ਪਹਾੜ ਤੇ ਰੋਕ ਖੜੀ ਕਰਨ ਅਤੇ ਮੀਆਂ ਖਾਂ ਦੀ ਹਾਰ ਤੋਂ ਬਾਅਦ ਗੁਰੂ ਜੀ ਨੂੰ ਇਸ ਦਾ ਸਤਿਕਾਰ ਕਰਦਿਆਂ ਦਰਸਾਇਆ ਗਿਆ ਹੈ[੨੦]।

ਅਸਲ ਵਿਚ ਖਾਲਸਾ ਸਿਰਜਣਾ ਦੀ ਘਟਨਾ ਇਸ ਲੜਾਈ ਤੋਂ ਬਾਅਦ ਵਿਚ ਹੋਈ ਹੈ, ਪਰ *ਸਿੰਘ ਸਾਗਰ* ਵਿਚ ਇਸ ਤੋਂ ਪਹਿਲਾਂ ਦਿੱਤੀ ਗਈ ਹੈ। ਇਸ ਲਈ ਇਸ ਸਬੰਧੀ ਸ਼ੰਕਾ ਉਪਜਦੀ ਹੈ।

ਇਸ ਰਚਨਾ ਅਨੁਸਾਰ ਚਮਕੌਰ ਤਿਆਗ ਸਮੇਂ ਦਯਾ ਸਿੰਘ, ਧਰਮ ਸਿੰਘ ਤੇ ਰਾਮ ਸਿੰਘ ਸਮੇਤ ਗੁਰੂ ਜੀ ਦੇ ਨਾਲ ਸਨ[੨੧]।

ਦਯਾ ਸਿੰਘ ਰਾਹੀਂ ਜ਼ਫਰਨਾਮਾ ਔਰੰਗਜ਼ੇਬ ਨੂੰ ਭੇਜਣ ਦਾ ਉਲੇਖ ਵੀ ਇਥੇ ਪ੍ਰਾਪਤ ਹੈ। ਦੱਸਿਆ ਗਿਆ ਹੈ ਕਿ ਇਹ ਪੱਤਰ ਵੇਖਦਿਆਂ ਹੀ ਔਰੰਗਜ਼ੇਬ ਦੀ ਮੌਤ ਹੋ ਗਈ[੨੨]। ਵਾਪਸੀ ਸਮੇਂ ਦਯਾ ਸਿੰਘ ਦੱਖਣ ਦੇ ਰਾਹ ਵਿਚ ਗੁਰੂ ਜੀ ਨੂੰ ਮਿਲਦਾ ਹੈ ਅਤੇ ਗੁਰ ਜੀ ਨੂੰ ਔਰਗਜ਼ੇਬ ਦੀ ਮੌਤ ਸਬੰਧੀ ਖ਼ਬਰ ਸਣਾਉਂਦਾ ਹੈ। ਗੁਰੂ ਜੀ ਉਸ ਨੂੰ ਕਾਂਗੜੇ ਤੋਂ ਅਗਲੀ ਵਾਰਤਾ ਦੱਸਦੇ ਹਨ[੨੩]।

ਗੁਰਬਿਲਾਸ ਪਾਤਸ਼ਾਹੀ ੧੦ (ਕੋਇਰ ਸਿੰਘ, ਸਮਾਂ ਅਨੁ. ਮੁਢਲੀ ੧੯ਵੀਂ ਸਦੀ)[੨੪] ਵਿਚ *ਗੁਰਬਿਲਾਸ* (ਸੁਖਾ ਸਿੰਘ ੧੭੯੭) ਵਾਲੀ ਸਾਮੱਗਰੀ ਹੀ ਵਧੇਰੇ ਕਰਕੇ ਪ੍ਰਾਪਤ ਹੈ। ਪੰਜ ਪਿਆਰਿਆਂ ਦੇ ਨਾਂ, ਵਾਸੀ ਤੇ ਜਾਤਾਂ ਉਸੇ ਅਨੁਸਾਰ ਹੀ ਹਨ ਅਤੇ ਇਨ੍ਹਾਂ ਦੇ 'ਅਵਤਾਰਵਾਦ' ਬਾਰੇ ਵੀ ਉਹੀ ਕੁਝ ਲਿਖਿਆ ਹੈ[੨੫]।

ਇਸੇ ਅਧਿਆਇ ਵਿਚ, ਅੱਗੇ ਜਾ ਕੇ, ਰੁਸੇ ਹੋਏ ਬ੍ਰਾਹਮਣ ਦੇਵੀ ਦੀ ਪ੍ਰੇਰਣਾ ਨਾਲ ਬਾਬਾ ਬੱਠਾ ਦੀ ਅਗਵਾਈ ਹੇਠ ਗੁਰੂ ਜੀ ਪਾਸ ਆਉਂਦੇ ਹਨ ਤਾਂ ਉਨ੍ਹਾਂ ਦੀ ਸੇਵਾ ਪੰਜ ਪਿਆਰੇ ਕਰਦੇ ਹਨ[੨੬]। ਇਥੇ ਕੋਇਰ ਸਿੰਘ ਨੇ ਆਪਣੀ ਰੁਚੀ ਤੇ ਪੁਰੋਹਿਤਵਾਦ ਦੇ ਪ੍ਰਭਾਵ ਹੇਠ ਅਜਿਹਾ ਵਿਖਾਇਆ ਹੈ। ਇਹ ਉਲੇਖ ਸੁਖਾ ਸਿੰਘ ਦੀ ਰਚਨਾ ਵਿਚ ਨਹੀਂ ਹੈ।

ਸੋਲ੍ਹਵੇਂ ਅਧਿਆਇ ਵਿਚ ਗੁਰੂ ਜੀ ਦਯਾ ਸਿੰਘ ਨੂੰ ਅਭਿਮਾਨ ਰਹਿਤ ਹੋਏ ਸਿੱਖਾਂ ਦੇ ਦਰਸ਼ਨ ਕਰਨ ਲਈ ਆਖਦੇ ਹਨ[੨੭]। ਚਮਕੌਰ ਜਾਣ ਸਮੇਂ ਵੀ ਦਯਾ ਸਿੰਘ ਗੁਰੂ ਜੀ ਦੇ ਨਾਲ ਹੁੰਦੇ ਹਨ[੨੮]। ਜ਼ਫਰਨਾਮਾ ਲੈ ਕੇ ਔਰੰਗਜ਼ੇਬ ਪਾਸ ਜਾਣਾ ਤੇ ਉਥੋਂ ਦਾ ਉਲੇਖ ਸੁੱਖਾ ਸਿੰਘ ਵਾਲਾ ਹੀ ਹੈ[੨੯]। ਪਰ ਇਥੇ ਬਾਦਸ਼ਾਹ ਸੁਪਨਾ ਵੇਖ ਕੇ ਆਪ ਦਯਾ ਸਿੰਘ ਦਾ ਪਤਾ ਕਰਕੇ ਉਸ ਨੂੰ ਆਪਣੇ ਪਾਸ ਬੁਲਾਉਂਦਾ ਹੈ[੩੦]। ਇਥੇ ਗੱਲਬਾਤ ਦੌਰਾਨ ਬਾਦਸ਼ਾਹ ਨੂੰ ਗੁਰੂ ਨਾਨਕ ਰਾਹੀਂ ਭੰਗ ਦੀਆਂ ਮੁੱਠਾਂ ਬਦਲੇ ਰਾਜ ਦੇਣ ਤੇ ਸੱਤ ਸਿਰਾਂ ਦੀਆਂ ਕੁਰਬਾਨੀਆਂ ਦੇ ਕੇ ਵਾਪਸ ਲੈਣ ਸਬੰਧੀ ਦੱਸਿਆ ਜਾਂਦਾ ਹੈ[੩੧]। ਕੋਇਰ ਸਿੰਘ ਕੀਤੇ ਗਏ ਸਾਖੀ ਵਿਚ ਇਹ ਵਾਧੇ ਤਤਕਾਲੀ ਸਮੇਂ ਦੇ ਸਿੱਖ ਰਾਜ ਦੇ ਪ੍ਰਭਾਵ ਦੇ ਸੂਚਕ ਹਨ। ਇਸ ਵਿਚ ਨਦੇੜ ਜਾਣ ਸਮੇਂ ਦਯਾ ਸਿੰਘ ਨੂੰ ਗੁਰੂ ਜੀ ਦੇ ਨਾਲ ਰਹੇ ਵੀ ਦੱਸਿਆ ਗਿਆ ਹੈ[੩੨]।

ਇਉਂ ਇਸ ਰਚਨਾ ਵਿਚਲੀ ਸਾਮੱਗਰੀ ਤਤਕਾਲੀ ਪਰਿਸਥਿਤੀਆਂ ਵੱਲ ਮਹੱਤਵ-ਪੂਰਨ ਸੰਕੇਤ ਕਰਦੀ ਹੈ।

ਇਨ੍ਹਾਂ ਤੋਂ ਬਿਨਾਂ ਭੱਟਵਹੀਆਂ ਤੇ ਖਾਸ ਕਰ ਗੁਰੂ ਦੀਆਂ ਸਾਖੀਆਂ ਵਿਚ ਭਾਈ ਦਯਾ ਸਿੰਘ ਬਾਰੇ ਉਪਰੋਕਤ ਸਾਮਗਰੀ ਹੋਰ ਵਿਸਤਾਰ ਵਿਚ ਮਿਲਦੀ ਹੈ। ਇਨ੍ਹਾਂ ਰਚਨਾਵਾਂ

ਦੇ ਮੂਲ ਖਰੜੇ ਪ੍ਰਾਪਤ ਨਹੀਂ ਅਤੇ ਇਨ੍ਹਾਂ ਦੀ ਪ੍ਰਮਾਣਿਕਤਾ ਵੀ ਸ਼ੱਕੀ ਹੈ। ਭੱਟਵਹੀ ਭਾਦਸੋਂ (ਪਰਗਣਾ ਥਨੇਸਰ) ਅਨੁਸਾਰ ਪੰਜ ਪਿਆਰਿਆਂ ਵਿਚੋਂ ਪਹਿਲਾਂ, ਆਪਣੇ ਆਪ ਨੂੰ ਗੁਰੂ ਜੀ ਅੱਗੇ ਪੇਸ਼ ਕਰਨ ਵਾਲਾ ਭਾਈ ਦਯਾ ਰਾਮ ਸੋਬਤੀ ਖੱਤਰੀ ਲਾਹੌਰ ਵਾਸੀ ਸੀ। ਬਾਕੀ ਕ੍ਰਮ ਅਨੁਸਾਰ ਮੋਹਕਮ ਚੰਦ ਛੀਪਾ ਵਾਸੀ ਦਵਾਰਕਾ, ਸਾਹਿਬ ਚੰਦ ਨਾਈ ਵਾਸੀ ਬਿਦਰ (ਜਫਰਾਬਾਦ), ਧਰਮ ਚੰਦ ਜਵੰਦਾ ਜੱਟ ਵਾਸੀ ਹਸਤਨਾਪੁਰ, ਹਿੰਮਤ ਚੰਦ ਝੀਵਰ ਵਾਸੀ ਜਗਨਨਾਥ ਸਨ। ਇਥੇ ਇਨ੍ਹਾਂ ਦੇ ਨਾਂ ਮੂਲ ਰੂਪ ਵਿਚ ਦਿੱਤੇ ਗਏ ਹਨ। ਇਹ ਵੀ ਪਤਾ ਲਗਦਾ ਹੈ ਕਿ ਧਰਮ ਚੰਦ ਜਾਟ ਜਵੰਦਾ ਸੀ[੩੩]। ਮੂਲ ਖਰੜੇ ਦੀ ਪ੍ਰਾਪਤੀ ਤੋਂ ਪਹਿਲਾਂ ਇਸ ਬਾਰੇ ਕੁੱਝ ਨਹੀਂ ਆਖਿਆ ਜਾ ਸਕਦਾ।

ਗੁਰੂ ਦੀਆਂ ਸਾਖੀਆਂ (ਮੂਲ ੧੭੯੦, ਪੰਜਾਬੀ ਗੁਰਮੁਖੀ ਰੂਪ ੧੯੨੫) ਵਿਚ ਖਾਲਸਾ ਸਿਰਜਣਾ ਸਮੇਂ ਦੀ ਸੀਸ ਭੇਟ ਘਟਨਾ ਕਾਫੀ ਵਿਸਤਾਰ ਵਿਚ ਹੈ। ਇਥੇ ਦਯਾ ਰਾਮ ਨੂੰ ਸਲਕੋਟ ਦਾ ਸੋਫਤੀ ਖੱਤਰੀ ਆਖਿਆ ਗਿਆ ਹੈ।[੩੪] ਬਾਕੀ ਜਾਣਕਾਰੀ ਤਕਰੀਬਨ ਭੱਟਵਹੀ ਵਾਲੀ ਹੀ ਹੈ।

ਇਹ ਵੀ ਪਤਾ ਲਗਦਾ ਹੈ ਕਿ ਪਾਹੁਲ ਦੀ ਤਿਆਰੀ ਸਮੇਂ ਭਾਈ ਦਯਾ ਸਿੰਘ, ਆਦਿ ਨੇ ਜਲ ਵਿਚ ਖੰਡਾ ਫੇਰਿਆ।[੩੫] ਬਾਅਦ ਵਿਚ ਇਨ੍ਹਾਂ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾਇਆ ਅਤੇ ਇਨ੍ਹਾਂ ਸਾਰਿਆਂ ਦੇ ਨਾਵਾਂ ਦੇ ਨਾਲ 'ਸਿੰਘ' ਲਗਾ ਦਿੱਤਾ[੩੬]। ਫੇਰ ਇਨ੍ਹਾਂ ਨੇ ਪਾਹੁਲ ਪੰਜ ਮੁਕਤਿਆਂ ਤੇ ਹੋਰ ਸਿੱਖਾਂ ਨੂੰ ਦਿੱਤੀ[੩੭]।

ਅਨੰਦਪੁਰ ਦੀ ਲੜਾਈ ਸਮੇਂ ਕਿਲ੍ਹਾ ਛੱਡਣ ਸਬੰਧੀ ਆਇਆ ਪ੍ਰਸਤਾਵ ਭਾਈ ਦਯਾ ਸਿੰਘ ਆਦਿ ਮੁਖੀ ਸਿੱਖਾਂ ਅੱਗੇ ਵਿਚਾਰ ਲਈ ਰਖਿਆ ਗਿਆ।[੩੮] ਇਸ ਤੋਂ ਗੁਰੂ ਜੀ ਸਮੇਂ ਕਾਰ-ਵਿਹਾਰ ਵਿਚ ਪੰਚਾਇਤੀ ਪ੍ਰਥਾ ਦੇ ਪ੍ਰਚਲਨ ਦਾ ਪਤਾ ਲਗਦਾ ਹੈ।

ਚਮਕੌਰ ਦੀ ਲੜਾਈ ਸਮੇਂ ਗੁਰੂ ਜੀ ਨੇ ਧਰਮ ਸਿੰਘ ਤੇ ਆਲਮ ਸਿੰਘ ਨੂੰ ਦੋਹਾਂ ਪਾਸਿਆਂ ਦੀ ਤਤਕਾਲੀ ਲਈ ਨਿਯੁਕਤ ਕੀਤਾ ਤੇ ਭਾਈ ਦਯਾ ਸਿੰਘ, ਮੋਹਕਮ ਸਿੰਘ, ਸਾਹਿਬ ਸਿੰਘ, ਹਿੰਮਤ ਸਿੰਘ ਤੇ ਸਾਹਿਬਜ਼ਾਦਿਆਂ ਨੂੰ ਆਪਣੇ ਪਾਸ ਰੱਖਿਆ।[੩੯]

ਚਮਕੌਰ ਦਾ ਕਿਲ੍ਹਾ ਤਿਆਗਣ ਤੋਂ ਬਾਅਦ ਭਾਈ ਦਯਾ ਸਿੰਘ, ਧਰਮ ਸਿੰਘ ਮਾਨ ਸਿੰਘ ਤੇ ਰਾਮ ਸਿੰਘ ਗੁਰੂ ਜੀ ਨੂੰ ਫਿਰ ਮਿਲ ਪੈਂਦੇ ਹਨ।[੪੦] ਇਨ੍ਹਾਂ ਵਿਚੋਂ ਧਰਮ ਸਿੰਘ ਸਬੰਧੀ ਕਿ ਇਹ ਕਿਹੜੇ ਸਨ, ਪੰਜ ਪਿਆਰਿਆਂ ਵਿਚੋਂ ਜਾਂ ਕੋਈ ਹੋਰ ਅੱਗੇ ਜਾ ਕੇ ਵਿਚਾਰਿਆ ਜਾਵੇਗਾ।

ਦੀਨਾ ਕਾਂਗੜ ਤੋਂ ਜ਼ਫ਼ਰਨਾਮਾ ਦੇ ਕੇ ਗੁਰੂ ਜੀ ਨੇ ਭਾਈ ਦਯਾ ਸਿੰਘ ਨੂੰ ਔਰੰਗਜ਼ੇਬ ਪਾਸ ਅਹਿਮਦ ਨਗਰ ਜਾਣ ਲਈ ਤੋਰਿਆ।[੪੧] ਉਥੇ ਦੇਰ ਲਗਣ ਦੀ ਵਜ੍ਹਾ ਕਾਰਨ ਗੁਰੂ ਜੀ ਨੇ ਧਰਮ ਸਿੰਘ ਤੇ ਦੇਸਾ ਸਿੰਘ ਨੂੰ ਚਿੱਠੀ ਦੇ ਕੇ ਭਾਈ ਦਯਾ ਸਿੰਘ ਪਾਸ ਭੇਜਿਆ। ਫੇਰ ਭਾਈ ਦਯਾ ਸਿੰਘ ਸਮੇਤ ਬਾਦਸ਼ਾਹ ਨਾਲ ਮੁਲਾਕਾਤ ਕਰਦੇ ਹਨ। ਉਹ ਅਸਲੀਅਤ ਜਾਣ ਲੈਂਦਾ ਹੈ ਅਤੇ ਗੁਰੂ ਜੀ ਨੂੰ ਆਪਣੇ ਪਾਸ ਅਹਿਮਦ ਨਗਰ ਬੁਲਾਉਣ ਲਈ ਸੱਦਾ ਭੇਜਦਾ ਹੈ। ਸੱਦਾ ਲੈ ਕੇ ਕਾਜ਼ੀ, ਦੋ ਗੁਰਜ ਬਰਦਾਰ ਤੇ ਭਾਈ

ਦਯਾ ਸਿੰਘ, ਧਰਮ ਸਿੰਘ ਦਿੱਲੀ ਵੱਲ ਚਲਦੇ ਹਨ ਅਤੇ ਫੇਰ ਦੋਵੇਂ ਦਯਾ ਸਿੰਘ ਤੇ ਧਰਮ ਸਿੰਘ ਗੁਰੂ ਜੀ ਵੱਲ ਤੁਰ ਪੈਂਦੇ ਹਨ।[42] ਕਲਾਇਤ ਪਾਸ ਗੁਰੂ ਜੀ ਨਾਲ ਇਨ੍ਹਾਂ ਦੋਹਾਂ ਦਾ ਮਿਲਾਪ ਹੁੰਦਾ ਹੈ। ਇਹ ਗੁਰੂ ਜੀ ਨੂੰ ਸਾਰੀ ਗੱਲਬਾਤ ਦੱਸਦੇ ਹਨ।[43]

ਜੇਜਉ (ਚੰਬਲ ਨਦੀ ਕਿਨਾਰੇ) ਦੀ ਲੜਾਈ ਵਿਚ ਗੁਰੂ ਜੀ ਭਾਈ ਦਯਾ ਸਿੰਘ ਨੂੰ ਪੰਜੀ ਸਿੰਘ ਦੇ ਕੇ ਬਾਦਸ਼ਾਹ ਦੀ ਮਦਦ ਲਈ ਭੇਜਦੇ ਹਨ, ਮਗਰੋਂ ਆਪ ਵੀ ਜਾਂਦੇ ਹਨ।[44]

ਗੁਰੂ ਜੀ ਦੀ ਬਾਦਸ਼ਾਹ ਬਹਾਦਰ ਸ਼ਾਹ ਨਾਲ ਮੁਲਾਕਾਤ ਸਮੇਂ ਜੋ ਖਿੱਲਤ ਆਦਿ ਗੁਰੂ ਜੀ ਨੂੰ ਮਿਲਦੀ ਹੈ, ਉਹ ਆਪ ਉਥੇ ਨਹੀਂ ਪਹਿਨਦੇ ਸਗੋਂ ਭਾਈ ਦਯਾ ਸਿੰਘ ਨੂੰ ਹੁਕਮ ਕਰਦੇ ਹਨ ਕਿ ਇਹ ਉਠਾ ਕੇ ਡੇਰੇ ਲੈ ਜਾਈ ਜਾਵੇ।[45]

ਖਾਲਸੇ ਦੀ ਪਰਖ ਵਾਸਤੇ ਗੁਰੂ ਜੀ ਦਾਦੂ ਦਿਆਲ ਦੀ ਸਮਾਧੀ ਨੂੰ ਨਮਸ਼ਕਾਰ ਕਰਦੇ ਹਨ। ਭਾਈ ਦਯਾ ਸਿੰਘ ਤੇ ਹੋਰ ਸਿੱਖ ਗੁਰੂ ਜੀ ਨੂੰ ਤਨਖਾਹੀਆ ਕਰਾਰ ਦੇ ਕੇ ਦੰਡ ਲਾਉਂਦੇ ਹਨ। ਗੁਰੂ ਜੀ ਕਹਿੰਦੇ ਹਨ ਕਿ ਖਾਲਸਾ ਪੂਰਨ ਖਾਲਸਾ ਬਣ ਗਿਆ ਹੈ ਅਤੇ ਦੰਡ ਭਰ ਦਿੰਦੇ ਹਨ।[46]

ਬੈਰਾਗੀ ਮਾਧੋ ਦਾਸ ਦੇ ਡੇਰੇ ਉਤੇ ਗੁਰੂ ਜੀ ਦੇ ਜਾਣ ਸਮੇਂ ਭਾਈ ਦਯਾ ਸਿੰਘ ਵੀ ਨਾਲ ਹੁੰਦੇ ਹਨ। ਮਾਧੋ ਦਾਸ ਦੀ ਪਰਖ ਤੋਂ ਬਾਅਦ ਉਸ ਨੂੰ ਗੁਰੂ ਜੀ ਦੇ ਹੁਕਮ ਨਾਲ ਸਿੰਘ ਸਜਾਇਆ ਜਾਂਦਾ ਹੈ। ਇਸ ਰਸਮ ਵਿਚ ਭਾਈ ਦਯਾ ਸਿੰਘ ਵੀ ਸ਼ਾਮਿਲ ਹੁੰਦੇ ਹਨ।[47]

ਗੁਰੂ ਜੀ ਦੇ ਜੋਤੀ ਜੋਤ ਸਮਾਉਣ ਵਕਤ ਭਾਈ ਦਯਾ ਸਿੰਘ ਗੁਰੂ ਜੀ ਦੇ ਹੁਕਮ ਮੁਤਾਬਿਕ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਦੇਣ ਵਾਸਤੇ ਬੀੜ ਲਿਆਉਂਦੇ ਹਨ। ਗੁਰੂ ਜੀ ਦੇ ਸਮਾ ਜਾਣ ਪਿਛੋਂ ਉਹ ਸਭ ਨੂੰ ਧੀਰਜ ਦਿੰਦੇ ਹਨ।[48]

ਰਤਨ ਸਿੰਘ ਭੰਗੂ ਦੇ *ਸ੍ਰੀ ਗੁਰੂ ਪੰਥ ਪ੍ਰਕਾਸ਼* ਅਨੁਸਾਰ ਗੁਰੂ ਗੋਬਿੰਦ ਸਿੰਘ ਰਾਹੀਂ ਪੰਜ ਪਿਆਰਿਆਂ ਦੀ ਸਾਜਨਾ ਸਮੇਂ ਮਰਜੀਵੜਿਆਂ ਵਜੋਂ ਆਪਣੇ ਆਪ ਨੂੰ ਪੇਸ਼ ਕਰਨ ਵਾਲਾ ਭਾਈ ਦਯਾ ਸਿੰਘ ਪਹਿਲਾ ਵਿਅਕਤੀ ਸੀ।[49] ਇਸ ਰਚਨਾ ਵਿਚ ਦੂਜੀ ਘਟਨਾ ਭਾਈ ਦਯਾ ਸਿੰਘ ਰਾਹੀਂ ਜ਼ਫ਼ਰਨਾਮਾ ਲੈ ਕੇ ਬਾਦਸ਼ਾਹ ਔਰੰਗਜ਼ੇਬ ਪਾਸ ਪਹੁੰਚਾਉਣਾ ਹੈ।[50]

ਗੁਰੂ ਪ੍ਰਤਾਪ ਸੂਰਜ ਗ੍ਰੰਥ ਵਿਚ ਭਾਈ ਦਯਾ ਸਿੰਘ ਬਾਰੇ ਅਹਿਮ ਸਾਮੱਗਰੀ ਮਿਲਦੀ ਹੈ। ਜਦੋਂ ਗੁਰੂ ਗੋਬਿੰਦ ਸਿੰਘ ਨੇ ਖਾਲਸਾ ਸਾਜਣ ਲਈ ਸਿੱਖਾਂ ਦੀ ਪਰੀਖਿਆ ਲਈ ਉਸ ਸਮੇਂ ਸੀਸ ਭੇਟਾ ਕਰਨ ਵਾਲੇ ਸਿੱਖਾਂ ਵਿਚੋਂ ਭਾਈ ਦਯਾ ਸਿੰਘ ਸਭ ਤੋਂ ਪਹਿਲਾਂ ਉਠਿਆ। ਉਹ ਲਾਹੌਰ ਵਾਸੀ, ਖਤਰੀਆਂ ਵਿਚੋਂ ਸਿਰਮੌਰ ਸੀ।[51]

ਇਸ ਰਚਨਾ ਵਿਚ ਜਨੇਊ ਸੰਬੰਧੀ ਇਕ ਸਾਖੀ ਹੈ। ਅਜਿਹੀ ਸਾਖੀ *ਮਹਿਮਾ ਪ੍ਰਕਾਸ਼* (ਪਹਿਲਾਂ ਵਿਚਾਰ ਕੀਤੀ ਗਈ ਹੈ) ਵਿਚ ਵੀ ਹੈ। ਏਥੇ ਵੀ ਦਯਾ ਸਿੰਘ ਗੁਰੂ ਜੀ ਦੀ ਕਿਰਪਾਨ ਵਾਸਤੇ ਆਪਣੇ ਜਨੇਊ ਉਤਾਰ ਕੇ ਡੋਰਾ ਬਣਾ ਕੇ ਦਿੰਦਾ ਹੈ। ਫਿਰ ਉਹ ਜਨੇਊ ਪਾਉਂਦਾ ਹੀ ਨਹੀਂ। ਸਿੱਖਾਂ ਦੇ ਕਹਿਣ ਉੱਤੇ ਵੀ ਉਹ ਅਜਿਹਾ ਨਹੀਂ

ਕਰਦਾ। ਸਿੱਖਾਂ ਦੇ ਕਹਿਣ ਉੱਤੇ ਵੀ ਉਹ ਅਜਿਹਾ ਨਹੀਂ ਕਰਦਾ। ਸਿੱਖ ਗੁਰੂ ਜੀ ਪਾਸ ਸ਼ਿਕਾਇਤ ਕਰਦੇ ਹਨ। ਗੁਰੂ ਜੀ ਰਾਹੀਂ ਮੁੜ ਜਨੇਊ ਨਾ ਪਾਉਣ ਦਾ ਕਾਰਨ ਪੁੱਛਣ ਉੱਤੇ ਉਹ ਗੁਰੂ ਜੀ ਨੂੰ 'ਦਇਆ ਕਪਾਹ ਸੰਤੋਖ ਸਤੁ–ਸਲੋਕ ਸੁਣਾਉਂਦਾ ਹੈ। ਗੁਰੂ ਜੀ ਹੁਕਮ ਕਰਦੇ ਹਨ ਕਿ ਜੋ ਸਿੱਖ ਜਨੇਊ ਪਹਿਨਣ ਲਈ ਕਿਸੇ ਨੂੰ ਕਹੇਗਾ ਤਨਖਹੀਆ ਹੋਵੇਗਾ।[੫੨] *ਮਹਿਮਾ ਪ੍ਰਕਾਸ਼* ਦੀ ਸਾਖੀ ਵਾਂਗ ਇਥੇ ਜਨੇਊ ਪਾਉਣ ਸੰਬੰਧੀ ਢਿੱਲ ਦਾ ਉਲੇਖ ਨਹੀਂ। ਪਤਾ ਲਗਦਾ ਹੈ ਕਿ ਮਹਿਮਾ ਪ੍ਰਕਾਸ਼ ਅਤੇ ਇਸ ਰਚਨਾ ਦੀਆਂ ਸਾਖੀਆਂ ਦੇ ਕਰਤਿਆਂ ਦਾ ਰਹਿਤ ਮਰਯਾਦਾ ਪ੍ਰਤੀ ਪਹੁੰਚ ਵਿਚ ਅੰਤਰ ਆ ਗਿਆ ਹੈ। ਇਸ ਦਾ ਕਾਰਨ ਪਰਿਸਥਿਤੀਆਂ ਦੇ ਵਟ ਜਾਣ ਦੇ ਨਾਲ ਨਾਲ ਲੇਖਕ ਦੀਆਂ ਆਪਣੀਆਂ ਰੁਚੀਆਂ ਤੇ ਉਸ ਦੀ ਸਿੱਖ ਰਹਿਤ ਮਰਯਾਦਾ ਪ੍ਰਤੀ ਚੇਤਨਾ ਵਿਚ ਵੇਖਿਆ ਜਾ ਸਕਦਾ ਹੈ।

ਭਾਈ ਦਯਾ ਸਿੰਘ ਗੁਰੂ ਸਾਹਿਬ ਨਾਲ ਸਿੱਖਾਂ ਦੀਆਂ ਹੋਈਆਂ ਗੋਸ਼ਟੀਆਂ ਵਿਚ ਵੀ ਸ਼ਾਮਿਲ ਹੁੰਦੇ ਰਹੇ ਹਨ। ਤੀਜੀ ਰੁਤ ਦੇ ੪੧ ਅੰਸੂ ਵਿਚ ਉਹ ਹੋਰਨਾਂ ਸਮੇਤ ਗੁਰੂ ਜੀ ਪਾਸੋਂ 'ਸ਼ਹੀਦ' ਸਬੰਧੀ ਪੁੱਛ ਕਰਦੇ ਦਸੇ ਗਏ ਹਨ।[੫੩]

ਗੁਰੂ ਸਾਹਿਬ ਭਾਈ ਦਯਾ ਸਿੰਘ ਨੂੰ ਆਪਣਾ ਰੂਪ ਮੰਨਦੇ ਹਨ ਅਤੇ ਸਿੱਖਾਂ ਨੂੰ ਆਦੇਸ ਦਿੰਦੇ ਹਨ ਕਿ ਉਹ ਗੋਸ਼ਟੀਆਂ ਭਾਈ ਦਯਾ ਸਿੰਘ ਨਾਲ ਕਰ ਲਿਆ ਕਰਨ।[੫੪] ਇਸ ਤੋਂ ਲੇਖਕ ਦੇ ਮਨ ਵਿਚ ਭਾਈ ਦਯਾ ਸਿੰਘ ਦੀ ਸ਼ਖਸੀਅਤ ਦੀ ਉੱਚਤਾ ਤੇ ਉਸ ਦੀ ਇਜ਼ਤ ਪ੍ਰਗਟ ਹੁੰਦੀ ਹੈ।

ਇਕ ਹੋਰ ਗੋਸ਼ਟਿ ਵਿਚ ਗੁਰੂ ਸਾਹਿਬ ਭਾਈ ਦਯਾ ਸਿੰਘ, ਉਦੈ ਸਿੰਘ, ਮੁਹਕਮ ਸਿੰਘ ਆਦਿ ਨੂੰ ਤੁਰਕਾਂ ਦੇ ਨਾਸ਼ ਵਾਸਤੇ ਖਾਲਸੇ ਦੀ ਅਹਿਮੀਅਤ ਦਸਦੇ ਹਨ।[੫੫]

ਆਨੰਦਪੁਰ ਵਿਚ ਤੁਰਕਾਂ ਵਿਰੁੱਧ ਇਕ ਲੜਾਈ ਵਿਚ ਉਦੈ ਸਿੰਘ, ਦਯਾ ਸਿੰਘ ਆਦਿ ਸਿੱਖ ਭਾਗ ਲੈ ਕੇ ਆਪਣੀ ਬਹਾਦਰੀ ਵਿਖਾਉਂਦੇ ਹਨ।[੫੬]

ਸਾਹਿਬਜ਼ਾਦਾ ਅਜੀਤ ਸਿੰਘ ਦੇ ਹਮਰਾਹ ਹੋ ਕੇ ਆਨੰਦਪੁਰ ਦੀ ਲੜਾਈ ਵਿਚ ਜਮਤੁਲਾ ਭਾਊ ਵਿਰੋਧ ਵੀ ਦਯਾ ਸਿੰਘ, ਆਲਮ ਸਿੰਘ, ਬਚਿਤ੍ਰ ਸਿੰਘ, ਉਦੈ ਸਿੰਘ ਸਮੇਤ ਭਾਗ ਲੈਂਦੇ ਹਨ।[੫੭]

ਚੌਥੀ ਰੁਤ ਦੇ ੧੯ਵੇਂ ਅੰਸੂ ਵਿਚ ਵੀ ਸਾਹਿਬਜ਼ਾਦਾ ਅਜੀਤ ਸਿੰਘ ਦੇ ਹਮਰਾਹ ਉਦੈ ਸਿੰਘ, ਆਲਮ ਸਿੰਘ, ਮੁਹਕਮ ਸਿੰਘ, ਮਾਨ ਸਿੰਘ ਸਮੇਤ ਦਯਾ ਸਿੰਘ ਨੂੰ ਸੰਘਰਸ਼ ਰੁੱਤ ਵਿਖਾਇਆ ਗਿਆ ਹੈ।[੫੮]

ਇਸੇ ਲੜਾਈ ਵਿਚ ਗੁਰੂ ਜੀ ਦੇ ਹੁਕਮ ਅਨੁਸਾਰ ਭਾਈ ਦਯਾ ਸਿੰਘ ਨੂੰ ਹਮਲਾ ਕਰਨ ਲਈ ਆਗਿਆ ਦੇਣ ਵਾਲਾ ਬਣਾ ਦਿੱਤਾ ਜਾਂਦਾ ਹੈ, ਅਤੇ ਮੁਹਕਮ ਸਿੰਘ, ਉਦੈ ਸਿੰਘ ਆਦਿ ਇਨ੍ਹਾਂ ਨੂੰ ਹੁਕਮ ਦੇਣ ਲਈ ਬੇਨਤੀ ਕਰਦੇ ਹਨ।[੫੯]

ਜਦੋਂ ਗੁਰੂ ਜੀ ਬਸਾਲੀ ਜਾਣ ਲਈ ਨਿਰਮੋਹਗੜ੍ਹ ਤੋਂ ਬਾਹਰ ਆਏ ਤਾਂ ਪਹਾੜੀ ਰਾਜਿਆਂ ਨੇ ਹਮਲਾ ਕੀਤਾ। ਇਸ ਸੰਬੰਧੀ ਹੋਈ ਲੜਾਈ ਵਿਚ ਦਯਾ ਸਿੰਘ, ਮੁਹਕਮ ਸਿੰਘ, ਉਦੈ ਸਿੰਘ ਆਦਿ ਅਜੀਤ ਸਿੰਘ ਸਾਹਿਬਜ਼ਾਦਾ ਦੇ ਹਮਰਾਹ ਹੋ ਕੇ ਲੜੇ।[੬੦]

ਰਵਾਲਸਰ ਵਿਚ ਰੇਵਾ ਦੇ ਪੁੱਤਰ ਸੰਕੀਲਾ ਨਾਲ ਮੁਲਾਕਾਤ ਸਮੇਂ ਉਦੈ ਸਿੰਘ, ਆਲਮ ਸਿੰਘ, ਮੁਹਕਮ ਸਿੰਘ, ਆਦਿ ਸਮੇਤ ਦਯਾ ਸਿੰਘ ਵੀ ਗੁਰੂ ਜੀ ਪਾਸ ਹਾਜ਼ਰ ਸਨ।[61]

ਪੰਜਵੀ ਰੁਤ ਦੇ 16 ਅੰਸੂ ਵਿਚ ਲੇਖਕ ਨੇ ਗੁਰੂ ਸਾਹਿਬ ਤੋਂ ਭਵਿੱਖਬਾਨੀ ਕਰਾਈ ਹੈ ਜੋ ਸਿੱਖ ਰਾਜ ਸਮੇਂ ਪਹਾੜੀ ਰਿਆਸਤਾਂ ਦੇ ਅਧੀਨ ਹੋ ਜਾਣ ਬਾਰੇ ਹੈ। ਗੁਰੂ ਜੀ ਦੱਸਦੇ ਹਨ ਕਿ ਭਾਈ ਦਯਾ ਸਿੰਘ ਆਦਿ ਸਿੱਖ ਭਵਿੱਖ ਵਿਚ ਰਾਜ ਕਰਨਗੇ।[62]

ਚਮਕੌਰ ਦੀ ਲੜਾਈ ਵਿਚ ਦਯਾ ਸਿੰਘ, ਗੁਰੂ ਜੀ ਦੇ ਸਪੁੱਤਰਾਂ ਤੇ ਸੰਤ ਸਿੰਘ ਸਮੇਤ, ਗੁਰੂ ਜੀ ਦੇ ਪਾਸ ਰਹਿੰਦੇ ਹਨ, ਜਦੋਂ ਕਿ ਬਾਕੀ ਸਿੱਖ ਅੱਠ ਅੱਠ ਕਰਕੇ ਕਿਲ੍ਹੇ ਦੀਆਂ ਚੌਹਾਂ ਬਾਹੀਆਂ ਤੇ ਹੁੰਦੇ ਹਨ।[63] ਇਹ ਗੁਰੂ ਜੀ ਨੂੰ ਕਿਲ੍ਹਾ ਤਿਆਗਣ ਲਈ ਬੇਨਤੀ ਕਰਦੇ ਹਨ[64] ਪਰ ਗੁਰੂ ਜੀ ਸੰਘਰਸ਼ ਜਾਰੀ ਰੱਖਦੇ ਹਨ। ਅਖੀਰ ਸਾਹਿਬਜ਼ਾਦਿਆਂ ਤੇ ਹੋਰ ਸਿੰਘਾਂ ਦੀ ਸ਼ਹੀਦੀ ਦੇ ਬਾਅਦ ਗੁਰੂ ਜੀ ਸੰਤ ਸਿੰਘ ਤੇ ਸੰਗਤ ਸਿੰਘ ਨੂੰ ਚਮਕੌਰ ਵਿਚ ਛੱਡ ਕੇ ਆਪ ਦਯਾ ਸਿੰਘ, ਧਰਮ ਸਿੰਘ, ਮਾਨ ਸਿੰਘ, ਆਦਿ ਸਮੇਤ ਵੱਖ-ਵੱਖ ਕਿਲ੍ਹਾ ਤਿਆਗ ਦਿੰਦੇ ਹਨ।[65] ਬਾਅਦ ਵਿਚ ਦਯਾ ਸਿੰਘ, ਧਰਮ ਸਿੰਘ, ਆਦਿ ਗੁਰੂ ਜੀ ਦੀ ਭਾਲ ਕਰਦੇ ਹਨ।[66] ਅਤੇ ਉਨ੍ਹਾਂ ਨੂੰ ਲੱਭ ਲੈਂਦੇ ਹਨ। ਫਿਰ ਉਨ੍ਹਾਂ ਨੂੰ ਨਬੀ ਖਾਂ, ਗਨੀ ਖਾਂ ਦੀ ਸਹਾਇਤਾ ਨਾਲ ਧਰਮ ਸਿੰਘ, ਦਯਾ ਸਿੰਘ ਤੇ ਮਾਨ ਸਿੰਘ ਸੁਰੱਖਿਅਤ ਥਾਂ ਤੇ ਪਹੁੰਚਾਉਂਦੇ ਹਨ।[67]

ਇਸੇ ਰੁਤ ਦੇ 47 ਅੰਸੂ ਵਿਚ ਇਸੇ ਪ੍ਰਸੰਗ ਵਿਚ ਗੁਰੂ ਜੀ ਤਾਂ ਤੁਰਕਾਂ ਰਾਹੀਂ ਪੇਸ਼ ਕੀਤਾ ਖਾਣਾ ਨਹੀਂ ਖਾਂਦੇ, ਉਹ ਆਖਦੇ ਹਨ ਕਿ ਅਸਾਂ ਰੋਜ਼ੇ ਰੱਖੇ ਹਨ। ਪਰ ਦਯਾ ਸਿੰਘ, ਧਰਮ ਸਿੰਘ ਤੇ ਮਾਨ ਸਿੰਘ ਵਾਸਤੇ ਮੁਸ਼ਕਲ ਖੜੀ ਹੋ ਜਾਂਦੀ ਹੈ। ਉਹ ਗੁਰੂ ਜੀ ਦੇ ਹੁਕਮ ਅਨੁਸਾਰ ਖਾਣੇ ਵਿਚ ਕਰਦ ਫੇਰ ਲੈਂਦੇ ਹਨ। ਅਜਿਹਾ ਕਰਨ ਤੇ ਵੀ ਸਵਾਲ ਉਠ ਖੜਦਾ ਹੈ ਕਿ ਅਜਿਹੀ ਰੀਤ ਇਸਲਾਮ ਅਨੁਸਾਰ ਨਹੀਂ। ਉਹ ਇਸ ਦਾ ਵੀ ਜਵਾਬ ਦਿੰਦੇ ਹਨ ਕਿ ਅਜਿਹੀ ਰੀਤ ਮੱਕੇ ਵਿਚ ਹੁਣੇ-ਹੁਣੇ ਪ੍ਰਚੱਲਿਤ ਹੋਈ ਹੈ।[68] ਤੁਰਕਾਂ ਦਾ ਖਾਣਾ ਨਾ ਖਾਣਾ ਲੇਖਕ ਦੀ ਆਪਣੀ ਰੁਚੀ ਅਨੁਸਾਰ ਹੈ ਅਤੇ ਉਹ ਇਸ ਸਮੱਸਿਆ ਦਾ ਹੱਲ ਵੀ ਸੁਲਝਾ ਲੈਂਦਾ ਹੈ।

ਦੀਨਾ ਕਾਂਗੜ ਵਿਚ ਗੁਰੂ ਜੀ ਜ਼ਫਰਨਾਮਾ ਲਿਖ ਕੇ ਭਾਈ ਦਯਾ ਸਿੰਘ ਹੱਥੀਂ ਬਾਦਸ਼ਾਹ ਪਾਸ ਭੇਜਦੇ ਹਨ। ਉਹ ਧਰਮ ਸਿੰਘ ਨੂੰ ਨਾਲ ਲੈ ਕੇ ਜਾਂਦੇ ਹਨ ਅਤੇ ਦਿੱਲੀ, ਆਗਰਾ, ਚੰਬਲ ਪਾਰ ਨਰਵਰ ਕਾਲੇ ਬਾਗ, ਉਜੈਨ, ਨਰਬਦਾ ਪਾਰ ਕਰਕੇ ਗੜ੍ਹ ਸ਼ੇਰ, ਬੁਰਹਾਨਪੁਰ ਹੁੰਦੇ ਹੋਏ ਅਹਿਮਦਾਬਾਦ ਪਹੁੰਚਦੇ ਹਨ। ਉਥੇ ਜਾ ਕੇ ਸਥਾਨੀ ਸੰਗਤ ਦੇ ਜੇਠਾ ਸਿੰਘ ਦੀ ਸਹਾਇਤਾ ਲੈਂਦੇ ਹਨ। ਸਥਾਨੀ ਸੰਗਤ ਹੁਕਮ ਲੈ ਕੇ ਮੁਲਾਕਾਤ ਲਈ ਯਤਨ ਕਰਦੀ ਹੈ।[69]

ਉਥੇ ਜਾ ਕੇ ਯਤਨਾਂ ਦੇ ਬਾਵਜੂਦ ਵੀ ਮੁਲਾਕਾਤ ਨਹੀਂ ਹੁੰਦੀ। ਫਿਰ ਦਯਾ ਸਿੰਘ ਗੁਰੂ ਜੀ ਨੂੰ ਮਦਦ ਕਰਨ ਲਈ ਪੱਤਰ ਲਿਖਦੇ ਹਨ।[70] ਗੁਰੂ ਜੀ ਬਾਦਸ਼ਾਹ ਨੂੰ ਮੱਕੇ ਜਾ ਕੇ ਉਸ ਦੇ ਸੁਪਨੇ ਵਿਚ ਸਮਝਾਉਂਦੇ ਹਨ ਅਤੇ ਉਹ ਦਯਾ ਸਿੰਘ ਆਦਿ ਨੂੰ ਖੁਦ

ਬੁਲਾ ਕੇ ਮੁਲਾਕਾਤ ਕਰਦਾ ਹੈ। ਉਹ ਜਦੋਂ ਕਰਾਮਾਤ ਦੀ ਗੱਲ ਤੋਰਦਾ ਹੈ ਤਾਂ ਦਯਾ ਸਿੰਘ ਆਖਦੇ ਹਨ ਕਿ ਗੁਰੂ ਦੇ ਕੁੱਤੇ ਵੀ ਕਰਾਮਾਤੀ ਹਨ। ਬਾਦਸ਼ਾਹ ਜਦੋਂ ਇਸ ਦਾ ਸਬੂਤ ਚਾਹੁੰਦਾ ਹੈ ਤਾਂ ਦਯਾ ਸਿੰਘ ਰਾਹੀਂ ਮੰਗਵਾਇਆ ਕੁੱਤਾ ਬਾਦਸ਼ਾਹ ਨਾਲ ਗੱਲਾਂ ਕਰਦਾ ਹੈ ਅਤੇ ਉਸ ਨੂੰ ਹਮ ਜਾਤੀ ਦਸਦਾ ਹੈ। ਬਾਦਸ਼ਾਹ ਸੁਣ ਕੇ ਸ਼ਰਮਿੰਦਾ ਹੁੰਦਾ ਹੈ। ਇਹ ਲੇਖਕ ਦੀ ਆਪਣੀ ਰੁਚੀ ਤੋਂ ਇਲਾਵਾ ਤਤਕਾਲੀ ਸਮੇਂ ਵਿਚ ਸਿੱਖਾਂ ਦੀ ਚੜ੍ਹਤ ਨੂੰ ਵੀ ਦਰਸਾਉਂਦਾ ਹੈ। ਫਿਰ, ਖਾਲਸਾ ਸਾਜਨ ਸਬੰਧੀ ਗੱਲਬਾਤ ਹੁੰਦੀ ਹੈ। ਉਹ ਆਖਦਾ ਹੈ ਕਿ ਗੁਰੂ ਜੀ ਨੇ ਕਾਹਲੀ ਕੀਤੀ ਹੈ, ਉਹ ਮੇਰੇ ਤੋਂ ਬਾਅਦ ਅਜਿਹਾ ਕਰਦੇ। ਦਯਾ ਸਿੰਘ ਉਸ ਉਪਰ ਇੱਕ ਮਜ਼ਹਬ ਕਰਨ ਦੀ ਕਾਹਲੀ ਦਾ ਇਲਜ਼ਾਮ ਲਾਉਂਦੇ ਹਨ। ਬਾਦਸ਼ਾਹ ਗੁਰੂ ਜੀ ਦੀ ਉਪਮਾ ਵੀ ਕਰਦਾ ਹੈ ਅਤੇ ਅਖੀਰ ਆਪਣੇ ਮਤਹਿਤਾਂ ਨੂੰ ਪਰਵਾਨੇ ਦੇ ਕੇ ਗੁਰਜ ਬਰਦਾਰਾਂ ਨੂੰ ਦਯਾ ਸਿੰਘ ਦੇ ਹਮਰਾਹ ਭੇਜਦਾ ਹੈ।[੨੧]

ਗੁਰੂ ਜੀ ਜਦੋਂ ਦੱਖਣ ਜਾ ਰਹੇ ਹੁੰਦੇ ਹਨ ਤਾਂ ਦਯਾ ਸਿੰਘ ਕਲਾਇਤ ਦੇ ਥਾਂ ਉਨ੍ਹਾਂ ਨੂੰ ਮਿਲਦਾ ਹੈ ਅਤੇ ਬਾਦਸ਼ਾਹ ਨਾਲ ਮੁਲਾਕਾਤ ਦੀ ਸਾਰੀ ਗੱਲਬਾਤ ਦੱਸਦਾ ਹੈ।[੨੨]

ਬੰਦੇ ਬਹਾਦਰ ਨੂੰ ਪੰਜਾਬ ਭੇਜਣ ਸਮੇਂ ਦੀ ਤਿਆਰੀ ਵੇਲੇ ਦਯਾ ਸਿੰਘ ਆਦਿ ਦੀ ਅਹਿਮੀਅਤ ਨੂੰ ਗੁਰੂ ਜੀ ਉਸ ਪਾਸ ਦ੍ਰਿੜ੍ਹਾਉਂਦੇ ਹਨ ਕਿ ਪੰਥ/ਖਾਲਸਾ ਇਨ੍ਹਾਂ ਤੋਂ ਹੈ।[੨੩]

ਬਾਦਸ਼ਾਹ ਬਹਾਦਰ ਸ਼ਾਹ ਨਾਲ ਗੁਰੂ ਜੀ ਦੀ ਮੁਲਾਕਾਤ ਸਮੇਂ ਗੁਰਜ ਬਰਦਾਰਾਂ ਰਾਹੀਂ ਦਯਾ ਸਿੰਘ ਪਾਸੋਂ ਸਲਾਹ ਲਈ ਜਾਂਦੀ ਹੈ ਅਤੇ ਬਾਅਦ ਵਿਚ ਮੁਲਾਕਾਤ ਸੰਭਵ ਹੁੰਦੀ ਹੈ।[੨੪]

ਨੰਦੇੜ ਵਿਚ ਲੰਗਰ ਸਮੇਂ ਰੌਲੇ ਦੀ ਸਮੱਸਿਆ ਸਬੰਧੀ ਅਤੇ ਗੁਰੂ ਜੀ ਦੇ ਅੰਤਿਮ ਸਮੇਂ ਦੇ ਲੰਗਰ ਦੀ ਸੇਵਾ ਵਿਚ ਦਯਾ ਸਿੰਘ ਦਾ ਯੋਗਦਾਨ ਹੁੰਦਾ ਹੈ।[੨੫]

ਇਉਂ, *ਗੁਰ ਪ੍ਰਤਾਪ ਸੂਰਜ ਗ੍ਰੰਥ* ਵਿਚ ਦਯਾ ਸਿੰਘ ਦੀ ਗੁਰੂ ਜੀ ਬਾਰੇ ਵਿਸ਼ੇਸ਼ ਘਟਨਾਵਾਂ ਦੀ ਸ਼ਮੂਲੀਅਤ ਵਿਖਾਈ ਗਈ ਹੈ। ਇਸ ਸਬੰਧੀ ਸਾਖੀਆਂ ਤੋਂ ਪੰਜ ਪਿਆਰਿਆਂ ਦੀ ਸੰਸਥਾ ਦੀ ਅਹਿਮੀਅਤ ਤੋਂ ਇਲਾਵਾ ਲੇਖਕ ਦੇ ਆਪਣੇ ਵਿਚਾਰਾਂ ਤੇ ਤਤਕਾਲੀ ਪਰਿਸਥਿਤੀਆਂ ਦੀਆਂ ਵਿਸ਼ੇਸ਼ ਸਮੱਸਿਆਵਾਂ ਬਾਰੇ ਵੀ ਚਾਨਣਾ ਪੈਂਦਾ ਹੈ।

ਗੁਰ ਬਿਲਾਸ ਪਾਤਸ਼ਾਹੀ ੬ (ਸੋਹਨ) ਵਿਚ ਦੱਸਿਆ ਗਿਆ ਹੈ ਕਿ ਇਸ ਗ੍ਰੰਥ ਦੀ ਕਥਾ ਗੁਰੂ ਗੋਬਿੰਦ ਸਿੰਘ ਨੇ ਭਾਈ ਦਯਾ ਸਿੰਘ ਨੂੰ ਸੁਣਾਈ ਅਤੇ ਉਨ੍ਹਾਂ ਤੋਂ ਭਾਈ ਮਨੀ ਸਿੰਘ ਨੇ ਸੁਣ ਕੇ ਭਗਤ ਸਿੰਘ ਨੂੰ ਸੁਣਾਈ, ਜੋ ਲੇਖਕ ਦਾ ਵਿਦਿਆ ਗੁਰੂ ਸੀ।[੨੬] ਇਉਂ, ਇਸ ਗ੍ਰੰਥ ਦੀ ਪ੍ਰਮਾਣਕਿਤਾ ਦੀ ਮੰਨਤਾ ਲਈ ਇਸ ਜੁਗਤ ਦਾ ਸਹਾਰਾ ਲਿਆ ਗਿਆ ਹੈ।

ਭਾਈ ਦਯਾ ਸਿੰਘ ਦੇ ਨਾਂ ਨਾਲ ਸੰਬੰਧਿਤ ਰਹਿਤਨਾਮਾ ਵੀ ਹੈ। ਇਸ ਅਨੁਸਾਰ

ਆਨੰਦਪੁਰ ਨਿਵਾਸ ਸਮੇਂ ਭਾਈ ਦਯਾ ਸਿੰਘ ਨੇ ਗੁਰੂ ਜੀ ਨੂੰ ਮੁਕਤੀ ਪ੍ਰਾਪਤੀ ਦੇ ਸਾਧਨ ਵਜੋਂ ਰਹਿਤਨਾਮਾ ਉਚਾਰਨ ਲਈ ਬੇਨਤੀ ਕੀਤੀ ।[੨੭]

ਮੰਗਲ ਸਿੰਘ ਦੇ *ਜੀਵਨ ਚਰਿਤ੍ਰ ਬਾਬਾ ਬੁੱਢਾ ਜੀ* ਅਨੁਸਾਰ ਇਹ ੧੭੬੫ ਵਿਚ ਨੰਦੇੜ ਵਿਚ ਸੁਰਗਵਾਸ ਹੋਏ । ਠਾਕੁਰ ਸਿੰਘ *(ਗੁਰਦੁਆਰੇ ਦਰਸ਼ਨ)* ਅਨੁਸਾਰ ਉਸ ਸਮੇਂ ਅਸੂ ਦੀ ੧੧ ਤਾਰੀਖ (੧੭੬੫ ਬਿ.) ਸੀ ।[੨੮]

ਹਵਾਲੇ ਤੇ ਟਿੱਪਣੀਆਂ

੧. ਠਾਕੁਰ ਸਿੰਘ, *ਸ੍ਰੀ ਗੁਰਦੁਆਰੇ ਦਰਸ਼ਨ*, ਭਾਈ ਲਾਭ ਸਿੰਘ, ਅੰਮ੍ਰਿਤਸਰ, ੧੯੨੩, ਗੁਰੂ ਨਾਨਕ ਦੇਵ ਯੂਨੀਵਰਸਿਟੀ ਲਾਇਬ੍ਰੇਰੀ, ਅੰਮ੍ਰਿਤਸਰ R, ੧੨੯੮, ਪੰਨਾ ੫੩੨-੩੪

੨. ਮੰਗਲ ਸਿੰਘ, *ਜੀਵਨ ਚਰਿਤ੍ਰ ਬਾਬਾ ਬੁੱਢਾ ਸਾਹਿਬ ਜੀ*, ਪ੍ਰਕਾਸ਼ਕ, ਮਹੰਤ ਰਘੁਬੀਰ ਸਿੰਘ, ਰਮਦਾਸ (ਅੰਮ੍ਰਿਤਸਰ) ੧੯੧੫, ਪੰਨਾ ੪੧੪

੩. ਦਇਆ ਸਿੰਘ ਸੋਪਤ ਜਾਤ ਸਿਆਲਕੋਟ ਤਾ ਕੋ ਵਤਨ ॥

(ਸਰੂਪ ਦਾਸ ਭੱਲਾ, ਮਹਿਮਾ ਪ੍ਰਕਾਸ਼, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ੧੯੭੧, ਪੰਨਾ ੮੨੯)

੪. ਦਯਾ ਕੋ ਸਿੰਘ ਤਿਹ *ਸਾਜਿ ਸੀਗਾਰ* ਕੇ ਖੁਸੀ ਕਰਤਾਰ ਕਰ ਕੇ ਪਠਾਯੋ ॥
ਕਹੀ ਸਮਝਾਇ ਕਰਤਾਰ ਤਾਹੀ ਸਮੇਂ ਲਿਖਾ ਔਰੰਗ ਕੇ ਹਾਥ ਦੀਜੈ ॥

(ਸੈਨਾਪਤਿ, ਸ੍ਰੀ ਗੁਰ ਸੋਭਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ੧੯੮੦, ੧੩-੫੫੭-੫੮, ਪੰਨਾ ੮੭)

੫. ਦਯਾ ਸਿੰਘ ਅਰਦਾਸ ਲਿਖਿ ਭੇਜੀ ਪ੍ਰਭ ਕੋ ਤਬੈ ॥
ਆਪਨ ਕਾਜ ਸੁਧਾਰ, ਹੁਇ ਸਹਾਇ ਅਬ ਪ੍ਰਭੁ ਜੀ ॥

(ਉਹੀ, ੧੩-੫੭੧, ਪੰਨਾ ੮੯)

੬. ਗੁਰਜਦਾਰ ਫੁਰਮਾਨ ਲੈ ਦਯਾ ਸਿੰਘ ਕੇ ਸੰਗਿ ॥
ਬਿਦਾ ਕੀਏ ਤਾਹੀ ਸਮੇਂ ਬਾਦਸ਼ਾਹ ਔਰੰਗ ॥

(ਉਹੀ, ੧੩-੫੮੩, ਪੰਨਾ ੯੧)

ਇਨਾਇਤੁਲਾ ਇਸਮੀ, ਅਹਲਾਮਿ ਆਲਮਗੀਰੀ, *ਮਾਖੁਜ਼ਿ ਤਵਾਰੀਖਿ ਸਿਖਾਂ*, (ਸੰਪਾ. ਡਾ. ਗੰਡਾ ਸਿੰਘ), ਸਿੱਖ ਇਤਿਹਾਸ ਸੁਸਾਇਟੀ, ਅੰਮ੍ਰਿਤਸਰ ੧੯੪੯, ਪੰਨੇ ੭੪-੭੫.

੭. ਦਯਾ ਸਿੰਘ ਤਾਹੀ ਦਿਸਾ ਮਿਲਾ ਪ੍ਰਭੂ ਸੋ ਜਾਇ ॥
ਗੁਰਜਦਾਰ ਦਿਲੀ ਗਯੋ ਵਹਿ ਉਸ ਰਾਹਿ ਨ ਜਾਇ ॥

(ਸ੍ਰੀ ਗੁਰ ਸੋਭਾ, ੧੪.੬੧੩, ਪੰਨਾ ੯੭)

੮. ਪਹਿਲੇ ਨੂੰ ਪੁਛਿਆ ਸਿਖਾ ਕੀ ਬਰਨ ਹੈ ਤੇਰਾ ॥
ਤਿਨ ਕਹਿਆ ਜੀ, ਜਿਮੀਦਾਰ ਬਰਨ ਹੈ ਮੇਰਾ ॥੪੧੦॥
ਦੂਜੇ ਨੂੰ ਪੁਛਿਆ ਤਿਨ ਭੀ ਜਿਮੀਦਾਰ ਕਹਿਆ ॥
ਤੀਜੇ ਨੂੰ ਪੁਛਿਆ ਸੋ ਅਰੋੜ ਬੰਸ ਲਹਿਆ ॥
ਪਿਛਲੇ ਦੋਨੋ ਪੁਛੇ ਇਕ ਖਤਰੀ ਇਕ ਤ੍ਰਖਾਨ ਲੁਹਾਰ ॥੪੧੧॥

(ਕੇਸਰ ਸਿੰਘ ਛਿੱਬਰ, ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ, (ਸੰਪਾ. ਪਿਆਰਾ ਸਿੰਘ ਪਦਮ), *ਸਿੰਘ ਬ੍ਰਦਰਜ਼ ਅੰਮ੍ਰਿਤਸਰ, ੧੯੯੭, ਪੰਨਾ ੧੬੩)*

੯. ਬਚਨ ਕੀਤਾ ਜੋ ਕੋਈ ਸਿੱਖ ਸੀਸ ਦੇਵੈ ਸੋ ਅਉਰੰਗੇ ਪਾਸ ਲੇ ਜਾਏ ॥
ਦਇਆ ਸਿਖ ਖਤਰੀ ਸੋਫਤੀ ਮੁਨਸੀ ਹਥ ਜੋੜਿ ਖੜੋਤਾ ਆਏ ॥
ਬਚਨ ਕੀਤਾ ਅਦਬ ਨਾਲਿ ਪੋਥੀ ਅਉਰੰਗੇ ਦੇ ਹਥਿ ਦੇਣੀ ॥ *(ਉਹੀ, ਪੰਨਾ ੧੮੦-੧੮੨)*

੧੦. ਜਗਿਉਪਵੀਤ ਉਤਾਰ ਤਿਨ ਦੀਨਾ ॥
ਲੈ ਸਤਿਗੁਰ ਕਿਰਪਾਨ ਕਾ ਬੰਧਨ ਕੀਨਾ ॥
(ਮਹਿਮਾ ਪ੍ਰਕਾਸ਼, ੧੦.੧੯, ਪੰਨਾ ੮੨੯)

੧੧. ਦਇਆ ਸਿੰਘ ਕੋ ਸਤਿਗੁਰ ਕਹਾ ਪਾਤਸ਼ਾਹ ਪੈ ਜਾਉ ॥
ਸਉਕਨਾਮਾ ਮੇਰਾ ਉਸ ਦੀਜੀਏ ਔਰੁ ਜਬਾਬ ਲੈ ਆਉ ॥
ਨਹੀ ਹਾਥ ਸੇ ਉਸ ਕੋ ਕਰਨਾ ਸਲਾਮ ॥
ਦਇਆ ਸਿੰਘ ਸਤਿਗੁਰ ਪੈ ਗਏ ॥ ਸਾਰੀ ਕਥਾ ਸੁਨਾਵਤ ਭਏ ॥
(ਉਹੀ, ੧੦.੨੬, ਪੰਨਾ ੮੮੬-੯੦)

੧੨. ਵਾਸੀ ਮੋਰ ਲਾਹੌਰ ਦਯਾਲਾ ॥ ਨਾਮ ਦਯਾ ਸਿੰਘ ਦਾਸ ਕ੍ਰਿਪਾਲਾ ॥
ਮੁਹਕਮ ਸਿੰਘ ਨਾਮ ਦੁਤਿ ਗਾਯੋ ॥ ਵਾਸੀ ਦ੍ਵਾਰਾਵਤੀ ਜਤਾਯੋ ॥
ਸਾਹਿਬ ਸਿੰਘ ਨਾਮ ਇਕ ਕਹਾ ॥ ਵਾਸੀ ਬਿਦਰ ਦਛਨੈ ਅਹਾ ॥
ਚਤੁਰਥ ਧਰਮ ਸਿੰਘ ਅਬਿਨਾਸੀ ॥ ਹਸਤਨਪੁਰ ਜਵਨ ਕਾ ਵਾਸੀ ॥
ਪੰਚਮ ਹਿਮਤ ਸਿੰਘ ਜਨਾਯੋ ॥ ਵਾਸੀ ਸ੍ਰੀ ਜਗਨ ਨਾਥ ਗਨਾਯੋ ॥
(ਸੁਖਾ ਸਿੰਘ, ਗੁਰ ਬਿਲਾਸ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ੧੯੭੦, ੧੨. ੪੪-੪੬, ਪੰਨਾ ੧੭੫)

੧੩. ਧਰਮ ਸਿੰਘ ਤਜ ਦਯਾ ਸਿੰਘ ਡਟ ਧਾਇਯੋ ॥
ਸਾਹਿਬ ਸਿੰਘ ਤਜ ਹਿਮਤ ਸਿੰਘ ਪਹ ਆਇਯੋ ॥
ਮੁਹਕਮ ਸਿੰਘ ਤੇ ਬੀਰ ਆਦਿ ਜੋ ਜਾਨੀਯੇ ॥
ਹੋ ਸਭ ਪੈ ਫਿਰਿਯੋ ਸਧਾਇ ਜੁ ਧੀਰ ਧਰਾਨੀਯੇ ॥
(ਉਹੀ, ੧੫. ੧੧੮, ਪੰਨਾ ੨੨੨)

੧੪. ਦਯਾ ਸਿੰਘ ਜੀ ਕੋ ਪਠਯੋ ਔਰੰਗ ਤੀਰ ਸੁ ਧਾਰ ॥੧੫੬॥
ਕੈ ਕਾਰਜ ਤਾਤੇ ਮਤਿ ਸਾਰਾ ॥ ਨਗਰ ਅਹਿਮਦਾਬਾਦ ਸਿਧਾਰਾ ॥੧੬੫॥
(ਉਹੀ, ੨੩. ੧੬੧- ੬੫, ਪੰਨਾ ੩੩੬)

੧੫. ਸਰਬ ਖਾਲਸੇ ਜੋੜ ਕਰਾਈ ॥ ਕੀਨੋ ਗੁਰ ਕਾ ਹੁਕਮ ਸੁਨਾਈ ॥
(ਉਹੀ, ੨੨. ੧੭੨, ਪੰਨਾ ੩੩੭)

੧੬. ਯੋ ਕਹਿ ਸਾਹ ਪੜਿਉ ਬਿਜਨਾਮਾ ॥੧-੯੫
ਯੋ ਜਨ ਹਨਿਓ ਸਾਹ ਉਰ ਸਿਕਾ ॥੧-੯੮॥
ਉਹੀ ੨੨. ੧੭੯-੧੯੯, ਪੰਨਾ ੩੩੭-੩੯.

੧੭. ਦਯਾ ਸਿੰਘ ਤਿਹ ਦੇਸ ਮੈ ਮਿਲਯੋ ਪ੍ਰਭੂ ਸੋ ਆਇ ॥
ਉਹੀ, ੨੪. ੫੪, ਪੰਨਾ ੩੬੨

੧੮. ਸੰਤਾਨ ਖਤ੍ਰੀ ਮੈ ਭਇਯੋ ਨਾਉ ਦੈਆ ਸਿੰਘ ਵਖਾਣੀਐ ॥
ਤਟ ਨਦੀ ਐਰਾਵਤੀ ਕੈ ਲਾਹੌਰੋ ਵਾਸੀ ਜਾਣੀਯੈ ॥
ਨਾਉ ਧਰਮ ਸਿੰਘ ਹਠੀਲੜਾ ਭਵ ਲੈਆ ਮੈ ਕ੍ਰਿਸਾਨ ਕੈ ॥
ਕੁਲ ਬਸੇ ਰਾਜਪੁਰ ਜਿਮੀਦਾਰਾ ਥੰਮ ਸਗਲ ਜਹਾਨ ਕੈ ॥
(ਬੀਰ ਸਿੰਘ ਬੱਲ, ਸਿੰਘ ਸਾਗਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ੧੯੮੬, ੮-੧੦-੧੨, ਪੰਨਾ ੯੮)

੧੯. ਦੈਆ ਸਿੰਘ ਸੋਫਤੀ ਲੌਂ ਰਾਮ ਸੁਤ ਜਾਨੇ ਪਾਛੇ
ਲਿਆਇਯੋ ਭਰ ਤਾਸੁ ਨਦ ਸੁੰਦਰ ਕਿ ਲਾਲ ਕੋ ॥
(ਉਹੀ, ੮. ੯੬, ਪੰਨੇ ੯੮-੯੯)

੨੦. ਦੈਆ ਸਿੰਘੁ ਦਰਬਾਰ ਤੇ ਚੜਿ ਆਇਯੋ ਤਤਕਾਲ ॥
ਨਵਰਸ ਇਸੁ ਰੌਕਤ ਭਇਯੋ ਸੈਨਾ ਸਾਥ ਬਿਸਾਲ ॥
ਨੌਰਸ ਪੈ ਆਇਯੋ ਦੈਆ ਸਿੰਘ ਗਲ ਲਾਇਯੋ ॥
(ਉਹੀ, ੯. ੨੫-੩੭, ਪੰਨੇ ੧੦੭-੦੮)

੨੧. ਦੈਆ ਸਿੰਘ ਲੀਓ ਬੋਲਿ ਜੁ ਲਵ ਅਵਤਾਰ ਸੀ ॥
ਧਰਮ ਸਿੰਘ ਹਠੀਲਾ ਸਿੰਘ ਜਿਮੀਦਾਰ ਸੀ ॥
ਰਾਮ ਸਿੰਘ ਲੀਓ ਬੁਲਾਇ ਅਨੂਪ ਸਰੂਪੀਯਾ ॥
ਹੋ ਸਿੰਘ ਬਚਿਤ੍ਰ ਤਾਤ ਅਨਜ ਬਹੁਰੂਪੀਯਾ ॥
(ਉਹੀ, ੧੨. ੪੮, ਪੰਨਾ ੧੪੯)

੨੨. ਪਾਤੀ ਦੀਨੀ ਹਾਥ ਗੁਰ ਛਾਤੀ ਸੋ ਲਗਾਇ ਕਹਿਯੋ
ਨਾਤੀ ਰਵ ਦੈਆ *ਸਿੰਘ* ਵਾਸੀ ਜੋ ਲਾਹੌਰ ਕੈ ॥
ਔਰੰਗਜ਼ੇਬ ਕੇ ਪ੍ਰਾਨ ਗਏ ਉਤ ਜੋ ਪਤੀਆ ਦੈਆ ਸਿੰਘ ਦਿਖਾਈ ॥
(ਉਹੀ, ੧੩. ੯-੧੨, ਪੰਨੇ ੧੫੮-੫੯)

੨੩. ਤਬੈ ਔਰੰਗਾਬਾਦ ਤੇ *ਮਿਲਿਯੋ* ਦਇਆ ਸਿੰਘ ਆਇ ॥
ਔਰੰਗਜ਼ੇਬ ਕੀ ਕੱਲ ਕਥਾ ਸੁਣ ਆਪਨੇ ਹਾਲੁ ਸ੍ਰੀ ਗੁਰ ਗਾਇਯੋ ॥
ਡਲੇ ਮਲੇ ਕੀ ਕਥਾ ਭਾਖੀ ਕਛੁ ਕੁ ਰਿਸਾਇ ॥
ਦੈਆ ਸਿੰਘ ਪ੍ਰਤਿ ਸ੍ਰੀ ਗੁਰ ਏ ਸਭ ਕਹੀ ਸੁਣਾਇ ॥
(ਉਹੀ, ੧੪. ੩੬, ਪੰਨਾ ੧੭੩)

੨੪. ਸ. ਸ. ਹਾਂਸ, *ਸਾਡਾ ਸਾਹਿਤ ਤੇ ਇਤਿਹਾਸ,* ਵਾਰਿਸ਼ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, ੧੯੯੨, ਪੰਨਾ ੨੨੧

੨੫. ਵਾਸੀ ਮੋਰ ਲਾਹੌਰ ਦਯਾਲਾ ॥ ਨਾਮ ਦਯਾ ਸਿੰਘ ਦਾਸ ਕ੍ਰਿਪਾਲਾ ॥
ਪੂਰਬ ਜਨਮ ਲਊ ਥਾ ਜੋਈ ॥ ਜਾਤ ਸੋਫਤੀ ਖੜ੍ਹੀ ਸੋਈ ॥
(ਕੋਇਰ ਸਿੰਘ, *ਗੁਰ ਬਿਲਾਸ ਪਾਤਸ਼ਾਹੀ ਦਸਵੀਂ,* ਪੰਜਾਬੀ ਯੂਨੀਵਰਸਿਟੀ, ਪਟਿਆਲਾ ੧੯੬੮, ੯. ੨੯-੩੩, ਪੰਨਾ ੧੨੯.)

੨੬. ਦਯਾ ਸਿੰਘ ਪਰੋਸਨ ਲਾਗਾ ॥ ਧਰਮ ਸਿੰਘ ਕਰੀ ਅਤਿ ਮਨੁਰਾਗਾ ॥
ਹਿੰਮਤ ਸਿੰਘ ਜਲ ਲੈਨ ਸਿਧਾਏ ॥ ਸਾਹਿਬ ਸਿੰਘ ਪੂਜ ਬਿਪ ਪਾਏ ॥
ਮੁਹਕਮ ਸਿੰਘ ਜੋ ਅਪਰ ਅਪਾਰਾ ॥ ਦੇਹਿ ਵਰਤਾਇ ਭਾਇ ਅਸ ਧਾਰਾ ॥
ਬਾਬਾ ਬਠਾ ਸਬਦ ਅਲਾਇ ॥ ਸੰਗਤ ਕੋ ਦੀਅਸ ਵਰਤਾਇ ॥
(ਉਹੀ, ੯. ੭੪-੭੮, ਪੰਨੇ ੧੩੩-੩੪)

੨੭. ਦਯਾ ਸਿੰਘ ਸੁਨ ਅਬ ਤਹ ਜਾਈਐ ॥
ਜਾਂ ਕਾ ਤਾ ਕੋ ਦਰਸਨ ਪਈਐ ॥
(ਉਹੀ, ੧੬, ੨੬੫, ਪੰਨਾ ੧੯੨)

੨੮. ਦਯਾ ਸਿੰਘ ਤਟ ਐਸ ਜਤਾਯੋ ॥
ਕਰ ਜੋੜੇ ਬਹੁ ਬਿਨਤਿ ਉਚਾਰੀ ॥
ਚਲੋ ਮਧਿ ਚਮਕੌਰ ਸੁ ਧਾਰੀ ॥ (ਉਹੀ, ੧੯. ੫੨-੫੩, ਪੰਨਾ ੧੯੫)

੨੯. ਯਾ ਸਤ੍ਰਹੇ ਅਧਯਾਇ ਮੈ ਪਠੈ ਦਯਾ ਸਿੰਘ ਆਪ ॥

ਪੁਨਿ ਹਜਰਤ ਮ੍ਰਿਤੁ ਹੋਇਗੋ, ਕਥਾ ਸੁਖਦ ਬਰ ਬਾਪ ॥
ਇਹ ਬਿਧਿ ਹਨਯੋ ਸਾਹ ਉਰ ਸਿਕਾ ॥

(ਉਹੀ ੧੭. ੨੬, ਪੰਨਾ ੨੨੩)

੩੦. ਲਜਾਵਹੁ ਬੇਗ ਤਾਹਿ ਮਮ ਤੀਰਾ ॥ ਭ੍ਰਿਤਨਿ ਨਹਯੋ ਸਾਹ ਮਤਿ ਧੀਰਾ ॥

(ਉਹੀ, ੧੭. ੧-੪੩, ਪੰਨੇ ੨੨੧-੨੫)

੩੧. ਗੁਰੂ ਨਾਨਕ ਕਾ ਰਾਜ ਸੁ ਚੀਨਾ ॥ ਤੁਛ ਭਾਂਗ ਕੀ ਮੁਠੀ ਅਤਿ ਛੀਨਾ॥
ਤਿਤ ਗ੍ਰਿਹ ਕੇ ਤਵ ਔਗੁਨ ਕਏ ॥ ਸਾਤ ਸੀਸ ਤਿਨ ਕੇ ਹਤਿ ਭਏ ॥

(ਉਹੀ, ੧੭. ੩੦, ਪੰਨਾ ੨੨੩)

੩੨. ਦਯਾ ਸਿੰਘ ਤਟ ਰਹੇ ਸੁ ਭਾਏ ॥

(ਉਹੀ, ੨੧. ੨੩੨, ਪੰਨਾ ੨੭੩)

੩੩. ਪ੍ਰਿਥਮੇ ਦੈਆ ਰਾਮ ਸੋਪਤੀ ਖਤਰੀ ਬਾਸੀ ਲਾਹੌਰ ਖੜਾ ਹੂਆ ॥
ਗੁਰੂ ਕੀਆਂ ਸਾਖੀਆਂ, (ਸੰਪਾ. ਪਿਆਰਾ ਸਿੰਘ ਪਦਮ), ਕਲਮ ਮੰਦਰ, ਲੋਅਰ ਮਾਲ, ਪਟਿਆਲਾ, ੧੯੮੬, ਪੰਨਾ ੪

੩੪. ਭਾਈ ਦਯਾ ਰਾਮ ਸੋਫਤੀ ਖਤਰੀ ਸਲਕੋਟ ਨਿਵਾਸੀ ਸਾਹਵੇ ਆਇ ਖਲਾ ਹੂਆ ॥

ਉਹੀ, *ਪੰਨਾ ੪੨*

੩੫. ਭਾਈ ਦਯਾ ਰਾਮ ਆਦਿ ਪਾਂਚ ਸਿਖੋਂ ਕੇ ਸਾਮ੍ਹੇ ਹਾਥ ਸੇ ਖਾਂਡਾ ਫੇਰਨੇ ਲਗੇ॥ *ਉਹੀ, ਪੰਨਾ ੧੧੩*

੩੬. ਇਨੇ ਏਕ ਏਕ ਕੋ ਬੀਰ ਆਸਨ ਬੈਠਾਇ ਖਾਂਡੇ ਕੀ ਪਾਹੁਲ ਦਈ ॥ ਗੁਰੂ ਜੀ ਨੇ ਪ੍ਰਿਥਮੇ ਆਪਨੇ ਨਾਮ ਗੈਲ ਉਪਰੰਤ ਪਾਂਚੋ ਸਿਖਾਂ ਦੇ ਨਾਮਾਂ ਕੇ ਸਾਥ ਸਿੰਘ ਸਬਦ ਲਾਇ ਕੇ ਫਤੇ ਗਜਾਈਂ ।

(ਉਹੀ, *ਪੰਨਾ ੧੧੪)*

੩੭. ਮੈਂ ਤੁਸਾਂ ਕੋ ਮੁਕਤੇ ਪਦਵੀ ਦੇਤਾ ਹਾਂ । ਭਾਈ ਦਯਾ ਸਿੰਘ ਸੇ ਬਚਨ ਹੋਆ ਇਨ ਪਾਂਚੋ ਕੋ ਖਾਂਡੇ ਕੀ ਪਾਹੁਲ ਤਿਆਰ ਕਰਕੇ ਪਿਲਾਈ ਜਾਏ । *(ਉਹੀ, ਪੰਨਾ ੧੧੬)*

੩੮. ਸਤਿਗੁਰਾਂ ਭਾਈ ਦਯਾ ਸਿੰਘ ਆਦਿ ਮੁਖੀਏ ਸਿੰਘਾਂ ਕੇ ਸਾਮ੍ਹੇ ਇਹ ਆਈ ਪਤ੍ਰਿਕਾ ਰਾਖੀ ਕਿ ਹੁਣ ਕਿਆ ਕਰਨਾ ਚਾਹੀਏ । *(ਉਹੀ, ਪੰਨਾ ੧੪੩.)*

੩੯. ਭਾਈ ਦਯਾ ਸਿੰਘ, ਮੋਹਕਮ ਸਿੰਘ, ਸਾਹਿਬ ਸਿੰਘ ਤੇ ਹਿੰਮਤ ਸਿੰਘ ਅਤੇ ਦੋਵੇਂ ਸਾਹਿਬਜ਼ਾਦੇ ਆਪਨੇ ਪਾਸ ਰਖੇ । *(ਉਹੀ, ਪੰਨਾ ੧੪੬)*

੪੦. ਰੈਣ ਭਾਈ ਦਯਾ ਸਿੰਘ, ਧਰਮ ਸਿੰਘ, ਮਾਨ ਸਿੰਘ ਤੇ ਰਾਮ ਸਿੰਘ ਚਾਰੇ ਸਿੱਖ ਨਿਰਬਾਣ ਭੇਸ ਮੈਂ ਆਏ । ਇਹਨਾਂ ਗੁਰੂ ਜੀ ਕਾ ਦਰਸ਼ਨ ਪਾਇਆ । *(ਉਹੀ, ਪੰਨਾ ੧੪੯.)*

੪੧. ਯਿਹ ਜ਼ਫਰਨਾਮਾ ਲਿਖ ਭਾਈ ਦਯਾ ਸਿੰਘ ਸੇ ਬਚਨ ਹੋਆ ਤੁਸੀਂ ਅਹਿਦੀਆ ਭੇਸ ਮੈਂ ਦਖਨ ਦੇਸ ਅਹਿਮਦ ਨਗਰ ਬਾਦਸ਼ਾਹ ਸੇ ਜਾਇ ਕੇ ਦੇਨਾ ਹੈ। ਇਸ ਕੇ ਗੈਲ ਦੂਜਾ ਸਿੱਖ ਧਰਮ ਸਿੰਘ ਪਿਆਰੇ ਕੋ ਤਿਆਰ ਕੀਆ । *(ਉਹੀ, ਪੰਨਾ ੧੫੬)*

੪੨. ਭਾਈ ਦਯਾ ਸਿੰਘ, ਧਰਮ ਸਿੰਘ, ਜੇਠਾ ਸਿੰਘ, ਸ਼ਿਵ ਸਿੰਘ ਤੇ ਦੇਸਾ ਸਿੰਘ ਆਦਿ ਸਿੱਖਾਂ ਨੇ ਹਮਰਾਹ ਜਿਵੇਂ ਗੁਰੂ ਜੀ ਨੇ ਲਿਖਾ ਥਾ, ਬਾਦਸ਼ਾਹ ਔਰੰਗਜ਼ੇਬ ਕੋ ਜਾਇ ਮਿਲੇ। ਕਾਜੀ ਕੇ ਗੈਲ ਦੋ ਗੁਰਜਬਰਦਾਰ ਬਾਦਸ਼ਾਹ ਨੇ ਦੀਏ। ਦੋਨੋਂ ਸਿੱਖ ਭਾਈ ਦਯਾ ਸਿੰਘ ਤੇ ਧਰਮ ਸਿੰਘ ਅਹਿਮਦ ਨਗਰ ਸੇ ਸਾਥ ਆਏ॥

(ਉਹੀ, *ਪੰਨੇ ੧੭੪-੭੫)*

੪੩. ਪੋਖ ਮਾਸ ਕੀ ਸੰਗਰਾਂਦ ਕੇ ਦਿਹੁੰ ਕਲਾਇਤ ਕੇ ਮੁਕਾਮ ਜਾਇ ਡੇਰਾ ਕੀਆ। ਇਸੀ ਨਗਰ ਸੰਗਰਾਂਦ ਕੇ ਦਿਵਸ ਭਾਈ ਦਯਾ ਸਿੰਘ ਤੇ ਧਰਮ ਸਿੰਘ ਦੋਵੇਂ ਪਿਆਰੇ ਸਤਿਗੁਰਾਂ ਸੇ ਆਇ ਮਿਲੇ।

(ਉਹੀ, *ਪੰਨਾ ੧੭੮)*

੪੪. ਪਤ੍ਰਿਕਾ ਮਿਲਨੇ ਸੇ ਸਤਿਗੁਰਾਂ ਭਾਈ ਦਯਾ ਸਿੰਘ ਕੋ ਪੰਜੀ ਸਿੰਘ ਦੇ ਕੇ ਪੀਛੇ ਆਪ ਬਾਕੀ ਦੇ ਸਿੱਖਾਂ ਕੋ ਗੈਲ ਲੈ ਪਿਛਲੇ ਪਹਿਰ ਜੰਗ ਮੇ ਆਇ ਸ਼ਾਮਲ ਹੋਏ। *(ਉਹੀ, ਪੰਨਾ ੧੭੯)*

੪੫. ਸਤਿਗੁਰਾਂ ਦਯਾ ਸਿੰਘ ਸੇ ਕਹਾ ਇਨ੍ਹੇ ਉਠਾਇ ਡੇਰੇ ਮੈ ਲੈ ਜਾਈਏ। ਬਚਨ ਪਾਇ ਦਯਾ ਸਿੰਘ ਡੇਰੇ ਮੈ ਲੈ ਆਏ। *(ਉਹੀ, ਪੰਨਾ ੧੭੯)*

੪੬. ਉਸ ਸਮੇਂ ਭਾਈ ਦਯਾ ਸਿੰਘ ਆਦਿ ਪਾਂਚ ਪਿਆਰਿਆਂ ਨੇ ਗੁਰਮਤਾ ਕਰਕੇ ਗੁਰੂ ਜੀ ਸੇ ਸਵਾ ਸੌ ਰੁਪਇਆ ਦੰਡ ਲਾਇਆ। ਸਤਿਗੁਰਾਂ ਖਜਾਨਚੀ ਸੇ ਕਹਾ, ਇਹ ਲਾਗਾ ਦੰਡ ਇਸੇ ਦੇ ਦੀਜੀਏ। ਬਚਨ ਪਾਇ ਖਜਾਨਚੀ ਨੇ ਉਸੀ ਵਕਤ ਸਵਾ ਸੌ ਰੁਪਇਆ ਖਾਲਸੇ ਕੇ ਹਵਾਲੇ ਕਰ ਦੀਆ। *(ਉਹੀ, ਪੰਨੇ ੧੮੦-੮੧)*

੪੭. ਭਾਈ ਦਯਾ ਸਿੰਘ ਨੇ ਮਾਧੋ ਦਾਸ ਸੇ ਕਹਾ, ਸੰਤ ਜੀ, ਤਿਆਰੀ ਕਰੀਏ, ਤੁਸਾਂ ਕੋ ਖਾਂਡੇ ਪਾਹੁਲ ਦੇਨੀ ਹੈ। ਸਤਿਗੁਰਾਂ ਇਸੇ ਭਾਈ ਦਯਾ ਸਿੰਘ ਆਦਿ ਸਿੱਖਾਂ ਕੋ ਗੈਲ ਲੈ ਆਪਨੇ ਪਾਵਨ ਹਾਥੋਂ ਸੇ ਖਾਂਡੇ ਕੀ ਪਾਹੁਲ ਦੇਕਰ ਸਿੰਘ ਸਜਾ ਦਿੱਤਾ। *(ਉਹੀ, ਪੰਨੇ ੧੮੭-੮੮)*

੪੮. ਭਾਈ ਦਯਾ ਸਿੰਘ ਨੇ ਸਭ ਕੋ ਧੀਰਜ ਦਈ। *(ਉਹੀ, ਪੰਨੇ ੧੯੦-੯੧)*

੪੯. ਪੰਚ ਭੁਜੰਗੀ ਲਏ ਉਠਾਇ ॥ ਚਾਰੇ ਬਚਨ ਇਕ ਕੀਏ ਭਰਾਇ ॥
ਪ੍ਰਿਥਮ ਦਯਾ ਸਿੰਘ ਸੋਫਤੀ ਜਾਤ। ਬਸਤਾ ਲਾਹੌਰ ਹੁਤੇ ਬਖਯਾਤ ॥
(ਰਤਨ ਸਿੰਘ ਭੰਗੂ, ਸ੍ਰੀ ਗੁਰੂ ਪੰਥ ਪ੍ਰਕਾਸ਼, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ੧੯੯੪, ਪੰਨਾ ੭੫)

੫੦. ਸੁ ਨੌਰੰਗੈ ਵਲ ਦਈ ਘਲਾਇ ॥ ਦਯਾ ਸਿੰਘ ਲੈ ਪਹੁਚਯੋ ਜਾਇ ॥
ਥੋੜੀ ਉਨ ਸੁਨੀ ਬਹੁਤ ਰਹੀ ॥ ਜਾਂ ਨਿਸ ਨੌਰੰਗੈ ਫੌਤੇ ਭਈ ॥ *(ਉਹੀ, ਪੰਨਾ ੧੦੬)*

੫੧. ਦਯਾ ਸਿੰਘ ਇਕ ਬਸੈ ਲਾਹੌਰ ॥ ਛਤ੍ਰੀ ਸਭਿ ਸਿੰਘਨ ਸਿਰਮੌਰ ॥੫੦॥
ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ। ੧੯੭੮, ਰੁਤ ੩, ਅੰਸੂ ੧੭, ੪੦, ਅੰਸੂ ੧੮.੬, ੨੧.੨੫.੩੨

੫੨. ਪਾਵਹੁ ਕੰਠ ਜਨੇਊ ਕਹੈ ॥ ਸੋ ਤਨਖਾਹੀ ਨਿਜ ਕੋ ਲਹੈ ॥੪੦॥ *(ਉਹੀ, ਰੁਤ ੩, ਅੰਸੂ ੨੮, ੪੦)*

੫੩. ਇਕ ਦਿਨ ਕਲਗੀਧਰ ਥਿਰੇ ਸਿਦਕੀ ਸਿਖ ਤੀਰਾ ॥
ਮੁਹਕਮ ਸਿੰਘ ਅਰੁ ਦਯਾ ਸਿੰਘ ਹਿੰਮਤ ਸਿੰਘ ਧੀਰਾ ॥
ਇਤਯਾਦਿਕ ਕਰ ਜੋਰਿ ਕੇ ਅਸ ਗਿਰਾ ਬਖਾਨੀ ॥
ਕਿਨ ਕੋ ਨਾਮ ਸ਼ਹੀਦ ਹੈ ਕਯਾ ਕਿਰਤ ਕਰੰਤੇ। *(ਉਹੀ, ਰੁਤ ੩, ਅੰਸੂ ੪੧, ੪)*

੫੪. ਸ੍ਰੀ ਮੁਖ ਤੇ ਸਭਿਹੂੰਨ ਉਚਾਰਾ ॥ ਦਯਾ ਸਿੰਘ ਮਮ ਰੂਪ ਉਦਾਰਾ ॥
ਕਰਹੁ ਪ੍ਰਸ਼ਨ ਜੇਤਕ ਰਚਿ ਹੋਇ ॥ ਉਤਰ ਕਹੈ ਸਕਲ ਹੀ ਸੋਇ ॥
(ਉਹੀ, ਰੁਤ ੫, ਅੰਸੂ ੪੧.੩, ਹੋਰ ਵੇਖੋ ਅੰਸੂ ੪੨ ਤੇ ੪੯)

੫੫. ਸੁਨਿ ਕਰਿ ਦਯਾ ਸਿੰਘ ਬਡ ਬੀਰ ॥ ਉਦੇ ਸਿੰਘ ਆਲਮ ਸਿੰਘ ਬੀਰ ॥ ਮੁਗਲ ਪਠਾਨਨਿ ਤੇਜ ਬਤੇਰਾ ॥
ਸਗਰੋ ਜਗਤ ਜੀਤ ਕਰਿ ਜੇਰਾ ॥ *(ਉਹੀ, ਰੁਤ ੪, ਅੰਸੂ ੨, ੧੫-੧੬)*

੫੬. ਦਯਾ ਸਿੰਘ ਧਾਯੋ। ਉਦੈ ਸਿੰਘ ਆਯੋ ॥
ਇਨੈ ਆਦਿ ਸਿੰਘ। ਮਨੋ ਕੋਪ ਸਿੰਘ ॥ *(ਉਹੀ, ਰੁਤ ੪, ਅੰਸੂ ੮, ੧੦)*

੫੭. ਇਤ ਆਲਮ ਸਿੰਘ ਦਯਾ ਸਿੰਘ ਮਿਲਿ ਬਚਿਤ੍ਰ ਸਿੰਘ ਬੀਰ ॥
ਉਦੈ ਸਿੰਘ ਸੋਂ ਤਬਿ ਕਹਯੋ ਰਹੁ ਗੁਰ ਸੁਤ ਕੇ ਤੀਰ ॥੧੦॥ *(ਉਹੀ, ਰੁਤ ੪, ਅੰਸੂ ੧੪, ੧੦)*

੫੮. ਸੁਨਤਿ ਉਦੇ ਸਿੰਘ ਬੰਦਨ ਕਰੀ ॥ ਦਯਾ ਸਿੰਘ ਰਹਿ ਢਿਗ ਤਿਸ ਘਰੀ ॥
(ਉਹੀ, ਰੁਤ ੪, ਅੰਸੂ ੧੮, ੧੬-੧੭)

੫੯. ਦਯਾ ਸਿੰਘ ਗੁਰ ਕੇ ਸਿਖ ਭ੍ਰਾਰੇ ॥ ਇਨ ਤੇ ਆਗਯਾ ਲੇਹੁ ਸੁਖਾਰੇ ॥
ਮੁਹਕਮ ਸਿੰਘ ਬੀਰ ਤਬਿ ਕਹਯੋ ॥ ਇਹ ਆਸੈ ਨੀਕੇ ਮਨ ਲਹਯੋ ॥
ਦਯਾ ਸਿੰਘ ਜੀ ਹੁਕਮ ਉਚਾਰੋ ॥ ਹਤਹਿ ਖਾਲਸਾ ਰਿਪੁਨ ਸੁਖਾਰੋ ॥
(ਉਹੀ, ਰੁਤ ੪, ਅੰਸੂ ੧੯, ੩੦-੩੪)

੬੦. ਦਯਾ ਸਿੰਘ ਮੁਹਕਮ ਸਿੰਘ ਬੀਰ ॥ ਇਨ ਕੇ ਜੁਤਿ ਅਸਵਾਰ ਹਜਾਰ ॥ ਕਰੇ ਅਜੀਤ ਸਿੰਘ ਕੇ ਲਾਰ॥
(ਉਹੀ, ਰੁਤ ੪, ਅੰਸੂ ੪੩, ੮-੯, ਅੰਸੂ ੪੫, ੧੧-੧੪)

੬੧. ਪੰਚ ਸਿੰਘ ਨਿਜ ਸਾਥ ਮਿਲਾਇ ॥ ਤਿਨ ਕੇ ਨਾਮ ਸੁਨਹੁ ਹਰਖਾਇ ॥
ਦਯਾ ਸਿੰਘ ਪੂਰਨ ਬ੍ਰਹਮ ਗਯਾਨੀ ॥ ਉਦੇ ਸਿੰਘ ਜੋਧਾ ਬਲ ਖਾਨੀ ॥
(ਉਹੀ, ਰੁਤ ੫, ਅੰਸੂ ੬, ੯-੧੦)

੬੨. ਦਯਾ ਸਿੰਘ ਤੇ ਆਦਿ ਸਿਖ ਦਿਜ ਬਰ ਕੇਸੋ ਦਾਸ ॥
ਧਰਹਿ ਪੰਥ ਮਹਿ ਜਨਮ ਪੁੰਨ ਕਰ ਹੈ ਰਾਜ ਪ੍ਰਕਾਸ ॥ *(ਉਹੀ, ਰੁਤ ੫, ਅੰਸੂ ੧੬, ੩੫)*

੬੩. ਦੋਨਹੁ ਸੁਤ ਦਯਾ ਸਿੰਘ ਸੰਤ ਸਿੰਘ ਪਾਸ ਰਾਖੇ ।
ਪ੍ਰਵਿਸਟੇ ਅਟਾਰੀ ਮਹਿ ਕਮਾਨ ਬਾਨ ਤਾਨਿ ਪਾਨ ॥
(ਉਹੀ, ਰੁਤ ੬, ਅੰਸੂ ੩੫, ੨੮)

੬੪. ਦਯਾ ਸਿੰਘ ਆਦੰ ਗੁਰੂ ਪਾਸ ਜੈ ਕੇ ॥ ਕਰੰ ਜੋਰਿ ਦੋਨੋਂ ਬਿਨੈ ਭਾਖਿ ਕੈ ਕੈ ।
ਮਹਾਰਾਜ ਛੋਰੋ ਲਗਾਈ ਅਖਾਰਾ ॥ ਪਿਯਾਨੋ ਕਹੂੰ ਕੋ ਕੀਜੈ ਕਿਨਾਰਾ ॥੮॥
ਘਨੀ ਬੇਨਤੀ ਸੁਯ ਸਿੰਘਾਨ ਕੇਰੀ ॥ ਹਸੇ ਦੀਨ ਦਯਾਲੰ ਭਨਯੋ ਤਾਂਹਿ ਬੇਰਿ ॥
ਪਿਖੋ ਖਗ ਕੇਤੰ ਬਿਲਾਸੰ ਤਮਾਸਾ ॥ *(ਉਹੀ, ਰੁਤ ੬, ਅੰਸੂ ੩੮, ੮-੧੦)*

੬੫. ਤੀਨਹੁੰ ਸਿੰਘ ਸੰਗ ਰਹਿ ਹਮਰੇ ਦਯਾ ਸਿੰਘ ਇਕ ਬੁਧਿ ਮਹਾਨ ॥
ਮਾਨ ਸਿੰਘ ਬਡ ਬੀਰ ਧਰਮ ਸਿੰਘ, ਇਮ ਕਹਿ ਕਰਿ ਉਰ ਆਨਦ ਧਾਰਿ ॥
(ਉਹੀ, ਰੁਤ ੬, ਅੰਸੂ ੪੧, ੭-੮)

੬੬. ਦਯਾ ਸਿੰਘ ਸਿਮਰੀ ਗੁਰ ਬਾਨੀ ॥ ਗੜ੍ਹ ਨਿਕਸਤਿ ਹਮ ਸੰਗ ਬਖਾਨੀ॥
ਇਸ ਤਾਰੇ ਕੀ ਸੇਧ ਪਜਾਨੈ ॥ ਚਲਹੁ ਗੁਰੂ ਮਿਲਿਹੈ ਕਿਸ ਥਾਨੈ ॥੮॥
ਸੁਪਤ ਸੇਜ ਬਿਨੁ ਗੁਰੂ ਨਿਹਾਰੇ ॥ ਦਯਾ ਸਿੰਘ ਕਰ ਜੋਰਿ ਬਖਾਨੀ ॥
(ਉਹੀ, ਰੁਤ ੬, ਅੰਸੂ ੪੪, ੭-੧੮, ੧੯-੪੫)

੬੭. ਚੜਿ ਬੈਠੇ ਗੁਰ ਤਿਸ ਪ੍ਰਜੰਕ ਪਰ ਸਿਰ ਪਰ ਚਾਰਹੁੰ ਲੀਨ ਉਠਾਇ ॥
ਨਬੀ ਗਨੀ ਖਾਂ ਆਗਲ ਪਾਵੇ ਦੋਨਹੁੰ ਸਿਰ ਧਰਿ ਚਲਿ ਅਗਵਾਇ ॥
ਦਯਾ ਸਿੰਘ ਮੂਠਾ ਕਰ ਧਾਰਯੋ ਗਨ ਮੋਰਨ ਪਰ ਬੰਧ ਬਨਾਇ ॥
(ਉਹੀ, ਰੁਤ ੬, ਅੰਸੂ ੪੬-੧੯)

੬੮. ਦਯਾ ਸਿੰਘ ਅਰੁ ਧਰਮ ਸਿੰਘ ਕੋ ਇਕ ਰਕੇਬ ਦੋਨੋਂ ਕੋ ਦੀਨ ॥੧੦॥
ਸੁਨਿ ਕਰਿ ਮਾਨ ਸਿੰਘ ਦਿਯ ਉਤਰ ਜਬਿ ਮਕੇ ਹਮ ਪਹੁੰਚੇ ਜਾਇ ॥
ਨਈ ਰਸਮ ਨਿਕਲੀ ਇਹ ਤਹਿ ਤੇ-ਸਭਿ ਕਿਛ ਲੋਹੇ ਤੇ ਬਨਿ ਆਇ ॥੧॥
(ਉਹੀ, ਰੁਤ ੬, ਅੰਸੂ ੪੭)

੬੯. ਉਹੀ, ਰੁਤ ੬, ਅੰਸੂ ੫੮, ੭-੨੩

੭੦. ਦਯਾ ਸਿੰਘ ਬਿਨਤੀ ਲਿਖ ਪਠੀ ॥
ਆਪਨਾ ਕਾਰਜ ਆਪ ਬਨਾਵਹੁ ॥ ਜਿਮ ਭੇਜਯੋ ਤਿਮ ਸਾਹੁ ਮਿਲਾਵਹੁ ॥
(ਉਹੀ, ਐਨ ੧, ਅੰਸੂ ੩੧, ੧-੮)

੭੧. ਦਯਾ ਸਿੰਘ ਸੁਨਿ ਉਤਰ ਦਾਤੀ ॥ ਗੁਰ ਕੇ ਕੁਤੇ ਭੀ ਕਰਮਾਤੀ ॥
ਤਬ ਕੂਕਰ ਨੇ ਕੂਕ ਸੁਨਾਯੋ ॥ ਆਪਨੇ ਬੋਲ ਸਾਹ ਸਮਝਾਯੋ ॥
ਪੂਰਬ ਤੂੰ ਵਿਚ ਜਾਤਿ ਹਮਾਰੀ ॥ *(ਉਹੀ, ਐਨ ੧, ਅੰਸੂ ੩੧, ੩੧-੬੩)*

੭੨. ਨਗਰ ਕੁਲਾਇਤ ਸੁੰਦਰ ਥਾਇ ॥
ਦਯਾ ਸਿੰਘ ਸਭਿ ਬੂਝਨ ਕੀਨਾ ॥ ਦਯਾ ਸਿੰਘ ਤਬਿ ਉਤਰ ਦੀਨਾ ॥
ਗੁਰਜਦਾਰ ਮੇਰੇ ਸੰਗ ਕੋਈ ॥ ਗਏ ਬਿਛੁਰ ਦਿਲੀ ਦਿਸਿ ਸੋਈ ॥ *(ਉਹੀ, ਐਨ ੧, ਅੰਸੂ ੩੭, ੨੦-੪੭)*

੭੩. ਦਯਾ ਸਿੰਘ ਅਰੁ ਧਰਮ ਸਿੰਘ ਪੁਨ ॥ ਇਨ ਤੇ ਆਦਿ ਖਾਲਸਾ ਢਿਗ ਸੁਨ॥

(ਉਹੀ, ਐਨ ੨, ਅੰਸੂ ੬, ੨)

੭੪. ਦਯਾ ਸਿੰਘ ਕੀ ਮਸਲਤ ਸੁਨਿ ਕਰਿ ॥ ਮਾਨੀ ਭਲੇ ਵਿਲਮ ਕੋ ਪਰਿ ਹਰਿ ॥

(ਉਹੀ, ਐਨ ੨, ਅੰਸੂ ੧੩, ੧-੧੦)

੭੫. ਇਹ ਕਾਰਨ ਕਯਾ ਦੇਹੁ ਬਨਾਈ ॥ ਦਯਾ ਸਿੰਘ ਤਬਿ ਕਹਯੋ ਸੁਨਾਈ ॥
ਪੰਥ ਖਾਲਸੇ ਮਹਿ ਬਡ ਰੌਰਾ । ਕਰਯੋ ਬਚਨ ਸੋਢੀ ਸਿਰਮੋਰਾ ॥
ਬਿਲਮ ਨ ਕਰਹੁ ਧਾਇ ਸਭਿ ਜਾਵਹੁ ॥ ਪੁਰਿ ਤੇ ਸੌਜ ਖਰੀਦ ਲਿਆਵਹੁ ॥
ਦਯਾ ਸਿੰਘ ਅਰੁ ਧਰਮ ਸਿੰਘ ਸੁਨਿ ॥ ਆਦਿ ਸੰਤੋਖ ਸਿੰਘ ਸੁਭਿ ਗੁਨਿ ਗੁਨਿ ॥

(ਉਹੀ, ਐਨ ੨, ਅੰਸੂ ੧੪, ੪੩-੪੬, ਅੰਸੂ ੨੦)

੭੬. ਸ੍ਰੀ ਗੋਬਿੰਦ ਮ੍ਰਿਗਪਤਿ ਕ੍ਰਿਪਾਲਾ ॥ ਕਥਾ ਸੁਨਾਈ ਅਧਿਕ ਬਿਸਾਲਾ ॥
ਦਯਾ ਸਿੰਘ ਜੀ ਸੁਨੀ ਸ ਪ੍ਰੇਮਾ ॥ ਇਕ ਚਿਤ ਆਸਨ ਦ੍ਰਿੜ ਨਿਤਨੇਮਾ ॥੩੬॥
ਤਾਹਿ ਕ੍ਰਿਪਾ ਕਰ ਮੋਹਿ ਸੁਨਾਈ ॥ ਕਥਾ ਗੁਰੂ ਕੀ ਅਤਿ ਸੁਖ ਦਾਈ ॥
ਅਬ ਪ੍ਰਸੰਗ ਸੋ ਕਹੈ ਉਚਾਰਾ ॥ ਭਗਤ ਸਿੰਘ ਸੁਨੀਏ ਨਿਰਧਾਰਾ ॥੩੭॥

(ਸੋਹਨ, ਗੁਰਬਿਲਾਸ ਪਾਤਸ਼ਾਹੀ ਛੇਵੀਂ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ੧੯੯੮, ਪੰਨਾ ੬)

੭੭. ਸ੍ਰੀ ਦਸਵੀਂ ਪਾਤਸ਼ਾਹੀ ਆਨੰਦਪੁਰ ਮੈ ਬੈਠੇ ਥੇ, ਦਯਾ ਸਿੰਘ ਜੀ ਪ੍ਰਸ਼ਨ ਕੀਆ ਸੁ ਮਹਾਰਾਜ ਜੀ, ਰਹਿਤਨਾਮਾ ਕਹਿਏ ਜਿਸ ਕੇ ਸੁਨਨੇ ਤੇ ਮੁਕਤ ਹੋਇ ॥

ਪਿਆਰਾ ਸਿੰਘ ਪਦਮ, ਰਹਿਤਨਾਮੇ, ਕਲਮ ਮੰਦਰ,
ਲੋਅਰ ਮਾਲ, ਪਟਿਆਲਾ ੧੯੯੪, ਪੰਨਾ ੫੭

੭੮. ਜੀਵਨ ਚਰਿਤ੍ਰ ਬਾਬਾ ਬੁੱਢਾ ਸਾਹਿਬ ਜੀ, ਪੰਨਾ ੪੧੪, ਠਾਕੁਰ ਸਿੰਘ, ਗੁਰਦੁਆਰੇ ਦਰਸ਼ਨ, ਪੰਨੇ ੫੩੨-੩੪

ਭਾਈ ਧਰਮ ਸਿੰਘ

ਭਾਈ ਧਰਮ ਸਿੰਘ ਪੰਜਾਂ ਪਿਆਰਿਆਂ ਵਿਚੋਂ ਗੁਰੂ ਜੀ ਦੇ ਹੁਕਮ ਅਨੁਸਾਰ ਸੀਸ ਭੇਟ ਕਰਨ ਵਾਲੇ ਮਰਜੀਵੜੇ ਵਿਅਕਤੀਆਂ ਵਿਚੋਂ ਦੂਜਾ ਮੰਨਿਆ ਜਾਂਦਾ ਹੈ। ਮੰਗਲ ਸਿੰਘ ਦੇ *ਜੀਵਨ ਚਰਿਤ੍ਰ ਬਾਬਾ ਬੁੱਢਾ ਜੀ* ਅਨੁਸਾਰ ਭਾਈ ਧਰਮ ਸਿੰਘ ਦਾ ਪਹਿਲਾ ਨਾਂ ਧਰਮ ਚੰਦ ਸੀ। ਇਹ ੧੭੨੩ ਬਿ. ਨੂੰ ਹਸਤਨਾਪੁਰ (ਦਿੱਲੀ) ਵਿਖੇ ਸੰਤ ਰਾਮ ਜੱਟ ਦੇ ਘਰ ਮਾਤਾ ਸਾਭੋ ਤੋਂ ਪੈਦਾ ਹੋਏ।[੧] ਠਾਕਰ ਸਿੰਘ (ਗੁਰਦੁਆਰੇ ਦਰਸ਼ਨ) ਅਨੁਸਾਰ ਇਹ ਜਟਵਾੜਾ (ਸਹਾਰਨਪੁਰ) ਦੇ ਵਾਸੀ ਸਨ। ਇਨ੍ਹਾਂ ਦਾ ਜਨਮ ਸੰਤ ਰਾਮ ਜੱਟ ਦੇ ਘਰ ਮਾਤਾ ਜਸੀ/ਸਾਵੇ ਤੋਂ ੭ ਕੱਤਕ ੧੭੨੪ ਬਿ. ਨੂੰ ਹੋਇਆ।[੨]

ਸ੍ਰੀ ਗੁਰ ਸੋਭਾ ਵਿਚ, ਜਿਵੇਂ ਅਸੀਂ ਵੇਖਿਆ ਹੈ, ਪੰਜ ਪਿਆਰਿਆਂ ਦੇ ਨਾਂ ਨਹੀਂ ਦਿੱਤੇ ਗਏ। ਗੁਰੂ ਗੋਬਿੰਦ ਸਿੰਘ ਦੇ ਦੱਖਣ ਜਾਣ ਸਮੇਂ ਬਘੌਰ ਦੀ ਲੜਾਈ ਵਿਚ ਕਿਸੇ ਧਰਮ ਸਿੰਘ ਨੇ ਭਾਗ ਲਿਆ।[੩] ਇਸ ਸਬੰਧੀ ਡਾ. ਗੰਡਾ ਸਿੰਘ ਲਿਖਦੇ ਹਨ ਕਿ ਇਹ ਪੰਜ ਪਿਆਰਿਆਂ ਵਿਚੋਂ ਨਹੀਂ। ਪਿਆਰਿਆਂ ਵਿਚੋਂ ਧਰਮ ਸਿੰਘ ਚਮਕੌਰ ਦੀ ਲੜਾਈ ਵਿਚ ਸ਼ਹੀਦ ਹੋ ਗਏ ਸਨ ਅਤੇ ਇਹ ਬਘੌਰ ਦੀ ਲੜਾਈ ਵਿਚ ਸ਼ਿਰਕਤ ਕਰਨ ਵਾਲੇ ਧਰਮ ਸਿੰਘ ਭਾਈ ਰੂਪ ਚੰਦ ਦੇ ਪੁੱਤਰ ਜਾਪਦੇ ਹਨ।[੪] ਪਰ ਇਹ ਪਤਾ ਲਗਦਾ ਹੈ ਕਿ ਚਮਕੌਰ ਦੀ ਲੜਾਈ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਦੇ ਨਾਲ ਜਾਣ ਵਾਲਿਆਂ ਵਿਚ ਦਯਾ ਸਿੰਘ, ਧਰਮ ਸਿੰਘ, ਮਾਨ ਸਿੰਘ ਆਦਿ ਸ਼ਾਮਿਲ ਸਨ। ਇਨ੍ਹਾਂ ਵਿਚ ਸ਼ਾਮਿਲ ਧਰਮ ਸਿੰਘ ਬਾਰੇ ਵਿਚਾਰ ਕਰਨੀ ਲੋੜੀਂਦੀ ਹੈ।

ਗੁਰ ਬਿਲਾਸ (ਸੁਖਾ ਸਿੰਘ) ਵਿਚ ਪੰਜ ਪਿਆਰਿਆਂ ਸਬੰਧੀ ਸੂਚਨਾ ਅਨੁਸਾਰ ਧਰਮ ਸਿੰਘ, ਦਯਾ ਸਿੰਘ, ਮੁਹਕਮ ਸਿੰਘ ਤੇ ਸਾਹਿਬ ਸਿੰਘ ਦੇ ਬਾਅਦ ਸੀਸ ਭੇਟਾ ਕਰਨ ਲਈ ਉਠੇ। ਇਹੀ ਪਤਾ ਲਗਦਾ ਹੈ ਕਿ ਇਹ ਹਸਤਨਾਪੁਰ ਦੇ ਵਾਸੀ ਸਨ।[੫]

ਦੂਨੀ ਚੰਦ ਆਪਣੀ ਸਮੱਸਿਆ ਦੇ ਹੱਲ ਲਈ ਪੰਜਾਂ ਪਿਆਰਿਆਂ ਅੱਗੇ ਪੇਸ਼ ਹੋਇਆ। ਜਿਹਾ ਕਿ ਅਸੀਂ ਪਹਿਲਾਂ ਵੀ ਵੇਖਿਆ ਹੈ ਕਿ ਸੁੱਖਾ ਸਿੰਘ ਨੇ ਧਰਮ ਸਿੰਘ ਦਾ ਨਾਂ ਵੀ ਉਨ੍ਹਾਂ ਵਿਚ ਦਿੱਤਾ ਹੈ।[੬]

ਸਿੰਘ ਸਾਗਰ ਅਨੁਸਾਰ ਵੀ ਧਰਮ ਸਿੰਘ, ਦਯਾ ਸਿੰਘ, ਮੁਹਕਮ ਸਿੰਘ ਤੇ ਸਾਹਿਬ ਸਿੰਘ ਤੋਂ ਬਾਅਦ ਹੀ ਸੀਸ ਭੇਟਾ ਲਈ ਆਉਂਦਾ ਹੈ।[੭] ਜਦੋਂ ਗੁਰੂ ਗੋਬਿੰਦ ਸਿੰਘ ਚਮਕੌਰ ਦੀ ਲੜਾਈ ਤੋਂ ਬਾਅਦ ਕਿਲ੍ਹਾ ਤਿਆਗਦੇ ਹਨ ਤਾਂ ਉਨ੍ਹਾਂ ਦੇ ਹਮਰਾਹੀ ਦਯਾ ਸਿੰਘ, ਧਰਮ ਸਿੰਘ ਜ਼ਿਮੀਦਾਰ ਤੇ ਰਾਮ ਸਿੰਘ ਹੁੰਦੇ ਹਨ।[੮] ਇਉਂ, ਇਹ ਰਚਨਾ ਧਰਮ ਸਿੰਘ ਸਬੰਧੀ ਹੋਰ ਵਿਚਾਰ ਕਰਨ ਲਈ ਮਜਬੂਰ ਕਰਦੀ ਹੈ।

ਗੁਰ ਬਿਲਾਸ ਪਾਤਸ਼ਾਹੀ ੧੦ (ਕੋਇਰ ਸਿੰਘ) ਵਿਚ ਵੀ ਪੰਜ ਪਿਆਰਿਆਂ ਦੇ ਸੀਸ ਭੇਟ ਦੀ ਵਾਰੀ ਵਿਚ ਧਰਮ ਸਿੰਘ ਦਾ ਚੌਥਾ ਸਥਾਨ ਹੈ।[੯] ਇਹ ਕਥਿੱਤ ਦ੍ਵਿਜਾ-ਸੇਵਾ ਵਿਚ ਵੀ ਸ਼ਾਮਿਲ ਹੋਏ।[੧੦]

ਬਘੌਰ ਦੇ ਜੁੱਧ ਵਿਚ ਸ਼ਾਮਿਲ ਹੋਣ ਵਾਲੇ ਧਰਮ ਸਿੰਘ ਨੂੰ ਸ਼ਮਸ਼ੇਰ ਸਿੰਘ ਅਸ਼ੋਕ ਨੇ ਪੰਜ ਪਿਆਰਿਆਂ ਵਾਲਾ ਧਰਮ ਸਿੰਘ ਦੱਸਿਆ ਹੈ।[੧੧] ਇਸ ਸਬੰਧੀ ਵਾਦ-ਵਿਵਾਦ ਹੈ ਜੋ ਅੱਗੇ ਜਾ ਕੇ ਵਿਚਾਰਿਆ ਜਾਵੇਗਾ।

ਗੁਰੂ ਕੀਆਂ ਸਾਖੀਆਂ ਵੀ ਪੰਜ ਪਿਆਰਿਆਂ ਦੀ ਉਪਰੋਕਤ ਤਰਤੀਬ ਹੀ ਦਰਸਾਉਂਦੀਆਂ ਹਨ।[੧੨] ਚਮਕੌਰ ਦੀ ਲੜਾਈ ਵਿਚ ਧਰਮ ਸਿੰਘ ਨੂੰ ਆਲਮ ਸਿੰਘ ਸਮੇਤ ਦੋਹਾਂ ਪਾਸਿਆਂ ਦੀ ਤਕੜਾਈ ਲਈ ਰੱਖਿਆ ਗਿਆ, ਜਦੋਂ ਕਿ ਬਾਕੀ ਚਾਰ ਪਿਆਰੇ ਤੇ ਦੋ ਸਾਹਿਬਜ਼ਾਦੇ ਗੁਰੂ ਜੀ ਪਾਸ ਰਹੇ।[੧੩]

ਚਮਕੌਰ ਤਿਆਗ ਸਮੇਂ ਦਯਾ ਸਿੰਘ, ਧਰਮ ਸਿੰਘ, ਮਾਨ ਸਿੰਘ ਤੇ ਰਾਮ ਸਿੰਘ (ਬਚਿੱਤਰ ਸਿੰਘ ਦਾ ਪੁੱਤਰ) ਗੁਰੂ ਜੀ ਨੂੰ ਭਾਈ ਜੀਵਨ ਸਿੰਘ ਦੇ ਚੁਬਾਰੇ ਵਿਚ ਆ ਕੇ ਮਿਲੇ।[੧੪] ਇਉਂ, ਇਹ ਰਚਨਾ ਧਰਮ ਸਿੰਘ ਪਿਆਰੇ ਦੇ ਚਮਕੌਰ ਦੀ ਲੜਾਈ ਵਿਚੋਂ ਬਚ ਨਿਕਲਣ ਸਬੰਧੀ ਸੰਕੇਤ ਕਰਦੀ ਹੈ।

ਇਸ ਵਿਚ ਜ਼ਫ਼ਰਨਾਮਾ ਲੈ ਕੇ ਬਾਦਸ਼ਾਹ ਪਾਸ ਜਾਣ ਵੇਲੇ ਧਰਮ ਸਿੰਘ ਵੀ ਨਾਲ ਜਾਂਦੇ ਦੱਸੇ ਗਏ ਹਨ। ਇਹ ਅਹਿਮਦ ਨਗਰ ਜਾਂਦੇ ਹਨ ਅਤੇ ਉਥੋਂ ਦੀ ਸੰਗਤ ਦੇ ਸ਼ਿਵ ਸਿੰਘ, ਜੇਠਾ ਸਿੰਘ ਅਤੇ ਭਾਈ ਦਯਾ ਸਿੰਘ ਸਮੇਤ ਬਾਦਸ਼ਾਹ ਨਾਲ ਮੁਲਾਕਾਤ ਵਿਚ ਸ਼ਾਮਿਲ ਵੀ ਹੁੰਦੇ ਹਨ।[੧੫] ਇਹ ਦੋਵੇਂ ਦਯਾ ਸਿੰਘ ਤੇ ਧਰਮ ਸਿੰਘ ਬਾਦਸ਼ਾਹ ਰਾਹੀਂ ਭੇਜੇ ਗਏ ਗੁਰਜ ਬਰਦਾਰਾਂ ਦੇ ਹਮਰਾਹ ਵਾਪਸ ਆਉਂਦੇ ਹਨ। ਗੁਰੂ ਜੀ ਤਲਵੰਡੀ ਸਾਬੋ ਵਿਚ ਭਾਈ ਡੱਲੇ ਨੂੰ ਆਖਦੇ ਹਨ ਕਿ ਅਸਾਂ ਅੱਗੇ ਜਾ ਕੇ ਦੱਖਣ ਵਿਚ ਭਾਈ ਦਯਾ ਸਿੰਘ ਤੇ ਧਰਮ ਸਿੰਘ ਨੂੰ ਮਿਲਣਾ ਹੈ।[੧੬]

ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਪੰਜ ਪਿਆਰੇ ਸਾਜਨਾ ਸਬੰਧੀ ਸੀਸ ਭੇਟ ਕਰਨ ਵਾਲਿਆਂ ਵਿਚੋਂ ਧਰਮ ਸਿੰਘ ਦਾ ਥਾਂ ਦੂਜਾ ਹੋ ਜਾਂਦਾ ਹੈ।[੧੭] ਮੁਹਕਮ ਸਿੰਘ, ਸਾਹਿਬ ਸਿੰਘ ਤੇ ਹਿੰਮਤ ਸਿੰਘ ਕ੍ਰਮਵਾਰ ਉਸ ਤੋਂ ਬਾਅਦ ਉਠਦੇ ਹਨ। ਇਉਂ, ਉਸ ਦਾ ਚੌਥੀ ਤੋਂ ਦੂਜੀ ਥਾਂ ਤੇ ਆ ਜਾਣਾ ਤਤਕਾਲੀ ਪਰਿਸਥਿਤੀਆਂ ਵਿਚ ਜੱਟਾਂ ਦੇ ਉਥਾਨ ਤੇ ਅਹਿਮੀਅਤ ਵੱਲ ਸੰਕੇਤ ਕਰਦਾ ਹੈ। ਅਜਿਹਾ ਰਤਨ ਸਿੰਘ ਭੰਗੂ ਦੇ *ਸ੍ਰੀ ਗੁਰੂ ਪੰਥ ਪ੍ਰਕਾਸ਼* ਵਿਚ ਵੀ ਹੈ।[੧੮] ਗਿਆਨੀ ਗਿਆਨ ਸਿੰਘ ਦੇ *ਸ੍ਰੀ ਗੁਰੂ ਪੰਥ ਪ੍ਰਕਾਸ਼* ਵਿਚ ਵੀ ਇਹੋ ਤਰਤੀਬ ਅਪਣਾਈ ਗਈ ਹੈ।[੧੯]

ਦੁਨੀ ਚੰਦ ਆਪਣੀ ਹਾਥੀ ਨਾਲ ਟਾਕਰਾ ਕਰਨ ਵਾਲੀ ਸਮੱਸਿਆ ਸਮੇਂ ਦਯਾ ਸਿੰਘ ਤੋਂ ਇਲਾਵਾ ਧਰਮ ਸਿੰਘ ਤੇ ਹੋਰਾਂ ਪਾਸ ਆ ਕੇ ਵੀ ਮਿੰਨਤਾਂ ਕਰਦਾ ਹੈ।[੨੦]

ਬਿਸੌਲੀ ਜਾਣ ਤੋਂ ਪਹਿਲਾਂ ਆਨੰਦਪੁਰ ਤਿਆਗਣ ਤੋਂ ਬਾਅਦ ਵਾਲੀ ਜੰਗ ਵਿਚ ਭਾਗ ਲੈਣ ਵਾਲਿਆਂ ਵਿਚ ਧਰਮ ਸਿੰਘ ਦਾ ਨਾਂ ਵੀ ਇਸ ਰਚਨਾ ਵਿਚ ਆਇਆ ਹੈ।[੨੧] ਅਜੀਤ ਸਿੰਘ ਦੇ ਅਧੀਨ ਹੋਈ ਜੰਗ ਵਿਚ ਵੀ ਧਰਮ ਸਿੰਘ ਸ਼ਾਮਿਲ ਹੋਏ।[੨੨]

ਚਮਕੌਰ ਸਾਹਿਬ ਦੀ ਲੜਾਈ ਵਿਚ ਸ਼ਾਮਿਲ ਸਿੱਖਾਂ ਵਿਚ ਦਯਾ ਸਿੰਘ, ਆਦਿ ਪੰਜ ਸਿੰਘਾਂ, ਪੰਜ ਮੁਕਤਿਆਂ ਤੇ ਹੋਰਨਾਂ ਦੇ ਨਾਂ ਦਿੱਤੇ ਗਏ ਹਨ ।[੨੩] ਅੱਠ-ਅੱਠ ਸਿੱਖ ਚੌਹ ਬਾਹੀਆਂ ਉਪਰ, ਦੋ ਕਾਠਾ ਸਿੰਘ, ਮਦਨ ਸਿੰਘ ਦਰਵਾਜ਼ੇ ਤੇ ਅਤੇ ਸੰਤ ਸਿੰਘ, ਦਯਾ ਸਿੰਘ ਤੇ ਦੋਵੇਂ ਸਾਹਿਬਜ਼ਾਦੇ ਗੁਰੂ ਜੀ ਨੇ ਆਪਣੇ ਪਾਸ ਰੱਖੇ ।[੨੪] ਇਥੇ ਪਹਿਲਾਂ ਮੁਹਕਮ ਸਿੰਘ ਅਤੇ ਫੇਰ ਹਿੰਮਤ ਸਿੰਘ ਤੇ ਸਾਹਿਬ ਸਿੰਘ ਸ਼ਹੀਦ ਹੁੰਦੇ ਹਨ ।[੨੫] ਧਰਮ ਸਿੰਘ ਦੇ ਸ਼ਹੀਦ ਹੋਣ ਬਾਰੇ ਇਥੇ ਕੋਈ ਉਲੇਖ ਨਹੀਂ ਹੈ ।

ਅਖੀਰ ਗੁਰੂ ਜੀ ਪਾਸ ਚਮਕੌਰ ਤਿਆਗਣ ਸਮੇਂ ਦਯਾ ਸਿੰਘ, ਧਰਮ ਸਿੰਘ, ਮਾਨ ਸਿੰਘ, ਸੰਗਤ ਸਿੰਘ, ਸੰਤ ਸਿੰਘ ਰਹਿ ਜਾਂਦੇ ਹੰਨ ।[੨੬] ਗੁਰੂ ਜੀ ਇਨ੍ਹਾਂ ਨੂੰ ਗੁਰਿਆਈ ਦੀ ਬਖ਼ਸ਼ਿਸ਼ ਕਰਦੇ ਹਨ ।[੨੭] ਪੰਜਾਂ ਵਿਚੋਂ ਸੰਤ ਸਿੰਘ ਖੱਤਰੀ ਨੂੰ ਕਲਗੀ ਦਿੱਤੀ ਜਾਂਦੀ ਹੈ ।[੨੮] ਕੁਝ ਅਨੁਸਾਰ ਕਲਗੀ ਸੰਗਤ ਸਿੰਘ ਬੰਗਸੀ ਨੂੰ ਪਹਿਨਾਈ ਜਾਂਦੀ ਹੈ ।[੨੯] ਇਹ ਪੰਜੇ ਗੁਰੂ ਜੀ ਨੂੰ ਚਮਕੌਰ ਤਿਆਗਣ ਲਈ ਬੇਨਤੀ ਕਰਦੇ ਹਨ ।[੩੦] ਅਖੀਰ ਸੰਤ ਸਿੰਘ ਤੇ ਸੰਗਤ ਸਿੰਘ ਕਿਲ੍ਹੇ ਵਿਚ ਰਹਿੰਦੇ ਹਨ। ਗੁਰੂ ਜੀ ਤੇ ਬਾਕੀ ਸਿੱਖ ਅਲੱਗ-ਅਲੱਗ ਕਿਲ੍ਹਾ ਤਿਆਗ ਜਾਂਦੇਂ ਹਨ। ਦਯਾ ਸਿੰਘ, ਧਰਮ ਸਿੰਘ ਤੇ ਮਾਨ ਸਿੰਘ ਅੱਗੇ ਜਾ ਕੇ ਗੁਲਾਬੇ ਮਸੰਦ ਦੇ ਬਾਗ ਵਿਚ ਗੁਰੂ ਜੀ ਨਾਲ ਆ ਮਿਲਦੇ ਹਨ ।[੩੧] ਇਉਂ ਗੁਰ ਪ੍ਰਤਾਪ ਸੂਰਜ ਗ੍ਰੰਥ ਅਨੁਸਾਰ ਧਰਮ ਸਿੰਘ ਚਮਕੌਰ ਵਿਚ ਸ਼ਹੀਦ ਨਹੀਂ ਹੋਏ ਸਗੋਂ ਦਯਾ ਸਿੰਘ, ਮਾਨ ਸਿੰਘ ਆਦਿ ਦੇ ਨਾਲ ਕਿਲ੍ਹਾ ਤਿਆਗਣ ਵਿਚ ਕਾਮਯਾਬ ਹੋ ਗਏ ਸਨ।

ਨਬੀ ਖਾਂ ਗਨੀ ਖਾਂ ਦੇ ਨਾਲ ਧਰਮ ਸਿੰਘ ਤੇ ਮਾਨ ਸਿੰਘ ਗੁਰੂ ਜੀ ਦਾ ਪਲੰਘ ਉਠਾਉਂਦੇ ਹਨ ਅਤੇ ਦਯਾ ਸਿੰਘ ਜੀ ਚੌਰ ਕਰਦੇ ਹਨ ।[੩੨] ਸੈਨਾ ਰਾਹੀਂ ਘੇਰੇ ਜਾਣ ਤੇ ਜਦੋਂ ਖਾਣਾ ਖਾਣਾ ਪੈਂਦਾ ਹੈ ਤਾਂ ਗੁਰੂ ਜੀ ਵੱਲੋਂ ਰੋਜ਼ੇ ਰੱਖਣ ਦੀ ਗੱਲ ਕੀਤੀ ਗਈ ਹੈ। ਦਯਾ ਸਿੰਘ, ਧਰਮ ਸਿੰਘ, ਮਾਨ ਸਿੰਘ ਖਾਣੇ ਵਿਚ ਕਰਦ ਫੇਰ ਕੇ ਖਾਣ ਲਗਦੇ ਹਨ । ਉਮਰਾਵਾਂ ਵੱਲੋਂ ਸ਼ੰਕਾ ਕਰਨ ਤੇ ਮਾਨ ਸਿੰਘ ਆਖਦੇ ਹਨ ਕਿ ਉਹ ਹੁਣੇ ਹੀ ਮੱਕੇ ਤੋਂ ਆ ਰਹੇ ਹਨ ਜਿਥੇ ਇਹ ਨਵੀਂ ਰਸਮ ਚਾਲੂ ਹੋਈ ਹੈ ।[੩੩] ਇਉ ਗੁਰ ਪ੍ਰਤਾਪ ਸੂਰਜ ਗ੍ਰੰਥ ਦਾ ਲੇਖਕ ਇਸ ਘਟਨਾ ਸਬੰਧੀ ਤੁਰਕਾਂ ਦੇ ਖਾਣੇ ਪ੍ਰਤੀ ਰਵੱਈਏ ਵਿਚ ਆਪਣੀ ਰੁਚੀ ਦਾ ਪ੍ਰਗਟਾਅ ਕਰਦਾ ਹੈ ।

ਦੀਨੇ ਪਿੰਡ ਵਿਚ ਭਾਈ ਰੂਪ ਚੰਦ ਦੇ ਪੁੱਤਰ ਧਰਮ ਸਿੰਘ ਤੇ ਪਰਮ ਸਿੰਘ ਗੁਰੂ ਜੀ ਪਾਸ ਆ ਕੇ ਮਿਲਦੇ ਹਨ ।[੩੪] ਇਥੋਂ ਹੀ ਜ਼ਫ਼ਰਨਾਮਾ ਲਿਖ ਕੇ ਬਾਦਸ਼ਾਹ ਪਾਸ ਭਾਈ ਦਯਾ ਸਿੰਘ ਹੱਥ ਭੇਜਿਆ ਜਾਂਦਾ ਹੈ ਅਤੇ ਧਰਮ ਸਿੰਘ ਉਸ ਦੇ ਨਾਲ ਜਾਂਦਾ ਹੈ ।[੩੫] ਉਹ ਦਿੱਲੀ ਆਗਰਾ, ਨਰਵਰ, ਉਜੈਣ, ਗੜ੍ਹ ਸ਼ੇਰ ਬੁਰਹਾਨਪੁਰ, ਅਉਰੰਗਾਬਾਦ ਹੋ ਕੇ ਅਹਿਮਦਾਬਾਦ ਜਾਂਦੇ ਹਨ ਅਤੇ ਜੇਠਾ ਸਿੰਘ ਸਥਾਨੀ ਸਿੱਖ ਤੇ ਬਾਕੀ ਸੰਗਤ ਦੀ ਸਹਾਇਤਾ ਨਾਲ ਬਾਦਸ਼ਾਹ ਨਾਲ ਮੁਲਾਕਾਤ ਦਾ ਯਤਨ ਕਰਦੇ ਹਨ ।[੩੬] ਪਰ ਪਰਮ ਸਿੰਘ ਧਰਮ ਸਿੰਘ ਗੁਰੂ ਜੀ ਪਾਸ ਹੀ ਰਹਿੰਦੇ ਹਨ ।[੩੭] ਇਉਂ ਇਸ ਰਚਨਾ ਅਨੁਸਾਰ ਭਾਈ ਦਯਾ ਸਿੰਘ ਦੇ ਨਾਲ ਜ਼ਫਰਨਾਮਾ ਲੈ ਕੇ ਜਾਣ ਵਾਲਾ ਧਰਮ ਸਿੰਘ ਉਹੀ ਹੈ ਜੋ ਚਮਕੌਰ ਦੇ ਕਿਲ੍ਹੇ ਵਿਚੋਂ ਦਯਾ ਸਿੰਘ ਨਾਲ ਬਾਹਰ ਨਿਕਲਿਆ ਅਤੇ ਜੋ ਉਸੇ ਨਾਲ ਗਨੀ ਖਾਂ, ਨਬੀ ਖਾਂ ਦੇ ਹਮਰਾਹ ਗੁਰੂ ਜੀ ਨੂੰ ਬਚਾਅ

ਕੇ ਸੈਨਾ ਦੇ ਘੇਰੇ ਵਿਚੋਂ ਕੱਢ ਕੇ ਲਿਆਇਆ ਸੀ।

ਔਰੰਗਜ਼ੇਬ ਨਾਲ ਮੁਲਾਕਾਤ ਸਮੇਂ ਦਯਾ ਸਿੰਘ ਦੇ ਨਾਲ (ਕਹਿਣ ਦੀ ਲੋੜ ਨਹੀਂ) ਧਰਮ ਸਿੰਘ ਵੀ ਸ਼ਾਮਿਲ ਹੁੰਦਾ ਹੈ।[੩੮] ਅਤੇ ਦੋਵੇਂ ਵਾਪਸ ਆਉਂਦੇ ਹਨ।[੩੯] ਦੂਜੇ ਪਾਸੇ ਜਦੋਂ ਗੁਰੂ ਜੀ ਦੱਖਣ ਜਾਣ ਲਈ ਤਿਆਰ ਹੁੰਦੇ ਹਨ ਤਾਂ ਪਰਮ ਸਿੰਘ ਧਰਮ ਸਿੰਘ ਜੋ ਉਨ੍ਹਾਂ ਪਾਸ ਹੁੰਦੇ ਹਨ, ਵੀ ਨਾਲ ਤਿਆਰੀ ਕਰਦੇ ਹਨ।[੪੦] ਇਹ ਨਹੁਰ ਤੋਂ ਅੱਗੇ ਭਾਦਰਾ ਦੀ ਲੁੱਟ ਵਿਚ ਵੀ ਸ਼ਾਮਿਲ ਹੁੰਦੇ ਹਨ।[੪੧] ਦਯਾ ਸਿੰਘ ਦਾ ਕਲਾਇਤ ਵਿਚ ਗੁਰੂ ਜੀ ਨਾਲ ਮੇਲ ਹੁੰਦਾ ਹੈ।[੪੨] ਇਥੇ ਦਯਾ ਸਿੰਘ ਦੇ ਨਾਲ ਧਰਮ ਸਿੰਘ ਦਾ ਨਾਂ ਨਹੀਂ ਆਇਆ। ਬਘੌਰ ਦੀ ਲੜਾਈ ਵਿਚ ਸ਼ਾਮਿਲ ਧਰਮ ਸਿੰਘ[੪੩] ਦੀ ਸ਼ਨਾਖਤ ਸਪਸ਼ਟ ਨਹੀਂ ਹੁੰਦੀ, ਕਿਉਂਕਿ ਦਯਾ ਸਿੰਘ ਦੇ ਨਾਲ ਧਰਮ ਸਿੰਘ ਵੀ ਔਰੰਗਜ਼ੇਬ ਪਾਸੋਂ ਵਾਪਸੀ ਲਈ ਤੁਰਿਆ ਸੀ। ਦੂਜਾ, ਪਰਮ ਸਿੰਘ ਦਾ ਭਰਾ ਧਰਮ ਸਿੰਘ ਵੀ ਗੁਰੂ ਜੀ ਦੇ ਪਾਸ ਸੀ। ਇਸ ਲਈ ਬਘੌਰ ਵਾਲਾ ਧਰਮ ਸਿੰਘ ਕਿਹੜਾ ਸੀ—ਅਸਪੱਸ਼ਟ ਰਹਿ ਜਾਂਦਾ ਹੈ। ਇਥੇ ਦਯਾ ਸਿੰਘ ਤੇ ਧਰਮ ਸਿੰਘ ਇਕੱਠੇ ਲੜਾਈ ਵਿਚ ਸ਼ਾਮਿਲ ਹੁੰਦੇ ਹਨ[੪੪]। ਧਰਮ ਸਿੰਘ ਦੇ ਨਾਲ ਪਰਮ ਸਿੰਘ ਦਾ ਨਾਂ ਨਹੀਂ ਹੈ। ਇਉਂ ਸਮੱਸਿਆ ਸੁਲਝਦੀ ਨਹੀਂ ਹੈ।

ਬਹਾਦਰ ਸ਼ਾਹ ਦੇ ਤਾਰਾ ਆਜ਼ਮ ਦੀ ਲੜਾਈ ਵਿਚ ਭਾਈ ਨੰਦ ਲਾਲ ਦੇ ਬਹਾਦਰ ਸ਼ਾਹ ਵਜੋਂ ਬੇਨਤੀ ਕਰਨ ਉਤੇ ਗੁਰੂ ਜੀ ਧਰਮ ਸਿੰਘ ਨੂੰ ਸੈਨਾ ਦੇ ਕੇ ਉਸ ਦੀ ਮਦਦ ਲਈ ਭੇਜਦੇ ਹਨ।[੪੫] ਉਹ ਬਹਾਦਰ ਸ਼ਾਹ ਦੇ ਨਾਲ ਹੋ ਕੇ ਉਸ ਨੂੰ ਹੌਸਲਾ ਦਿੰਦਾ ਹੈ।[੪੬] ਅਤੇ ਉਹ ਗੁਰੂ ਜੀ ਪਾਸ ਬਹਾਦਰ ਸ਼ਾਹ ਦੀ ਮਦਦ ਲਈ ਅਰਦਾਸ ਵੀ ਕਰਦਾ ਹੈ।[੪੭] ਅਖ਼ੀਰ ਜਿੱਤ ਤੋਂ ਬਾਅਦ ਬਹਾਦਰ ਸ਼ਾਹ ਧਰਮ ਸਿੰਘ ਨੂੰ ਗੁਰੂ ਜੀ ਵੱਲੋਂ ਮਦਦ ਵਾਸਤੇ ਧੰਨਵਾਦ ਵੀ ਕਰਦਾ ਹੈ।[੪੮]

ਗੁਰੂ ਜੀ ਖਾਲਸੇ ਦਾ ਆਦਿ ਦਯਾ ਸਿੰਘ ਤੇ ਧਰਮ ਸਿੰਘ ਤੋਂ ਦੱਸਦੇ ਹਨ[੪੯]। ਇਹ ਧਰਮ ਸਿੰਘ ਪੰਜ ਪਿਆਰਿਆਂ ਵਿਚੋਂ ਹੀ ਹੋ ਸਕਦਾ ਹੈ, ਭਾਈ ਰੂਪੇ ਦਾ ਪੁੱਤਰ ਨਹੀਂ। ਕਾਰਨ ਇਹ ਹੈ ਕਿ ਉਸ ਧਰਮ ਸਿੰਘ ਦੀ ਅਹਿਮੀਅਤ ਧਰਮ ਸਿੰਘ (ਪਿਆਰਿਆਂ ਵਿਚੋਂ) ਜਿਤਨੀ ਨਹੀਂ ਹੈ।

ਗੁਰੂ ਜੀ ਦੇ ਜੋਤੀ ਜੋਤਿ ਸਮਾਉਣ ਸਮੇਂ ਅੰਤਿਮ ਰਸਮ ਤੇ ਅਰਦਾਸ ਦੀ ਸਮੱਗਰੀ ਦੀ ਖਰੀਦ ਲਈ ਦਯਾ ਸਿੰਘ ਦੇ ਨਾਲ ਧਰਮ ਸਿੰਘ ਵੀ ਸ਼ਾਮਿਲ ਹੁੰਦੇ ਹਨ।[੫੦]

ਇਉਂ ਇਸ ਗ੍ਰੰਥ ਵਿਚ ਭਾਈ ਧਰਮ ਸਿੰਘ ਦੀ ਵਿਸ਼ੇਸ਼ ਘਟਨਾਵਾਂ ਵਿਚ ਸ਼ਮੂਲੀਅਤ ਵਿਖਾਈ ਗਈ ਹੈ। ਇਸ ਬਾਰੇ ਸਾਖੀਆਂ ਤੋਂ ਭਾਈ ਧਰਮ ਸਿੰਘ ਦੀ ਅਹਿਮੀਅਤ ਤੋਂ ਬਿਨਾਂ ਲੇਖਕ ਦੇ ਆਪਣੇ ਵਿਚਾਰਾਂ ਤੇ ਤਤਕਾਲੀ ਪਰਿਸਥਿਤੀਆਂ ਦੀਆਂ ਖਾਸ ਸਮੱਸਿਆਵਾਂ ਉੱਪਰ ਰੌਸ਼ਨੀ ਪੈਂਦੀ ਹੈ।

ਮੰਗਲ ਸਿੰਘ ਦੇ ਜੀਵਨ ਚਰਿਤ੍ਰ ਬਾਬਾ ਬੁੱਢਾ ਜੀ ਅਨੁਸਾਰ ਭਾਈ ਧਰਮ ਸਿੰਘ ਸੰਮਤ ੧੭੭੪ ਨੂੰ ਨਦੇੜ ਵਿਚ ਸੁਵਰਗਵਾਸ ਹੋਏ। ਗਿ. ਠਾਕੁਰ ਸਿੰਘ ਦੇ ਵਿਚਾਰ ਵੀ ਇਹੀ ਹਨ।[੫੧]

ਹਵਾਲੇ ਤੇ ਟਿੱਪਣੀਆਂ

੧. *ਜੀਵਨ ਚਰਿਤ੍ਰ ਬਾਬਾ ਬੁੱਢਾ ਸਾਹਿਬ ਜੀ*, ਪੰਨਾ ੪੧੫
੨. *ਗੁਰਦੁਆਰੇ ਦਰਸ਼ਨ*, ਪੰਨਾ ੫੩੪-੩੬.
੩. ਸਹਰ ਬਘੌਰ ਆਪ ਜੇ ਆਏ ॥
ਲੋਗ ਤਹਾ ਕੇ ਅਤਿ ਡਰ ਪਾਏ ॥੬੨੪॥
ਧਰਮ ਸਿੰਘ ਪ੍ਰਭ ਤਹਾ ਪਠਾਯੋ ॥੬੨੫॥
ਧਰਮ ਸਿੰਘ ਧਾਯੋ ਤਬੈ ਲੈਏ ਸਿੰਘ ਲਲਕਾਰ ॥
ਦਰਵਾਜੇ ਢੂਕੇ ਸਬੈ ਕਹਤ ਮਾਰ ਹੀ ਮਾਰ ॥੬੪੮॥
(*ਸ੍ਰੀ ਗੁਰ ਸੋਭਾ*, ਅਧਿ. ੧੪, ਪੰਨੇ ੯੮-੧੦੫)
੪. *ਉਹੀ*, ਪੰਨਾ ੧੫੬
੫. ਚਤੁਰਥ ਧਰਮ ਸਿੰਘ ਅਬਿਨਾਸੀ ॥ ਹਸਤਨਪੁਰ ਜਵਨ ਕਾ ਵਾਸੀ ॥
(*ਸੁਖਾ ਸਿੰਘ*, ਗੁਰਬਿਲਾਸ, ਅਧਿ. ੧੨, ੪੫, ਪੰਨਾ ੧੭੫)
੬. ਧਰਮ ਸਿੰਘ ਤਜ ਦਯਾ ਸਿੰਘ ਤਟ ਧਾਇਯੋ ॥
ਉਹੀ, ਅਧਿ. ੧੫, ੧੧੯, ਪੰਨਾ ੨੨੨
੭. ਸੈਨ ਅਵਤਾਰ ਸ੍ਰੀ ਸਾਹਿਬ ਜਾਨੋ ਸ੍ਰੀ ਧਰਮ ਸਿੰਘ
ਹਠੀਲਾ ਧੰਨਾ ਭਗਤ ਗੁਪਾਲ ਕੋ ॥
(*ਬੀਰ ਸਿੰਘ ਬਲ*, ਸਿੰਘ ਸਾਗਰ, ੮. ੯੬, ਪੰਨਾ ੯੮)
੮. ਦੈਯਾ ਸਿੰਘ ਲੀਓ ਬੋਲਿ ਜੁ ਲਵ ਅਵਤਾਰ ਸੀ ॥
ਧਰਮ ਸਿੰਘੁ ਹਠੀਲਾ ਸਿੰਘ ਜਿਮੀਦਾਰ ਸੀ ॥
(*ਉਹੀ*, ੧੨. ੪੮, ਪੰਨਾ ੧੪੯)
੯. ਚਤੁਰਥ ਧਰਮ ਸਿੰਘ ਅਬਿਨਾਸੀ ॥
ਹਸਤਨਪੁਰ ਜਵਨ ਕੀ ਵਾਸੀ ॥
ਪੂਰਬ ਜਨਮ ਭਗਤ ਔ ਧੰਨਾ ॥
ਜਾਤ ਜਾਟ ਕੀ ਅਬ ਸੌ ਵੰਨਾ ॥
(*ਕੋਇਰ ਸਿੰਘ, ਗੁਰਬਿਲਾਸ ਪਾਤਿਸ਼ਾਹੀ ਦਸਵੀਂ*, ੯. ੩੨, ਪੰਨਾ ੧੨੯)
੧੦. ਦਯਾ ਸਿੰਘ ਪਰੋਸਨ ਲਾਗਾ ॥ ਧਰਮ ਸਿੰਘ ਕਰੀ ਅਤਿ ਅਨੁਰਾਗਾ ॥ (*ਉਹੀ*, ੯. ੭੮, ਪੰਨਾ ੧੩੩)
੧੧. ਨਿਕਟ ਸਹਿਰ ਬਾਘੌਰ ਜੋ ਆਏ ॥ ਲੋਕ ਤਹ ਕੇ ਅਤਿ ਡਰ ਪਾਏ ॥
ਧਰਮ ਸਿੰਘ ਪ੍ਰਭੁ ਜੁ ਸੋ ਬੁਲਾਯੋ ॥ ਬਾਰੀ ਦੈ ਸੰਗ ਤਾਹਿ ਪਠਾਯੋ ॥
ਧਰਮ ਸਿੰਘ ਸਾਹਿਬ ਤਟ ਆਈ ॥ ਆਨ ਠੌਰ ਡੇਰਾ ਕਰਵਾਈ ॥
ਤਬ ਤੀਸਰ ਦਿਨ ਆਯੋ, ਯੋ ਪ੍ਰਭ ਕਹੀ ਸੁਨਾਇ ॥
ਧਰਮ ਸਿੰਘ ਤੁਮ ਯੋ ਸੁਨੋ, ਹਲਾ ਕੀਚੋ ਜਾਇ ॥
(*ਉਹੀ*, ਪੰਨੇ ੨੪੦-੨੪੪, ੩੨੨)
੧੨. ਚੌਥੀ ਵਾਰੀ ਫੇਰ ਇਕ ਸਿਰ ਕੀ ਮਾਂਗ ਕੀ, ਤੇ ਹਸਤਨਾਪੁਰ ਕੇ ਵਸਨੀਕ ਧਰਮ ਚੰਦ ਨਾਮੀ ਜਾਟ ਨੇ ਸੀਸ ਭੇਟ ਕੀਆ। (*ਗੁਰੂ ਕੀਆਂ ਸਾਖੀਆਂ*, ਪੰਨਾ ੧੧੨)
੧੩. ਭਾਈ ਧਰਮ ਸਿੰਘ ਤੇ ਆਲਮ ਸਿੰਘ ਕੋ ਦਵਾਂ ਪਾਸਿਆਂ ਕੀ ਤਕੜਾਈ ਕੇ ਲੀਏ ਮੁਕਰਰ ਕੀਆ।
(*ਉਹੀ*, ਪੰਨਾ ੧੪੬)

੧੪. ਗੁਰੂ ਜੀ ਸਾਰਾ ਦਿਹੁੰ ਭਾਈ ਜੀਵਨ ਸਿੰਘ ਕੇ ਚੁਬਾਰੇ ਮੇਂ ਬਿਰਾਜੇ ਰਹੇ। ਰੈਣ ਭਾਈ ਦਯਾ ਸਿੰਘ, ਧਰਮ ਸਿੰਘ, ਮਾਨ ਸਿੰਘ ਤੇ ਰਾਮ ਸਿੰਘ ਚਾਰੇ ਸਿੰਘ ਨਿਰਬਾਣ ਭੇਸ ਮੇਂ ਆਏ। ਇਹਨਾਂ ਗੁਰੂ ਜੀ ਕਾ ਦਰਸ਼ਨ ਪਾਇਆ। *(ਉਹੀ, ਪੰਨਾ ੧੪੯)*

੧੫. ਯਿਹ ਜ਼ਫਰਨਾਮਾ ਲਿਖ ਭਾਈ ਦਯਾ ਸਿੰਘ ਸੇ ਬਚਨ ਹੋਆ ਤੁਸੀਂ ਅਹਿਦੀਆਂ ਭੇਸ ਮੇਂ ਦਖਨ ਦੇਸ ਅਹਿਮਦ ਨਗਰ ਬਾਦਸ਼ਾਹ ਸੇ ਜਾਇ ਕੇ ਦੇਨਾ ਹੈ। ਇਸ ਕੇ ਗੈਲ ਦੂਜਾ ਸਿੱਖ ਧਰਮ ਸਿੰਘ ਪਿਆਰੇ ਕੋ ਤਿਆਰ ਕੀਆ॥ *(ਉਹੀ, ਪੰਨਾ ੧੫੪)*

ਉਪਰੰਤ ਭਾਈ ਦਯਾ ਸਿੰਘ, ਧਰਮ ਸਿੰਘ, ਜੇਠਾ ਸਿੰਘ, ਸ਼ਿਵ ਸਿੰਘ ਤੇ ਦੇਸਾ ਸਿੰਘ ਆਦਿ ਸਿੱਖਾਂ ਕੇ ਹਮਰਾਹ ਜਿਵੇਂ ਗੁਰੂ ਜੀ ਨੇ ਲਿਖਾ ਥਾ ਬਾਦਸ਼ਾਹ ਔਰੰਗਜ਼ੇਬ ਕੋ ਜਾਇ ਮਿਲੇ।
(ਉਹੀ, ਪੰਨਾ ੧੭੪)

੧੬. ਕਾਜੀ ਕੇ ਗੈਲ ਦੋ ਗੁਰਜ ਬਰਦਾਰ ਬਾਦਸ਼ਾਹ ਨੇ ਦੀਏ, ਦੋਵੇਂ ਸਿੱਖ ਭਾਈ ਦਯਾ ਸਿੰਘ ਤੇ ਧਰਮ ਸਿੰਘ ਅਹਿਮਦ ਨਗਰ ਸੇ ਸਾਥ ਆਏ।

ਫਿਰ ਭਾਈ ਦਯਾ ਸਿੰਘ ਤੇ ਧਰਮ ਸਿੰਘ ਦੋਮੇਂ ਗੁਰੂ ਜੀ ਤਰਫ ਨੂੰ ਗਏ। ਭਾਈ ਦਯਾ ਸਿੰਘ ਤੇ ਧਰਮ ਸਿੰਘ ਦੋਵੇਂ ਬਾਦਸ਼ਾਹ ਕੋ ਮਿਲ ਕੇ ਆਏ। *(ਉਹੀ, ਪੰਨਾ ੧੭੫)*

੧੭. ਦੂਸਰ ਕਹਯੋ ਹਸਤਨਾਪੁਰ ਕੋ ॥ ਨਾਮ ਧਰਮ ਸਿੰਘ ਮੈਂ ਸਿੱਖ ਗੁਰ ਕੋ ॥
(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰੁਤ ੩, ਅੰਸੂ ੧੯, ੩੧)

੧੮. ਦੂਜੇ ਧ੍ਰਮ ਸਿੰਘ ਹਸਤਨਾਪੁਰ ਵਾਸੀ ॥ ਹੁਤ ਜਟ ਸਿਵ ਜਟੋ ਪ੍ਰਨਾਸੀ ॥
(ਸ੍ਰੀ ਗੁਰੂ ਪੰਥ ਪ੍ਰਕਾਸ਼, ਪੰਨਾ ੭੫)

੧੯. ਦਯਾ ਸਿੰਘ ਇਕ ਖਤ੍ਰੀ ਜਾਤੀ ॥ ਧਰਮ ਸਿੰਘ ਵਰ ਜਟ ਬਖਯਾਤੀ ॥੫੯॥
ਮੁਹਕਮ ਸਿੰਘ ਤੀਸਰੋ ਛੀਪਾ ॥ ਨਾਈ ਸਾਹਿਬ ਸਿੰਘ ਗੁਨੀਪਾ ॥
ਪੰਚਮ ਹਿੰਮਤ ਸਿੰਘ ਕਹਾਰੈ ॥ ਪੂਰਾ ਹੁਤੇ ਭਗਤਨਿ ਅਵਤਾਰੈ ॥
(ਗਿਆਨ ਸਿੰਘ, ਗਿ. *ਸ੍ਰੀ ਗੁਰੂ ਪੰਥ ਪ੍ਰਕਾਸ਼*, (ਸੰਪਾ. ਗਿ. ਕਿਰਪਾਲ ਸਿੰਘ), ਪ੍ਰਕਾਸ਼ਕ ਮੋਹਨ ਸਿੰਘ ਬਰਾੜ, ਗਲੀ ਸ਼ਹੀਦ ਬੁੰਗਾ, ਅੰਮ੍ਰਿਤਸਰ, ੧੯੭੩, ਭਾਗ ਤੀਜਾ, ਪੂਰਬਾਰਧ, ਬਿਸ੍ਰਾਮ ੬੧, ੫੯, ਪੰਨਾ ੧੫੭੩

੨੦. ਇਮ ਸੁਨਿ ਉਠਿ ਅਪਰਨ ਢਿਗ ਗਯੋ ॥ ਇਸ ਬਿਧਿ ਹੀ ਸੋ ਭਾਖਤਿ ਭਯੋ॥
ਧਰਮ ਸਿੰਘ ਸਾਹਿਬ ਸਿੰਘ ਪਾਸੀ ॥ ਮੁਹਕਮ ਸਿੰਘ ਸਮੀਪ ਪ੍ਰਕਾਸੀ ॥
(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰੁਤ ੪, ਅੰਸੂ ੨੨, ੨੭)

੨੧. ਉਦੇ ਸਿੰਘ ਅਰੁ ਧਰਮ ਸਿੰਘ ਭਟ ਸਾਹਿਬ ਸਿੰਘ ਸੰਭਾਰੇ ॥ *(ਉਹੀ, ਰੁਤ ੪, ਅੰਸੂ ੩੯-੩੩)*

੨੨. ਪਿਖ ਅਜੀਤ ਸਿੰਘ ਗਮਨੇ ਆਗੇ ਉਦੇ ਸਿੰਘ ਰਿਸਧਾਰੀ ॥
ਆਲਮ ਸਿੰਘ ਦਯਾ ਸਿੰਘ *ਪਹੁੰਚਯੋ ਮੁਹਕਮ ਸਿੰਘ* ਅਗਾਰੀ ॥
ਧਰਮ ਸਿੰਘ ਸਾਹਿਬ ਸਿੰਘ ਧਾਏ ਰਾਮ ਸਿੰਘ ਰਸ ਹੇਰਾ ॥
(ਉਹੀ, ਰੁਤ ੪, ਅੰਸੂ ੪੫, ੧੪)

੨੩. ਜੋਰਾਵਰ ਸਿੰਘ ਔ ਅਜੀਤ ਸਿੰਘ ਬੀਰ ਜੁਗ
ਦਯਾ ਸਿੰਘ ਆਦਿ ਪੰਚ ਸਿੰਘ ਧਰਿ ਧੀਜਤੇ।
(ਉਹੀ, ਰੁਤ ੬, ਅੰਸੂ ੩੫, ੨੩)

੨੪. ਆਠ ਆਠ ਸਿੰਘ ਇਕ ਇਕ ਬਾਹੀ ਦੀਨੀ ਤਿਨੈ
ਤੀਸ ਦੋਇ ਸਿੰਘ ਮਹਿ ਆਯੁਧ ਭੇ ਸਾਵਧਾਨ ॥
ਕੋਠਾ ਸਿੰਘ ਏਕ ਔ ਮਦਨ ਸਿੰਘ ਦੋਨੋਂ ਹੂੰ ਕੋ ਦੀਨੇ
ਪੌਰ ਗਾੜੇ ਰਹੋ ਕੀਜੈ ਰਿਪੁ ਹੇਰਿ ਹਾਨ ॥
(ਉਹੀ, ਰੁਤ ੬, ਅੰਸੂ ੩੫, ੨੮)

੨੫. ਇਮ ਮੁਹਕਮ ਸਿੰਘ ਸੁਰਗ ਪਿਆਨਾ ॥
ਹਿੰਮਤ ਸਿੰਘ ਸਾਹਿਬ ਸਿੰਘ ਜਵਾਨਾ ॥੨੫॥
ਲਰਤ ਬਹਾਦਰ ਦੋਨੋ ਅਰੇ ॥

ਬੀਸ ਪਚੀਸਨ ਮਾਰਤਿ ਮਰੈ ॥੩੧॥

(ਉਹੀ, ਰੁਤ ੬, ਅੰਸੂ ੩੭)

੨੬. ਦਯਾ ਸਿੰਘ ਅਰ ਧਰਮ ਸਿੰਘ ਜੀ ਅਨ ਸਿੰਘ ਤੀਨੋ ਬਰਬੀਰ ॥
ਸੰਤ ਸਿੰਘ ਸੰਤ ਸਿੰਘ ਪੰਚਮ ਤਿਨਹੁੰ ਬਿਠਾਯੋ ਦੇ ਕਰਿ ਧੀਰ॥
ਗੁਰਤਾ ਅਰਪਨਿ ਲਗੇ ਖਾਲਸੇ ਪੰਚ ਸਿੰਘ ਤਹਿ ਸੋਹਿ ਸਰੀਰ॥
ਪੰਚਹੁ ਮਹਿ ਨਿਤ ਬਰਤਤਿ ਮੈਂ ਹੌਂ ਪੰਚ ਮਿਲਹਿਂ ਸੇ ਪੀਰਨ ਪੀਰ ॥

(ਉਹੀ, ਰੁਤ ੬, ਅੰਸੂ ੪੧, ੨)

੨੭. *ਉਹੀ*, ਰੁਤ ੬, ਅੰਸੂ ੪੧, ੨

੨੮. ਪੰਚਹੁ ਮਹਿਂ ਕਲਗੀ ਕਿਹ ਦੀਨਸਿ ਸੋ ਨਿਰਨੈ ਸੁਨੀਯੈ ਮਨ ਲਾਇ ॥
ਸੰਤ ਸਿੰਘ ਖਤ੍ਰੀ ਸਿਖ ਸੁਭ ਮਤਿ ਥਾਪਯੋ ਪੰਚਹੁ ਮਹਿ ਬਡਿਆਇ ॥
ਤਿਸ ਕੋ ਗੁਰਤਾ ਅਰਪਨ ਕੀਨਸਿ ਪ੍ਰਥਮ ਖਾਲਸੇ ਮਹਿ ਤਿਨ ਪਾਇ ॥

(ਉਹੀ, ਰੁਤ ੬, ਅੰਸੂ ੪੧. ੧੦)

੨੯. ਕਿਤਿਕ ਕਹਤਿ ਸੰਗਤ ਸਿੰਘ ਬੰਗਸੀ ਬੰਗਸ ਦੇਸ ਬਿਖੈ ਤੇ ਆਇ ॥
ਤਿਸ ਕੋ ਕਰਯੋ ਸਥਾਪਨ ਤਿਤ ਤਿਨ ਗੁਰਤਾ ਦਈ ਜਿਗਾ ਪਹਿਰਾਇ ॥
ਸਤਿਗੁਰ ਕੇ ਸਿਖ ਦੋਨਹੁੰ ਗੁਰਮੁਖ ਤਿਨ ਮਹਿ ਕੋਊ ਥਪਯੋ ਬਨਾਇ ॥
ਤਿਸ ਪਰ ਬਾਦ ਨਹੀਂ ਕੁਛ ਬਰਨਹੁੰ ਕੇ ਲਿਹੁ ਚਰਨ ਮਨਾਇ॥

(ਉਹੀ, ਰੁਤ ੬, ਅੰਸੂ ੪੧, ੧੧)

੩੦. ਤਜੇ ਹਜਾਰਹੁੰ ਸਰ ਬਰਖਾਏ ਪੁਨ ਪੰਚਹੁ ਸਿੰਘ ਬਿਨਤੀ ਕੀਨਿ ॥
ਨਿਕਸਹੁ ਸ੍ਰੀ ਪ੍ਰਭੁ ਸਭੋ ਭਲੋ ਅਬਿ ਹਠ ਕੋ ਤਜਹੁ ਕਰੇ ਰਿਪ ਹੀਨ ॥
ਦੇਖਹੁ ਸਗਰੇ ਸਿੰਘ ਗਏ ਖਪਿ ਇਕ ਰਾਵਰ ਕੇ ਪੰਥ ਅਧੀਨ ॥
ਜਹਾਂ ਥਿਰਹੁ ਪੁਨ ਰਚਹੁ ਹਜਾਰਹੁੰ ਥਿਰਹਿ ਖਾਲਸਾ ਜਗਤ ਪ੍ਰਬੀਨ ॥

(ਉਹੀ, ਰੁਤ ੬, ਅੰਸੂ ੪੧, ੧੬)

੩੧. ਧਰਮ ਸਿੰਘ ਮਗ ਚਲਤਿ ਬਿਲੋਕੇ ॥ ਦਯਾ ਸਿੰਘ ਕੋ ਕਹਿ ਕਰਿ ਰੋਕੇ ॥
ਇਹ ਸਤਿਗੁਰ ਕੋ ਭੂਖਨ ਕੋਈ ॥ ਲਾਲੀ ਲਗੇ ਦਮਕ ਬਹੁ ਹੋਈ ॥੧੭॥
ਸੁਪਤ ਸੇਜ ਬਿਨ ਗੁਰੂ ਨਿਹਾਰੇ ॥੧੯॥
ਤੀਨਹੁ ਪਦ ਪੰਕਜ ਕਰਿ ਨਮੋ ॥ ਹੇਤ ਜਗਾਵਨ ਕੇ ਤਿਹ ਸਮੋ ॥
ਕਰਿ ਮਸਲਤਿ ਕੋ ਚਹੈਂ ਜਗਾਯੋ ॥ ਧਰਮ ਸਿੰਘ ਤਬਿ ਹਾਥ ਚਲਾਯੋ ॥੨੦॥
ਪਦ ਅਰਬਿੰਦ ਬੈਠਿ ਕਰਿ ਗਹੇ ॥

(ਉਹੀ, ਰੁਤ ੬, ਅੰਸੂ ੪੪,੧੭-੨੧)

੩੨. ਚੜਿ ਬੈਠੇ ਗੁਰ ਤਿਸ ਪ੍ਰਯੰਕ ਪਰ ਸਿਰ ਪਰ ਚਾਰਹੁੰ ਲੀਨਿ ਉਠਾਇ ॥
ਨਬੀ ਗਨੀ ਖਾਂ ਆਗਲ ਪਾਵੇ ਦੋਨਹੁੰ ਸਿਰ ਧਰਿ ਚਲਿ ਅਗਵਾਇ ॥
ਧਰਮ ਸਿੰਘ ਅਰੁ ਮਾਨ ਸਿੰਘ ਜੁਗ ਪਾਛਨ ਪਾਵੇ ਸੀਸ ਧਰਾਇ ॥

(ਉਹੀ, ਰੁਤ ੬, ਅੰਸੂ ੪੬, ੧੯)

੩੩. ਦਯਾ ਸਿੰਘ ਅਰੁ ਧਰਮ ਸਿੰਘ ਕੋ ਇਕ ਰਕੇਬ ਦੋਨਹੁੰ ਕੋ ਦੀਨ ॥੧੦॥
ਮਾਨ ਸਿੰਘ ਤਬਿ ਕਰਦ ਹਾਥਿ ਧਰਿ ਬਿਚ ਰਕੇਬ ਫੇਰੀ ਕਰਕਾਰ ॥
ਤਬਿ ਉਮਰਾਵ ਸੰਦੇਹ ਧਾਰਿ ਕਰਿ ਹਿਤ ਬੂਝਨ ਕੇ ਬਾਨ ਉਚਾਰ ॥
ਸੁਨਿ ਕਰਿ ਮਾਨ ਸਿੰਘ ਦਿਯ ਉਤਰ ਜਬ ਮਕੇ ਹਮ ਪਹੁੰਚੇ ਜਾਇ॥
ਨਈ ਰਸਮ ਨਿਕਾਲੀ ਇਹ ਤਹਿਂ ਤੇ ਸਭਿ ਕਿਛ ਲੋਹੇ ਤੇ ਬਨਿ ਆਈ ॥੧੨॥

(ਉਹੀ, ਰੁਤ ੬, ਅੰਸੂ ੪੭)

੩੪. ਪਰਮ ਸਿੰਘ ਅਰੁ ਧਰਮ ਸਿੰਘ ਬਡ ਭਗਤੀ ਵਾਲੇ ॥
ਹਿਤ ਦਰਸਨ ਕੇ ਤਯਾਰ ਭੇ ਧਰਿ ਪ੍ਰੇਮ ਮਹਾਨੇ ॥੨੬॥

(ਉਹੀ, ਰੁਤ ੬, ਅੰਸੂ ੪੭.)

੩੫. ਨਾਮ ਜ਼ਫ਼ਰਨਾਮਾ ਰਖਯੋ ਸਤ੍ਰ ਹਿਤ ਹਾਤੀ ॥੬॥
ਉਤ ਕਾਗਦ ਕੇ *ਪੂਠਤਿ ਹੀ* ਹਜਰਤ ਮਰਿ ਜਾਈ ॥੭॥
ਦਯਾ ਸਿੰਘ ਤੁਮ ਲੇ *ਭੱਲੇ ਮਿਲੀਐ* ਤੁਰਕੇਸਾ ॥
ਧਰਮ ਸਿੰਘ ਬਸਿ ਆਗਰੇ ਤਿਸ ਲੀਜਹਿ ਸੰਗਾ ॥
ਧਰਮ ਸਿੰਘ ਹੁਇ ਗੈਲ ਸੈਂ ਗਮਨੇ ਮਗ ਪਾਯੋ ॥੧੨॥
(ਉਹੀ, ਰੁਤ ੬, ਅੰਸੂ ੫੮)

੩੬. ਪੂਰਬ ਦਿਲੀ ਮੈਂ ਗਏ ਧਰਮ ਸਾਲ ਉਤਾਰਾ ॥
ਨਗਰ ਆਗਰੇ *ਉਤਰਿ ਕੈਂ ਪੁਨ* ਸੰਗਤ ਮਾਹੀ ॥੧੫॥
ਨਗਰ ਅਹਿਮਦਾਬਾਦ ਮਹਿ ਥਿਰ ਬਿਨਾਂ ਬਿਖਾਦੁ ॥੧੫॥
ਜੇਠਾ ਸਿੰਘ ਜੇਠਾ ਇਹਾਂ ਧਨ ਬੁਧਿ ਮਹਿ ਜਾਨੋ ॥
ਦਯਾ ਸਿੰਘ ਅਰੁ ਧਰਮ ਸਿੰਘ ਆਵਹਨ ਠਾਨੋ ॥
(ਉਹੀ, ਰੁਤ ੬, ਅੰਸੂ ੫੮)

੩੭. ਪਰਮ ਸਿੰਘ ਅਰ ਧਰਮ ਸਿੰਘ ਰੂਪੇ ਕੇ ਦੋਈ ॥
ਅਮਰ ਸਿੰਘ ਭੇ ਸੈਂਕਰੇ ਪ੍ਰੇਮੀ ਸਿਖ ਜੋਈ ॥੩੦॥ *(ਉਹੀ, ਰੁਤ ੬, ਅੰਸੂ ੫੮)*

੩੮. ਸੁਨਿ ਤਤਛਿਨ ਅਵਰੰਗ ਬੁਲਿਵਾਯੋ ॥ ਦਯਾ ਸਿੰਘ ਨਰ ਸੰਗ ਸਿਧਾਯੋ॥
ਧਰਮ ਸਿੰਘ ਸਨ ਅੰਤਰ ਗਏ ॥ ਸਿਰ ਨਿਵਾਵਯੋ ਤੁਰਕ ਨ ਕਏ ॥੩੩॥
(ਉਹੀ, ਐਨ ੧, ਅੰਸੂ ੩੧)

੩੯. ਬਿਦਾ ਦਯਾ ਸਿੰਘ ਹੁਇ ਕੈਂ ਧਰਮ ਸਿੰਘ ਲੇ ਸਾਥ ॥
ਗਮਨ ਕੀਨਿ ਮਾਰਗ ਬਿਖੈ ਸਿਮਰਤਿ ਸ੍ਰੀ ਗੁਰ ਨਾਥ ॥
(ਉਹੀ, ਐਨ ੧, ਅੰਸੂ ੩੨)

੪੦. ਦਲ ਸਮੇਤ ਪ੍ਰਭੁ ਕੀਨਸਿ ਡੇਰਾ ॥ ਸਕਲ ਸਰੀਰ ਆਇ ਤਿਸ ਬੇਰਾ ॥
ਪਰਮ ਸਿੰਘ ਅਰੁ ਧਰਮ ਸਿੰਘ ਜੁਇ ॥ ਰੂਪੇ ਕੇ ਚਲਿ ਆਇ ਭ੍ਰਾਤ ਕੁਇ ॥
ਪ੍ਰਭ ਹਿਤ ਨਯੋ ਮੰਚ ਨਿਤ ਕਰੈ ॥ ਤਯਾਰੀ ਹਿਤ ਤੁਰਨ ਸੋ ਧਰੈ ॥੨੦॥
(ਉਹੀ, ਐਨ ੧, ਅੰਸੂ ੩੩)

੪੧. ਪਰਮ ਸਿੰਘ ਅਰੁ ਧਰਮ ਸਿੰਘ ਦੁਇ ॥ ਪਿਖਿ ਬੇਬਨੋ ਪ੍ਰਭੁ ਪ੍ਰਸੰਨ ਹੁਇ ॥੩੩॥
ਸ੍ਰੀ ਪ੍ਰਭੁ ਆਗੇ ਪੰਥ ਪਯਾਨੇ ॥ ਤਿਸ ਦਿਨ ਸ੍ਰਮਤ ਸਾਥ ਕੋ ਜਾਨੇ ॥੩੫॥
(ਉਹੀ, ਐਨ ੧, ਅੰਸੂ ੩੪)

੪੨. ਦ੍ਵਾਦਸ ਕੋਸ ਪਹੁਚੇ *ਜਾਇ* ॥ ਨਗਰ ਕੁਲਾਯਤ ਸੁੰਦਰ ਥਾਇ ॥੨੦॥
ਦਯਾ ਸਿੰਘ ਹਜਰਤ ਕੋ ਛੋਰਿ ॥ ਕਰੇ ਬੇਗ ਆਯੋ ਇਤ ਉਰ ॥੩੦॥
ਦਯਾ ਸਿੰਘ ਸਭਿ ਬੂਝਨ ਕੀਨਾ ॥ ਦਯਾ ਸਿੰਘ ਤਬ ਉਤਰ ਦੀਨਾ ॥੩੩॥
(ਉਹੀ, ਐਨ ੧, ਅੰਸੂ ੩੪)

੪੩. ਧਰਮ ਸਿੰਘ ਕੋ ਪ੍ਰਭੁ ਬੁਲਵਾਇ ॥ ਕਹਯੋ ਹੇਰ ਘਾਲੋ ਸਮੁਦਾਇ ॥੧੮॥
ਸੁਨਿ ਕੈ ਧਰਮ ਸਿੰਘ ਤਬ ਗਯੋ ॥ ਦੁਰਗ ਚੁਗਿਰਦੇ ਬਿਚਤਤ ਭਯੋ ॥
(ਉਹੀ, ਐਨ ੧, ਅੰਸੂ ੩੯)

੪੪. ਸੁਨਿ ਦਯਾ ਸਿੰਘ ਸੈਂਧਵ ਮੰਗਾਇ ॥
ਹੁਇ ਕਰਿ ਅਰੋਹ ਤਿਤਦਿਸ ਚਲਾਇ ॥
ਇਕ ਧਰਮ ਸਿੰਘ ਬਰਬੀਰ ਸੰਗ ॥
ਤਜਿ ਸਿਵਰ ਚਲੇ ਜਿਤ ਦੁਰਗ ਭੰਗ ॥੩੦॥
(ਉਹੀ, ਐਨ ੧, ਅੰਸੂ ੩੯)

੪੫. ਤਬਿ ਪ੍ਰਭੁ ਧਰਮ ਸਿੰਘ ਕੋ ਪ੍ਰੇਰੇ ॥ ਪੰਚ ਸਿੰਘ ਲਿਹੁ ਸੰਗ ਬਡੇਰੇ ॥
ਜਾਹੁ ਬਹਾਦਰ ਸਾਹੁ ਬਿਜੈ ਦਿਹੁ ॥ ਅੰਗ ਸੰਗ ਰਛਕ ਹਮ ਤਿਹ ਕਹੁ ॥
(ਉਹੀ, ਐਨ ੧, ਅੰਸੂ ੪੦)

੪੬. ਗਸ ਪੁਰ ਹੁਤੋ ਬਹਾਦਰ ਰਾਇ ॥ ਧਰਮ ਸਿੰਘ ਕੋ ਨਿਕਟ ਬਿਠਾਇ ॥
ਗੁਰ ਗਾਥਾ ਕੋ ਮੁਖਹੁੰ ਉਚਾਰੇ॥ ਹੋਤਿ ਦੂਰ ਲਗਿ ਜੰਗ ਮਨਿ ਹਾਰੇ ॥੨੪॥
(ਉਹੀ, ਐਨ ੧, ਅੰਸੂ ੪੧)

ਧਰਮ ਸਿੰਘ ਕਹਿ ਧੀਰਜ ਦੀਨਾ॥ ਬਨਹੁ ਸੁਚੇਤ ਨ ਕਰਿ ਮਲ ਦੀਨਾ ॥
ਪਰਯੋ ਭੇਰ ਗਾਢੋ ਸਾਥਿ ਜਾਇ ॥ ਤਤਛਿਨ ਹ੍ਵੈ ਸਤਿਗੁਰੂ ਸਹਾਇ॥੧੬॥ *(ਉਹੀ, ਐਨ ੧, ਅੰਸੂ ੪੨)*

੪੭. ਧਰਮ ਸਿੰਘ ਅਰਦਾਸ ਬਖਾਨੀ ॥ ਸ੍ਰੀ ਗੁਰ ਰਛਾ ਸਭੈ ਮਹਾਨੀ ॥
ਸੇਵਕ ਜਾਨਹੁੰ ਬਨਹੁ ਸਹਾਇ ॥ ਬਿਰਦ ਸੰਭਾਰਹੁ ਆਪਨ ਆਇ ॥ *(ਉਹੀ, ਐਨ ੧, ਅੰਸੂ ੪੨)*

੪੮. ਅਹੈ ਸੁਕਰ ਤੇਰੀ ਦਰਗਾਹ ॥ ਦੀਨ ਦੇਖਿ ਕੀਨਸਿ ਪਤਿਸਾਹ ॥
ਧਰਮ ਸਿੰਘ ਕੋ ਸਾਦਰ ਪਾਸ ॥ ਕਰਯੋ ਬਿਠਾਵਨਿ ਬਾਨ ਪ੍ਰਕਾਸ ॥੪੬॥ *(ਉਹੀ, ਐਨ ੧, ਅੰਸੂ ੪੨)*

੪੯. ਦਯਾ ਸਿੰਘ ਅਰੁ ਧਰਮ ਸਿੰਘ ਪੁਨ ॥ ਇਨ ਤੇ ਆਦਿ ਖਾਲਸਾ ਢਿਗ ਗੁਨ ॥ *(ਉਹੀ, ਐਨ ੨, ਅੰਸੂ ੬)*

੫੦. ਬਿਲਮ ਨ ਕਰਹੁ ਧਾਇ ਸਭਿ ਜਾਵਹੁ ॥
ਪੁਰਿ ਤੇ ਸੌਜ ਖਰੀਦ ਲਿਆਵਹੁ ॥
ਦਯਾ ਸਿੰਘ ਅਰੁ ਧਰਮ ਸਿੰਘ ਸੁਨਿ ॥
ਆਦਿ ਸੰਤੋਖ ਸਿੰਘ ਸੁਭਿ ਗੁਨਿ ਗੁਨਿ ॥ ੩੨॥
(ਉਹੀ, ਐਨ ੨, ਅੰਸੂ ੨੦)

੫੧. ਗੁਰਦੁਆਰੇ ਦਰਸ਼ਨ, ਪੰਨੇ ੫੩੪-੩੬
ਸੰ: ੧੭੭੪ ਬਿ. ਨੂੰ ਗੋਦਾਵਰੀ ਕਿਨਾਰੇ ਸ੍ਰੀ ਹਜ਼ੂਰ ਸਾਹਿਬ ਜੀ ਆਪ ਦਾ ਚਲਾਣਾ ਹੋਇਆ ।
(ਜੀਵਨ ਚਰਿਤ੍ਰ ਬਾਬਾ ਬੁੱਢਾ ਸਾਹਿਬ ਜੀ, ਪੰਨਾ ੪੧੫)

ਭਾਈ ਮੁਹਕਮ ਸਿੰਘ

ਮੁਹਕਮ ਸਿੰਘ ਨੂੰ ਖਾਲਸਾ ਸਿਰਜਣਾ ਸਮੇਂ ਪੰਜ ਪਿਆਰਿਆਂ ਦੀ ਸੀਸ ਭੇਟ ਘਟਨਾ ਸਮੇਂ ਪੁਰਾਣੀਆਂ ਲਿਖਤਾਂ ਵਿਚ ਦੂਜਾ ਅਤੇ ਬਾਅਦਲੀਆਂ ਲਿਖਤਾਂ ਵਿਚ ਤੀਜਾ ਸਥਾਨ ਪ੍ਰਾਪਤ ਹੈ। ਠਾਕੁਰ ਸਿੰਘ ਦੀ *ਗੁਰਦੁਆਰੇ ਦਰਸ਼ਨ* ਅਨੁਸਾਰ ਮੁਹਕਮ ਸਿੰਘ ਤੀਰਥ ਰਾਮ ਛੀਂਬੇ ਦੇ ਘਰ ਮਾਤਾ ਸੁਖ ਦੇਵੀ ਤੋਂ ੨੨ ਜੇਠ, ੧੭੩੩ ਬਿ. ਨੂੰ ਬੂੜੀਆਂ ਪਿੰਡ ਵਿਚ ਪੈਦਾ ਹੋਏ।[੧] ਇਹ ੧੭੪੨ ਬਿ. ਵਿਚ ਗੁਰੂ ਜੀ ਦੇ ਚਰਨੀਂ ਲੱਗੇ। ਮੰਗਲ ਸਿੰਘ ਦੀ ਰਚਨਾ *ਜੀਵਨ ਚਰਿਤ੍ਰ ਬਾਬਾ ਬੁੱਢਾ ਜੀ* ਅਨੁਸਾਰ ਇਹ ੧੭੨੦ ਬਿ. ਵਿਚ ਦਵਾਰਿਕਾ ਵਿਖੇ ਤੀਰਥ ਚੰਦ ਛੀਂਬੇ ਦੇ ਘਰ ਦੇਵਾਂ ਬਾਈ ਮਾਤਾ ਤੋਂ ਜਨਮ ਲਿਆ।[੨]

ਇਨ੍ਹਾਂ ਸਬੰਧੀ *ਸ੍ਰੀ ਗੁਰ ਸੋਭਾ* (੧੭੧੧) *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ* (੧੭੬੯) *ਮਹਿਮਾ ਪ੍ਰਕਾਸ਼* (੧੭੭੬) ਵਿਚ ਕੁਝ ਨਹੀਂ ਮਿਲਦਾ। *ਗੁਰ ਬਿਲਾਸ* (ਸੁਖਾ ਸਿੰਘ : ੧੭੯੭) ਅਨੁਸਾਰ ਇਹ ਦਯਾ ਸਿੰਘ ਤੋਂ ਬਾਅਦ ਸੀਸ ਭੇਟ ਲਈ ਖੜ੍ਹਾ ਹੋਇਆ।[੩] ਇਸ ਦੇ ਨਾਂ ਤੇ ਨਿਵਾਸ ਸਥਾਨ ਦਵਾਰਾਵਤੀ ਦੀ ਸੂਚਨਾ ਇਸ ਰਚਨਾ ਵਿਚ ਮਿਲਦੀ ਹੈ। ਦੂਨੀ ਚੰਦ ਆਪਣੀ ਸਮੱਸਿਆ ਸਬੰਧੀ ਪੰਜ ਪਿਆਰਿਆਂ ਪਾਸ ਬੇਨਤੀ ਕਰਦਾ ਹੈ। ਇਨ੍ਹਾਂ ਵਿਚ ਇਸ ਰਚਨਾ ਵਿਚ ਮੁਹਕਮ ਸਿੰਘ ਦਾ ਨਾਂ ਵੀ ਹੈ।[੪]

ਸਿੰਘ ਸਾਗਰ (੧੮-੨੭) ਅਨੁਸਾਰ ਵੀ ਮੁਹਕਮ ਸਿੰਘ ਸੀਸ ਭੇਟ ਕਰਨ ਵਾਲਿਆਂ ਵਿਚੋਂ ਦਯਾ ਸਿੰਘ ਤੋਂ ਬਾਅਦ ਦੂਜੇ ਸਥਾਨ ਤੇ ਸਨ।[੫]

ਗੁਰਬਿਲਾਸ ਪਾਤਸ਼ਾਹੀ ੧੦ (ਕੋਇਰ ਸਿੰਘ) ਵਿਚ ਵੀ ਸੀਸ ਭੇਟ ਘਟਨਾ ਵਿਚ ਮੁਹਕਮ ਸਿੰਘ ਨੂੰ ਦੂਜਾ ਸਥਾਨ ਪ੍ਰਾਪਤ ਹੈ। ਇਨ੍ਹਾਂ ਦਾ ਨਾਂ ਨਿਹਚਲ ਸਿੰਘ ਦਿੱਤਾ ਗਿਆ ਹੈ। ਇਨ੍ਹਾਂ ਦੇ ਦੁਆਰਾਵਤੀ ਦੇ ਵਾਸੀ ਤੇ ਨਾਮਦੇਵ ਦੇ ਅਵਤਾਰ ਹੋਣ ਬਾਰੇ ਦੱਸਿਆ ਗਿਆ ਹੈ।[੬]

ਪੰਡਿਤਾਂ ਦੀ ਸੇਵਾ ਦੇ ਉਲੇਖ ਵਿਚ ਬਾਕੀ ਪਿਆਰਿਆਂ ਦੇ ਨਾਲ ਮੁਹਕਮ ਸਿੰਘ ਦਾ ਨਾਂ ਵੀ ਆਇਆ ਹੈ।[੭] ਭੱਟਵਹੀਆਂ ਵਿਚ ਵੀ ਮੁਹਕਮ ਸਿੰਘ ਦਾ ਦਯਾ ਸਿੰਘ ਤੋਂ ਬਾਅਦ ਸੀਸ ਭੇਟ ਲਈ ਦੂਜਾ ਸਥਾਨ ਹੈ।[੮] *ਗੁਰੂ ਕੀਆਂ ਸਾਖੀਆਂ* ਅਨੁਸਾਰ ਵੀ ਅਜਿਹਾ ਹੀ ਹੈ। ਦੱਸਿਆ ਗਿਆ ਹੈ ਕਿ ਦਯਾ ਸਿੰਘ ਤੋਂ ਬਾਅਦ ਦਵਾਰਿਕਾ ਵਾਸੀ ਮੁਹਕਮ ਸਿੰਘ ਨੇ ਗੁਰੂ ਜੀ ਦੀ ਮੰਗ ਤੇ ਸੀਸ ਭੇਟਾ ਕੀਤਾ।[੯] ਪੰਜਾਂ ਪਿਆਰਿਆਂ ਨੇ ਪਾਹੁਲ ਤਿਆਰ ਕਰਕੇ ਹੋਰਨਾਂ ਨੂੰ ਪਿਆਈ।[੧੦]

ਚਮਕੌਰ ਦੀ ਲੜਾਈ ਵਿਚ ਗੁਰੂ ਜੀ ਨੇ ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ ਕਿ ਅੱਠ-ਅੱਠ ਸਿੱਖ ਕਿਲ੍ਹੇ ਦੀਆਂ ਚੌਹਾਂ ਬਾਹੀਆਂ ਦੀ ਤਕੜਾਈ ਲਈ, ਕਾਲਾ

ਸਿੰਘ ਤੇ ਮਦਨ ਸਿੰਘ ਦਰਵਾਜ਼ੇ 'ਤੇ, ਧਰਮ ਸਿੰਘ ਤੇ ਆਲਮ ਸਿੰਘ ਦੋਹਾਂ ਪਾਸੇ ਅਤੇ ਦਯਾ ਸਿੰਘ, ਸਾਹਿਬ ਸਿੰਘ, ਮੁਹਕਮ ਸਿੰਘ, ਹਿੰਮਤ ਸਿੰਘ ਤੇ ਦੋਵੇਂ ਸਾਹਿਬਜ਼ਾਦੇ ਆਪਣੇ ਪਾਸ ਰੱਖੇ।[੧੧] ਇਹ ਦੱਸਿਆ ਗਿਆ ਹੈ ਕਿ ਇਸ ਸੰਘਰਸ਼ ਵਿਚ ੩੯ ਸਿੰਘ ਸ਼ਹੀਦੀ ਪਾ ਗਏ।[੧੨] ਕੇਵਲ ਧਰਮ ਸਿੰਘ, ਦਯਾ ਸਿੰਘ, ਮਾਨ ਸਿੰਘ, ਰਾਮ ਸਿੰਘ (ਬਚਿੱਤਰ ਸਿੰਘ ਦਾ ਪੁੱਤਰ) ਹੀ ਬੱਚ ਸਕੇ।[੧੩] ਜਾਪਦਾ ਹੈ ਕਿ ਮੁਹਕਮ ਸਿੰਘ ਨੇ ਇਥੇ ਹੀ ਸ਼ਹੀਦੀ ਪਾ ਲਈ।

ਗੁਰ ਪ੍ਰਤਾਪ ਸੂਰਜ ਗ੍ਰੰਥ ਅਤੇ *ਸ੍ਰੀ ਗੁਰ ਗ੍ਰੰਥ ਪ੍ਰਕਾਸ਼* (ਰਤਨ ਸਿੰਘ ਭੰਗੂ) ਅਨੁਸਾਰ ਧਰਮ ਸਿੰਘ ਖਾਲਸਾ ਸਿਰਜਨਾ ਭੇਟ ਸਮੇਂ ਸੀਸ ਭੇਟ ਘਟਨਾ ਸਮੇਂ ਦੂਜਾ ਸਥਾਨ ਗ੍ਰਹਿਣ ਕਰਦਾ ਹੈ ਅਤੇ ਮੁਹਕਮ ਸਿੰਘ ਦੂਜੇ ਤੋਂ ਤੀਜੇ ਥਾਂ ਤੇ ਚਲੇ ਜਾਂਦਾ ਹੈ।[੧੪] ਇਸ ਦੇ ਦਵਾਰਿਕਾ ਦੇ ਨਿਵਾਸ ਸਥਾਨ ਤੇ ਨਾਮਦੇਵ ਦੇ ਅਵਤਾਰ ਹੋਣ ਬਾਰੇ ਦੱਸਿਆ ਗਿਆ ਹੈ।

ਤੀਜੀ ਰੁਤ ਦੇ ੪੧ਵੇਂ ਅੰਸੂ ਵਿਚ ਗੁਰੂ ਜੀ ਮੁਹਕਮ ਸਿੰਘ ਤੇ ਹੋਰ ਸਿੰਘਾਂ ਨੂੰ ਸ਼ਹੀਦੀ ਬਾਰੇ ਦੱਸਦੇ ਹਨ।[੧੫] (੪) ਅਤੇ ਚੌਥੀ ਰੁਤ ਦੇ ਅੰਸੂ ੨ ਵਿਚ ਉਨ੍ਹਾਂ ਸਿੰਘਾਂ ਨੂੰ ਖਾਲਸਾ ਦੀ ਅਹਿਮੀਅਤ ਸਮਝਾਉਂਦੇ ਹਨ।[੧੬]

ਮੁਹਕਮ ਸਿੰਘ ਸਾਹਿਬਜ਼ਾਦਾ ਅਜੀਤ ਸਿੰਘ ਨਾਲ ਦਯਾ ਸਿੰਘ, ਆਲਮ ਸਿੰਘ, ਬਚਿਤ੍ਰ ਸਿੰਘ, ਮਾਨ ਸਿੰਘ, ਸੇਵਾ ਸਿੰਘ ਮਟੂ ਸਮੇਤ ਸੰਘਰਸ਼ ਵਿਚ ਸ਼ਾਮਿਲ ਹੁੰਦੇ ਹਨ।[੧੭]

ਦੁਨੀ ਚੰਦ ਹਾਥੀ ਨਾਲ ਯੁੱਧ ਕਰਨ ਵਾਲੀ ਆਪਣੀ ਸਮੱਸਿਆ ਦੇ ਹੱਲ ਲਈ ਮੁਹਕਮ ਸਿੰਘ ਸਮੇਤ (ਜਿਵੇਂ ਪਹਿਲਾਂ ਵੀ ਦੱਸਿਆ ਗਿਆ ਹੈ) ਪੰਜ ਪਿਆਰਿਆਂ ਤੇ ਪੰਜ ਮੁਕਤਿਆਂ ਨੂੰ ਮਿਲਦਾ ਹੈ।[੧੮] ਬਚਿਤ੍ਰ ਸਿੰਘ ਦੇ ਹਾਥੀ ਨਾਲ ਟਾਕਰੇ ਸਮੇਂ ਮੁਹਕਮ ਸਿੰਘ ਨੇ ਸਾਹਿਬ ਸਿੰਘ ਤੇ ਹਿੰਮਤ ਸਿੰਘ ਸਮੇਤ ਸੰਘਰਸ਼ ਵਿਚ ਭਾਗ ਲਿਆ।[੧੯]

ਕੇਸਰੀ ਚੰਦ ਦੇ ਸੰਘਾਰ ਤੋਂ ਬਾਅਦਲੇ ਸੰਘਰਸ਼ ਵਿਚ ਵੀ ਮੁਹਕਮ ਸਿੰਘ ਨੇ ਸਾਹਿਬ ਸਿੰਘ ਤੇ ਹਿੰਮਤ ਸਿੰਘ ਸਮੇਤ ਭਾਗ ਲਿਆ।[੨੦] ਅਨੰਦਪੁਰ ਤਿਆਗਣ ਤੋਂ ਬਾਅਦਲੀ ਲੜਾਈ ਵਿਚ ਵੀ ਉਦੇ ਸਿੰਘ, ਧਰਮ ਸਿੰਘ, ਸਾਹਿਬ ਸਿੰਘ ਸਮੇਤ ਇਨ੍ਹਾਂ ਨੇ ਜੁੱਧ ਵਿਚ ਬਹਾਦਰੀ ਵਿਖਾਈ।[੨੧] ਅੰਸੂ ੪੩ ਅਨੁਸਾਰ ਇਹ ਆਲਮ ਸਿੰਘ, ਦਯਾ ਸਿੰਘ ਦੇ ਸਮੇਤ ਸਾਹਿਬਜ਼ਾਦਾ ਅਜੀਤ ਸਿੰਘ ਦੇ ਹਮਰਾਹ ਹੋ ਕੇ ਲੜੇ।[੨੨]

ਪਹਾੜੀ ਰਾਜਿਆਂ ਨਾਲ ਸੰਘਰਸ਼ ਸਮੇਂ ਗੁਰੂ ਜੀ ਦਇਆ ਸਿੰਘ, ਮੁਹਕਮ ਸਿੰਘ, ਧਰਮ ਸਿੰਘ, ਹਿੰਮਤ ਸਿੰਘ, ਆਲਮ ਸਿੰਘ ਆਦਿ ਸਿੱਖਾਂ ਨੂੰ ਖਾਲਸੇ ਦੀ ਮਹੱਤਾ ਦ੍ਰਿੜਾਉਂਦੇ ਹਨ ਕਿ ਸਮਾਂ ਪਾ ਕੇ ਪਹਾੜੀ ਰਿਆਸਤਾਂ ਦੇ ਰਾਜਿਆਂ ਦੀਆਂ ਜੜ੍ਹਾਂ ਖਤਮ ਹੋ ਜਾਣਗੀਆਂ ਅਤੇ ਖਾਲਸਾ ਰਾਜ ਕਰੇਗਾ।[੨੩] ਇਹ ਤਤਕਾਲੀ ਪਰਿਸਥਿਤੀਆਂ ਦੇ ਪ੍ਰਭਾਵ ਹੇਠ ਖਾਲਸਾ ਰਾਜ ਦੀ ਚੜ੍ਹਤ ਨੂੰ ਦਰਸਾਉਂਦਾ ਹੈ।

੬ਵੀਂ ਰੁਤ ਵਿਚ ਅਨੰਦਪੁਰ ਦੀ ਲੜਾਈ ਵਿਚ ਅਜੀਤ ਸਿੰਘ ਸਾਹਿਬਜ਼ਾਦਾ ਦੀ ਅਗਵਾਈ ਵਿਚ ਵੀ ਮੁਹਕਮ ਸਿੰਘ, ਸਾਹਿਬ ਸਿੰਘ, ਉਦੈ ਸਿੰਘ ਆਦਿ ਨੂੰ ਡਟ ਕੇ ਸੰਘਰਸ਼ ਕਰਦਿਆਂ ਵਿਖਾਇਆ ਗਿਆ ਹੈ।[੨੪]

ਚਮਕੌਰ ਸਾਹਿਬ ਦੀ ਲੜਾਈ ਵਿਚ ਕੋਠਾ ਸਿੰਘ, ਮਦਨ ਸਿੰਘ ਆਦਿ ਦੀ ਸ਼ਹੀਦੀ ਤੋਂ ਬਾਅਦ ਮੁਹਕਮ ਸਿੰਘ ਮੁਗਲ ਫੌਜ ਨਾਲ ਲੜਾਈ ਕਰਦੇ ਹਨ ਅਤੇ ਬਹਾਦਰੀ ਵਿਖਾ ਕੇ ਸ਼ਹੀਦੀ ਪ੍ਰਾਪਤ ਕਰਦੇ ਹਨ।[੨੫]

ਹਵਾਲੇ ਤੇ ਟਿੱਪਣੀਆਂ

੧. ਗੁਰਦੁਆਰੇ ਦਰਸ਼ਨ, ਪੰਨਾ ੫੩੮-੩੯

੨. *ਜੀਵਨ ਚਰਿਤ੍ਰ ਬਾਬਾ ਬੁੱਢਾ ਸਾਹਿਬ ਜੀ*, ਪੰਨਾ ੪੧੬

੩. ਮੁਹਕਮ ਸਿੰਘ ਨਾਮ ਦੁਤਿ ਗਾਯੋ ॥ ਵਾਸੀ ਦਵਾਰਾਵਤੀ ਜਤਾਯੋ ॥
(ਸੁੱਖਾ ਸਿੰਘ, *ਗੁਰ ਬਿਲਾਸ*, ਅਧਿ. ੧੨, ੪੪, ਪੰਨਾ ੧੭੫)

੪. ਮੁਹਕਮ ਸਿੰਘ ਤੇ ਬੀਰ ਆਦਿ ਜੋ ਜਾਨੀਐ ॥ ਹੋ ਸਭ ਪੈ ਫਿਰਿਯੋ ਸਧਾਇ ਜੁ ਧੀਰ ਧਰਾਨੀਐ ॥
(ਉਹੀ, ਅਧਿ. ੧੫, ੧੮੮, ਪੰਨਾ ੨੨੨)
ਹੁਕਮ ਸਿੰਘ ਸੋ ਬਹੁਰ ਬੁਲਾਯੋ ॥ ਭਲੀ ਤਰਾ ਤਰ ਦ੍ਰਿਸਟ ਜੁਝਾਯੋ ॥੧੨੭॥
ਕਹੇ ਤੁਰਕਨ ਸੋ ਅਧਿਕ ਅਖਾਰਾ ॥ ਅਪਰਾ ਲੈ ਬਹ ਬੀਰ ਸਿਧਾਰਾ ॥੧੨੮॥
(ਉਹੀ, ਅਧਿ. ੨੧-੧੨੭, ੨੮, ਪੰਨਾ ੩੧੦)

੫. ਤਾ ਮੈ ਮਿਠਾਆਈ ਸ੍ਰੀ ਮੁਹਕਮ ਸਿੰਘ ਪਾਈ ਪਾਛੈ
ਨਾਮ ਦੇ ਔਤਾਰ ਸ੍ਰੀ ਠਾਕਰ ਕੇ ਲਾਲ ਕੋ ॥
(ਬੀਰ ਸਿੰਘ ਬਲ, *ਸਿੰਘ ਸਾਗਰ*, ੮. ੯੬, ਪੰਨਾ ੯੮)

੬. ਨਿਹਚਲ ਸਿੰਘ ਦੂਤੀ ਬਰ ਗਾਯੋ ॥ ਵਾਸੀ ਦੁਆਰਾਵਤੀ ਜਨਾਯੋ ॥
ਪੂਰਬ ਨਾਮਦੇਵ ਅਵਤਾਰਾ ॥ ਜਾਤ ਸੁ ਛੀਪੇ ਕੀ ਅਬ ਸਾਰਾ ॥
ਕੋਇਰ ਸਿੰਘ, *ਗੁਰ ਬਿਲਾਸ ਪਾਤਸ਼ਾਹੀ ੧੦*, ਅਧਿ. ੯, ੩੦-੩੧, ਪੰਨਾ ੧੨੯.

੭. ਦਯਾ ਸਿੰਘ ਪਰੇਸਨ ਲਾਗਾ ॥
ਮੁਹਕਮ ਸਿੰਘ ਜੋ ਅਪਰ ਅਪਾਰਾ ॥ ਦੋਹਿ ਵਰਤਾਇ ਭਾਇ ਅਸ ਧਾਰਾ ॥
ਬਾਬਾ ਬਠਾ ਸਬਦ ਅਲਾਇ ॥ ਸੰਗਤ ਕੋ ਦੀਅਸ ਵਰਤਾਇ ॥ (ਉਹੀ, ਅਧਿ. ੯, ੭੯, ਪੰਨਾ ੧੩੪)

੮. ਪ੍ਰਿਥਮੇ ਦੈਆ ਰਾਮ ਸੋਪਤੀ ਖਤਰੀ ਬਾਸੀ ਲਾਹੌਰ ਖਲਾ ਹੂਆ ॥ ਪਾਛੇ ਮੁਹਕਮ ਚੰਦ ਛੀਪਾ ਬਾਸੀ ਦਵਾਰਕਾ, ਸਾਹਿਬ ਚੰਦ ਨਾਈ ਬਾਸੀ ਬਿਦਰ (ਜਫਰਾਬਾਦ), ਧਰਮ ਚੰਦ ਜਵੰਦਾ ਜਾਟ ਵਾਸੀ ਹਸਤਨਾਪੁਰ, ਹਿਮਤ ਚੰਦ ਝੀਵਰ ਵਾਸੀ ਜਗਨਨਾਥ ਬਾਰੋ ਬਾਰੀ ਖਲੇ ਹੂਏ ॥
ਗੁਰੂ ਕੀਆਂ ਸਾਖੀਆਂ, ਪੰਨਾ ੧੪

੯. ਦੂਜੇ ਸਿਰ ਕੀ ਮਾਗ ਕੀ ॥ ਏਸ ਦਫਾ ਦਵਾਰਕਾ ਵਾਸੀ ਮੁਹਕਮ ਚੰਦ ਛੀਪਾ ਉਠ ਕੇ ਖਲਾ ਹੂਆ।
(ਉਹੀ, ਪੰਨਾ ੧੧੨)

੧੦. ਗੁਰੂ ਜੀ ਕਾ ਹੁਕਮ ਪਾਇ ਭਾਈ ਦਯਾ ਸਿੰਘ ਆਦਿ ਪਾਂਚੋਂ ਪਿਆਰਿਆਂ ਖਾਂਡੇ ਕੀ ਪਹੁਲ ਤਿਆਰ ਕਰਕੇ ਇਨ ਪਾਂਚੋਂ ਸਿਖੋਂ ਕੋ ਪੀਲਾਇ ਦਈ ॥ (ਉਹੀ, ਪੰਨਾ ੧੧੬)

੧੧. ਭਾਈ ਦਯਾ ਸਿੰਘ, ਮੋਹਕਮ ਸਿੰਘ, ਸਾਹਿਬ ਸਿੰਘ ਤੇ ਹਿੰਮਤ ਸਿੰਘ ਅਤੇ ਦੋਵੇ ਸਾਹਿਬਜ਼ਾਦੇ ਆਪਣੇ ਪਾਸ ਰੱਖੇ ॥ (ਉਹੀ, ਪੰਨਾ ੧੪੬)

੧੨. ਸੂਰਜ ਅਸਤ ਹੋਇ ਜਾਨੇ ਤੀਕ ਦੋਵੇਂ ਸਾਹਿਬਜ਼ਾਦੇ ਤੇ ਭਾਈ ਨਾਨੂ ਸਿੰਘ ਅਤੇ ਕ੍ਰਿਪਾ ਸਿੰਘ ਆਦਿ ਅਠੱਤੀ ਸਿੱਖ ਗੜ੍ਹੀ ਸੇ ਬਾਹਰ ਨਿਕਲ ਸ਼ਹਾਦਤਾਂ ਪਾਇ ਗਏ ॥ (ਉਹੀ, ਪੰਨਾ ੧੪੯)

੧੩. ਰੈਣ ਭਾਈ ਦਯਾ ਸਿੰਘ, ਧਰਮ ਸਿੰਘ, ਮਾਨ ਸਿੰਘ ਤੇ ਰਾਮ ਸਿੰਘ ਚਾਰੇ ਸਿੱਖ ਨਿਰਬਾਣ ਭੇਸ ਮੇਂ ਆਏ, ਇਹਨਾਂ ਗੁਰੂ ਜੀ ਕਾ ਦਰਸ਼ਨ ਪਾਇਆ ॥ (ਉਹੀ, ਪੰਨਾ ੧੪੯)

੧੪. ਤੀਜੇ ਮੁਹਕਮ ਸਿੰਘ ਦ੍ਵਾਰਕਾ ਜਾਯੋ ॥ ਨਾਮਦੇਵ ਅਵਤਾਰ ਸੁ ਆਯੋ ॥
(ਸ੍ਰੀ ਗੁਰ ਪੰਥ ਪ੍ਰਕਾਸ਼, ਪੰਨਾ ੭੫)
ਮੁਹਕਮ ਸਿੰਘ ਨਾਮ ਵਖਯਾਤੀ ॥ ਨਾਮਦੇਵ ਕੀ ਜਿਸ ਤਨ ਜਾਤੀ ॥
ਵਾਸੀ ਹੁਤੋ ਦ੍ਵਾਰਕਾ ਨਗਰੀ॥ ਗ੍ਰਹਿਣ ਕਰੀ ਸਿਖੀ ਬਿਧਿ ਸਗਰੀ ॥੨੧॥
(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰੁਤ ੩, ਅੰਸੂ ੧੮)

੧੫. ਇਕ ਦਿਨ ਕਲਗੀਧਰ ਥਿਰੇ ਸਿਦਕੀ ਸਿਖ ਤੀਰਾ ॥
ਮੁਹਕਮ ਸਿੰਘ ਅਰ ਦਯਾ ਸਿੰਘ ਹਿਮਤ ਸਿੰਘ ਧੀਰਾ ॥
ਇਤਯਾਦਿਕ ਕਰ ਜੋਰਿ ਕੇ ਅਸ ਗਿਰਾ ਬਖਾਨੀ ॥
ਸ੍ਰੀ ਪ੍ਰਭੁ ਹਮੇਂ ਬਤਾਈਐ ਜਿਸ ਤੇ ਅਨੁਜਾਨੀ ॥੪॥
ਕਿਨ ਕੋ ਨਾਮ ਸ਼ਹੀਦ ਹੈ ਕਯਾ ਕਿਰਤ ਕਰੰਤੇ ॥੫॥ *(ਉਹੀ, ਰੁਤ ੩, ਅੰਸੂ ੪੧)*

੧੬. ਇਕ ਦਿਨ ਬੈਠਯੋ ਲਗੇ ਦੀਵਾਨ ॥ ਬੀਚ ਬਿਰਾਜਹਿ ਗੁਰ ਭਗਵਾਨ ॥
ਚਲੀ ਵਾਰਤਾ ਕਰਿਬੇ ਜੁਧ ॥
ਮੁਹਕਮ ਸਿੰਘ ਸਾਹਿਬ ਸਿੰਘ ਜੋਧਾ ॥ ਹਿਮਤ ਸਿੰਘ ਰਾਮ ਸਿੰਘ ਬੋਧਾ ॥੧੫॥
ਇਨ ਤੇ ਆਦਿ ਖਾਲਸਾ ਸਾਰਾ ॥ ਕਰ ਜੋ ਰਤਿ ਸਰਬਤ੍ਰ ਉਚਾਰਾ ॥੧੬॥
(ਉਹੀ, ਰੁਤ ੪, ਅੰਸੂ ੨)

੧੭. ਪੀਛੈ ਉਦੇ ਸਿੰਘ ਸੋ ਕਹਯੋ ॥ ਜਾਤਿ ਅਜੀਤ ਸਿੰਘ ਰਣ ਚਹਯੋ ॥੧੪॥
ਸੁਨਤਿ ਉਦੇ ਸਿੰਘ ਬੰਦਨ ਕਰੀ ॥ ਦਯਾ ਸਿੰਘ ਰਹਿ ਢਿਗ ਤਿਸ ਘਰੀ ॥੧੬॥
ਮੁਹਕਮ ਸਿੰਘ ਆਦਿ ਬਡ ਜੋਧਾ ॥ ਆਲਮ ਸਿੰਘ ਧਰੇ ਬਡ ਕ੍ਰੋਧਾ ॥੧੩॥
(ਉਹੀ, ਰੁਤ ੪, ਅੰਸੂ ੧੮)

੧੮. ਇਮ ਸੁਨਿ ਉਠਿ ਅਪਰਨ ਢਿਗ ਗਯੋ ॥
ਇਸ ਬਿਧਿ ਹੀ ਸੋ ਭਾਖਤਿ ਭਯੋ ॥
ਧਰਮ ਸਿੰਘ ਸਾਹਿਬ ਸਿੰਘ ਪਾਸੀ ॥
ਮੁਹਕਮ ਸਿੰਘ ਸਮੀਪ ਪ੍ਰਕਾਸੀ ॥੩੭॥ *(ਉਹੀ, ਰੁਤ ੪, ਅੰਸੂ ੨੨)*

੧੯. ਨਿਕਸਿ ਖਾਲਸਾ ਲੋਹਗੜੀ ਤੇ ਹੇਲਾ ਮਾਰਿ ਉਤਾਰਾ ॥
ਮੁਹਕਮ ਸਿੰਘ ਪਹੁਚਯੋ ਛਿਨ ਮਹਿ ਖੜਗ ਦੁਰਦ ਕੈ ਝਾਰਾ ॥੨੫॥
(ਉਹੀ, ਰੁਤ ੪, ਅੰਸੂ ੨੭)

੨੦. ਸਾਹਿਬ ਸਿੰਘ ਹਿਮਤ ਸਿੰਘ ਆਯੋ ਮੁਹਕਮ ਸਿੰਘ ਸੁਜਾਨਾ ॥
ਇਨ ਤੇ ਆਦਿ ਆਇ ਕਿਯ ਦਰਸਨ ਕਰਿ ਉਰ ਅਨੰਦ ਮਹਾਨਾ ॥੧੦॥ *(ਉਹੀ, ਰੁਤ ੪, ਅੰਸੂ ੨੮)*
ਮੁਹਕਮ ਸਿੰਘ ਧਵਾਯੋ ਘੋਰਾ ॥ ਆਲਮ ਸਿੰਘ ਚਲਯੋ ਰਿਪੁ ਓਰਾ ॥੩੦॥ *(ਉਹੀ, ਰੁਤ ੪, ਅੰਸੂ ੩੦)*

੨੧. ਉਦੇ ਸਿੰਘ ਅਰੁ ਧਰਮ ਸਿੰਘ ਭਟ ਸਾਹਿਬ ਸਿੰਘ ਸੰਭਾਰੇ ॥
ਮੁਹਕਮ ਸਿੰਘ ਟੇਕ ਸਿੰਘ ਮਿਲਿ ਕੈ ਈਸਰ ਸਿੰਘ ਪ੍ਰਹਾਰੇ ॥੩੩॥
(ਉਹੀ, ਰੁਤ ੪, ਅੰਸੂ ੩੮)

੨੨. ਉਦੇ ਸਿੰਘ ਆਲਮ ਸਿੰਘ ਬੀਰ ॥ ਦਯਾ ਸਿੰਘ ਮੁਹਕਮ ਸਿੰਘ ਧੀਰ ॥
ਇਨ ਕੋ ਜੁਤਿ ਅਸਵਾਰ ਹਜਾਰ ॥ ਕਰੇ ਅਜੀਤ ਸਿੰਘ ਕੇ ਲਾਰ ॥੯॥
(ਉਹੀ, ਰੁਤ ੪, ਅੰਸੂ ੪੩)
ਪਿਖ ਅਜੀਤ ਸਿੰਘ ਗਮਨੇਂ ਆਗੇ ਉਦੇ ਸਿੰਘ ਰਿਸ ਧਾਰੀ ॥
ਆਲਮ ਸਿੰਘ ਦਯਾ ਸਿੰਘ ਪਹੁੰਚਯੋ ਮੁਹਕਮ ਸਿੰਘ ਅਸਾਰੀ ॥੧੧॥ *(ਉਹੀ, ਰੁਤ ੪, ਅੰਸੂ ੪੫)*

੨੩. ਇਕ ਦਿਨ ਸਤਿਗੁਰ ਸਭਾ ਮਝਾਰਾ ॥ ਥਿਰੇ ਖਾਲਸਾ ਆਯਹੁ ਸਾਰਾ ॥
ਦਇਆ ਸਿੰਘ ਮੁਹਕਮ ਸਿੰਘ ਧੀਰ ॥ ਧਰਮ ਸਿੰਘ ਹਿਮਤ ਸਿੰਘ ਬੀਰ ॥੨॥
ਸਮਾਂ ਪਾਇ ਇਨ ਕੀ ਜਰ ਜਾਇ ॥ ਰਾਜ ਖਾਲਸਾ ਕਰੈ ਬਨਾਇ ॥
ਅਬਿ ਭੀ ਸੁਖ ਸੋ ਸੁਪਤਿ ਨ ਦੀਜੈ॥ ਕਹੀ ਗ੍ਰਾਮ ਕ੍ਰਿਖੀ ਅਰਿ ਲੀਜੈ ॥
(ਉਹੀ, ਰੁਤ ੫, ਅੰਸੂ ੩੩)

੨੪. ਸ੍ਰੀ ਅਜੀਤ ਸਿੰਘ ਸਾਹਿਬਜ਼ਾਦਾ ਸਾਹਿਬ ਨਿਕਟ ਹਕਾਰਾ ॥
ਸਾਵਧਾਨ ਬਨਿ ਰਹੋ ਕੇਸਗੜ੍ਹ ਕਰਹੁ ਰਿਪੁਨਿ ਤਹਿ ਮਾਰਾ ॥੧੧॥
ਮੁਹਕਮ ਸਿੰਘ ਸਾਹਿਬ ਸਿੰਘ ਜੋਧਾ ਥਿਰੇ ਹੋਲਗੜ੍ਹ ਥਾਨਾ ॥
ਸਿੰਘ ਚਾਰ ਸੈ ਸੰਗ ਰਾਖ ਕਰਿ ਰਹੇ ਸਦਾ ਸਵਧਾਨਾ ॥੨੦॥ *(ਉਹੀ, ਰੁਤ ੬, ਅੰਸੂ ੧੪)*

੨੫. ਮੁਹਕਮ ਸਿੰਘ ਸਧੀਰਜ ਹੋਈ ॥ ਅੰਮ੍ਰਿਤਿ ਦੇਨਿ ਲੇਨਿ ਮਹਿ ਜੋਈ ॥
ਖੁਸ਼ੀ ਭਈ ਮੈਂ ਜਾਉਂ ਇਕਾਕੀ ॥ ਪਿਖਹੁ ਲਗਈ ਨਿਜ ਕਰੁਨਾ ਕੀ ॥੧੩॥
ਇਸ ਮੁਹਕਮ ਸਿੰਘ ਸੁਰਗ ਪਿਆਨਾ ॥੨੫॥ *(ਉਹੀ, ਰੁਤ ੬, ਅੰਸੂ ੩੭)*

ਭਾਈ ਸਾਹਿਬ ਸਿੰਘ

ਸਾਹਿਬ ਸਿੰਘ ਖਾਲਸਾ ਸਿਰਜਣਾ ਸਮੇਂ ਸੀਸ ਭੇਟ ਘਟਨਾ ਸਮੇਂ ਚੌਥੇ ਵਿਅਕਤੀ ਮੰਨੇ ਜਾਂਦੇ ਹਨ ਜੋ ਦਯਾ ਸਿੰਘ, ਧਰਮ ਸਿੰਘ ਤੇ ਮੁਹਕਮ ਸਿੰਘ ਤੋਂ ਬਾਅਦ ਵਿਚ ਉਠੇ। ਗਿ. ਠਾਕੁਰ ਸਿੰਘ ਦੇ *ਗੁਰਦੁਆਰੇ ਦਰਸ਼ਨ* ਅਨੁਸਾਰ ਸਾਹਿਬ ਸਿੰਘ ੫ ਹਾੜ ੧੭੨੨ ਬਿ. ਨੂੰ ਨੰਗਲ ਸ਼ਹੀਦਾਂ, ਜ਼ਿਲ੍ਹਾ ਹੁਸ਼ਿਆਰਪੁਰ ਵਿਚ ਤੁਲਸੀ ਜਾਂ ਚਮਨ ਰਾਮ ਨਾਈ ਦੇ ਘਰ ਮਾਤਾ ਬਿਸ਼ਨ ਦੇਵੀ ਤੋਂ ਪੈਦਾ ਹੋਏ। ੧੭੩੯ ਬਿ. ਵਿਚ ਗੁਰੂ ਜੀ ਦੇ ਚਰਨੀਂ ਲੱਗੇ।[1] ਮੰਗਲ ਸਿੰਘ ਦੇ *ਜੀਵਨ ਚਰਿਤ੍ਰ ਬਾਬਾ ਬੁੱਢਾ ਜੀ* ਵਿਚ ਇਨ੍ਹਾਂ ਦਾ ਜਨਮ ਬਿਦਰ ਸ਼ਹਿਰ ਵਿਚ ੧੭੧੯ ਬਿ. ਨੂੰ ਪਿਤਾ ਚਮਨ ਨਾਈ ਦੇ ਘਰ ਮਾਤਾ ਸੋਨਾ ਬਾਈ ਤੋਂ ਹੋਇਆ ਦੱਸਿਆ ਗਿਆ ਹੈ।[2]

ਸਾਹਿਬ ਚੰਦ ਜਾਂ ਸਾਹਿਬ ਸਿੰਘ ਦੇ ਨਾਂ ਦੇ ਹੋਰ ਵਿਅਕਤੀ ਵੀ ਗੁਰੂ ਗੋਬਿੰਦ ਸਿੰਘ ਦੇ ਪ੍ਰਮੁੱਖ ਸਿੱਖਾਂ ਵਿਚ ਸ਼ਾਮਿਲ ਸਨ। ਇਕ ਸਾਹਿਬ ਚੰਦ ਦੀਵਾਨ ਮਤੀ ਦਾਸ ਛਿੱਬਰ ਦਾ ਪੁੱਤਰ ਸੀ, ਇਹ ਨਿਰਮੋਹ ਗੜ੍ਹੀ ਵਿਚ ਸ਼ਹੀਦ ਹੋਇਆ ਸੀ।[3] ਇਕ ਸਾਹਿਬ ਸਿੰਘ ਗੁਰੂ ਜੀ ਦੇ ਦੱਖਣ ਜਾਣ ਸਮੇਂ ਉਨ੍ਹਾਂ ਦੇ ਵਹੀਰ ਵਿਚ ਸ਼ਾਮਿਲ ਸੀ।[4] ਇਕ ਸਾਹਿਬ ਸਿੰਘ ਸੌ ਸਾਖੀ ਨਾਲ ਸਬੰਧਿਤ ਵੀ ਹੈ।[5] ਇਸ ਲਈ ਸਾਹਿਬ ਸਿੰਘ (ਪੰਜ ਪਿਆਰਿਆਂ ਵਿਚੋਂ) ਬਾਰੇ ਅਧਿਐਨ ਕਰਨ ਲਈ ਵਿਸ਼ੇਸ਼ ਧਿਆਨ ਦੇਣ ਦੀ ਜ਼ਰੂਰਤ ਹੈ।

ਇਨ੍ਹਾਂ ਬਾਰੇ *ਸ੍ਰੀ ਗੁਰ ਸ਼ੋਭਾ*, *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਦਾ* ਤੇ *ਮਹਿਮਾ ਪ੍ਰਕਾਸ਼* ਵਿਚ ਕੁਝ ਨਹੀਂ ਮਿਲਦਾ। *ਗੁਰ ਬਿਲਾਸ* (ਸੁਖਾ ਸਿੰਘ ੧੭੯੭) ਵਿਚ ਇਨ੍ਹਾਂ ਦਾ ਨਾਂ ਪਹਿਲੀ ਵਾਰ ਆਇਆ ਹੈ ਅਤੇ ਦੱਸਿਆ ਗਿਆ ਹੈ ਕਿ ਇਹ ਬਿਦਰ ਦੇ ਵਾਸੀ ਸਨ। ਸੀਸ ਭੇਟ ਕਰਨ ਵਾਸਤੇ ਇਹ ਦਯਾ ਸਿੰਘ ਤੇ ਮੁਹਕਮ ਸਿੰਘ ਤੋਂ ਬਾਅਦ ਵਿਚ ਪੇਸ਼ ਹੋਏ।[6]

ਦੁਨੀ ਚੰਦ ਹਾਥੀ ਨਾਲ ਲੜਾਈ ਬਾਰੇ ਆਪਣੀ ਸਮੱਸਿਆ ਦੇ ਹੱਲ ਲਈ ਜਿਨ੍ਹਾਂ ਮੁਖੀ ਸਿੱਖਾਂ ਪਾਸ ਆਇਆ ਉਨ੍ਹਾਂ ਵਿਚ ਸਾਹਿਬ ਸਿੰਘ ਵੀ ਸ਼ਾਮਿਲ ਸਨ।[7]

ਸਿੰਘ ਸਾਗਰ ਵਿਚ ਵੀ ਖਾਲਸਾ ਸਿਰਜਣਾ ਸਮੇਂ ਸੀਸ ਭੇਟ ਕਰਨ ਵਾਲੇ ਮਰਜੀਵੜਿਆਂ ਵਿਚ ਸਾਹਿਬ ਸਿੰਘ ਦਾ ਨਾਂ ਤੀਜਾ ਹੀ ਹੈ। ਇਨ੍ਹਾਂ ਨੂੰ ਸੈਣ ਭਗਤ ਦਾ ਅਵਤਾਰ ਵੀ ਆਖਿਆ ਗਿਆ ਹੈ। ਇਹ ਬਿਦਰ ਦੇ ਬਾਲ ਕਟਾਰਿਆਂ ਵਿਚੋਂ ਸਨ।[8]

ਗੁਰ ਬਿਲਾਸ ਪਾਤਸ਼ਾਹੀ ੧੦ (ਕੋਇਰ ਸਿੰਘ) ਅਨੁਸਾਰ ਬਿਦਰ ਵਾਸੀ ਸਾਹਿਬ ਸਿੰਘ, ਸੈਣ ਨਾਈ ਦੇ ਅਵਤਾਰ, ਦਯਾ ਸਿੰਘ ਤੇ ਨਿਹਚਲ (ਮੁਹਕਮ) ਸਿੰਘ ਤੋਂ ਬਾਅਦ ਸੀਸ ਭੇਟ

ਲਈ ਅੱਗੇ ਆਏ।[੯] ਕਥਿਤ ਬਿਪ੍ਰ ਪੂਜਾ ਕਰਨ ਲਈ ਪੰਜ ਪਿਆਰਿਆਂ ਵਿਚ ਸਾਹਿਬ ਸਿੰਘ ਨੂੰ ਬਿਪ੍ਰ ਦੀ ਚਰਨ ਪੂਜਾ ਕਰਦੇ ਵਿਖਾਇਆ ਗਿਆ ਹੈ।[੧੦] ਕਹਿਣ ਦੀ ਲੋੜ ਨਹੀਂ ਕਿ ਇਹ ਲੇਖਕ ਦੀ ਆਪਣੀ ਰੁਚੀ ਤੇ ਤਤਕਾਲੀ ਪਰਿਸਥਿਤਿਆਂ ਵਿਚਲੇ ਪੁਰੋਹਿਤ ਵਾਦਦੇ ਪ੍ਰਭਾਵ ਹੇਠ ਹੈ।

ਇਸੇ ਰਚਨਾ ਦੇ ਸੰਪਾਦਕ ਸ. ਸ. ਅਸ਼ੋਕ ਨੇ ਇਨ੍ਹਾਂ ਨੂੰ ਗਿ. ਠਾਕੁਰ ਸਿੰਘ ਦੀ *ਗੁਰਦੁਆਰੇ ਦਰਸ਼ਨ* ਦੇ ਆਧਾਰ ਤੇ ਪਿੰਡ ਨੰਗਲ ਸ਼ਹੀਦਾਂ (ਜ਼ਿਲ੍ਹਾ ਹੁਸ਼ਿਆਰਪੁਰ) ਵਿਚ ਜਨਮੇ ਦੱਸਿਆ ਹੈ।[੧੧] ਸ੍ਰੀ ਰਘੁਬੀਰ ਸਿੰਘ ਟਾਕ ਦੀ ਖੋਜ ਅਨੁਸਾਰ ਅਜਿਹਾ ਨਹੀਂ ਹੈ।[੧੨] ਇਸ ਥਾਂ ਦੇ ਵਾਸੀ ਸਾਹਿਬ ਸਿੰਘ ਹੋਰ ਸਨ, ਜੋ ਪੰਜ ਪਿਆਰਿਆਂ ਵਿਚਲੇ ਸਾਹਿਬ ਸਿੰਘ ਤੋਂ ਬਾਅਦ ਵਿਚ ਹੋਏ ਹਨ।

ਭੱਟਵਹੀ ਭਾਦਸੋਂ (ਪੁਰਗਣਾ ਥਨੇਸਰ) ਤੇ *ਗੁਰੂ ਦੀਆਂ ਸਾਖੀਆਂ* ਅਨੁਸਾਰ ਬਿਦਰ ਦੇ ਰਹਿਣ ਵਾਲੇ ਸਾਹਿਬ ਸਿੰਘ ਨੇ ਦਯਾ ਸਿੰਘ ਤੇ ਮੁਹਕਮ ਸਿੰਘ ਤੋਂ ਬਾਅਦ ਸੀਸ ਭੇਟ ਲਈ ਆਪਣੇ ਆਪ ਨੂੰ ਗੁਰੂ ਸਾਹਿਬ ਅੱਗੇ ਪੇਸ਼ ਕੀਤਾ।[੧੩] ਇਨ੍ਹਾਂ ਨੇ ਬਾਕੀ (ਪੰਜ) ਪਿਆਰਿਆਂ ਸਮੇਤ ਹੋਰਨਾਂ ਨੂੰ ਅੰਮ੍ਰਿਤ ਛਕਾਇਆ।[੧੪]

ਚਮਕੌਰ ਦੇ ਯੁੱਧ ਵਿਚ ਇਹ ਦਯਾ ਸਿੰਘ, ਮੁਹਕਮ ਸਿੰਘ, ਹਿੰਮਤ ਸਿੰਘ ਤੇ ਦੋਹਾਂ ਸਾਹਿਬਜ਼ਾਦਿਆਂ ਸਮੇਤ ਗੁਰੂ ਜੀ ਦੇ ਪਾਸ ਰਹੇ, ਜਦੋਂ ਕਿ ਧਰਮ ਸਿੰਘ, ਆਲਮ ਸਿੰਘ ਨੂੰ ਦੋਹਾਂ ਪਾਸਿਆਂ ਦੀ ਤਕੜਾਈ ਲਈ ਮੁਕੱਰਰ ਕੀਤਾ ਗਿਆ।[੧੫] ਅਖੀਰ ਇਹ ਬਾਕੀ ਸਿੱਖਾਂ ਸਮੇਤ ਇਸ ਯੁੱਧ ਵਿਚ ਸ਼ਹਾਦਤ ਪਾ ਗਏ। ਕੇਵਲ ਦਯਾ ਸਿੰਘ, ਮਾਨ ਸਿੰਘ, ਧਰਮ ਸਿੰਘ ਤੇ ਰਾਮ ਸਿੰਘ (ਬਚਿੱਤਰ ਸਿੰਘ ਦਾ ਪੁੱਤਰ) ਹੀ ਬੱਚ ਸਕੇ।[੧੬]

ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ ਅਨੁਸਾਰ ਬਿਦਰ ਨਿਵਾਸੀ ਸਾਹਿਬ ਸਿੰਘ, ਦਯਾ ਸਿੰਘ, ਧਰਮ ਸਿੰਘ ਤੇ ਮੁਹਕਮ ਸਿੰਘ ਤੋਂ ਬਾਅਦ ਸੀਸ ਭੇਟਾ ਕਰਨ ਲਈ ਉਠੇ। ਇਨ੍ਹਾਂ ਨੂੰ ਸੈਨ ਭਗਤ ਨਾਲ ਸਬੰਧਿਤ ਕੀਤਾ ਗਿਆ ਹੈ।[੧੭]

ਪਹਾੜੀ ਰਾਜਿਆਂ ਪ੍ਰਤੀ ਵਿਚਾਰ ਸਮੇਂ ਗੁਰੂ ਜੀ ਦੱਸਦੇ ਹਨ ਕਿ ਉਨ੍ਹਾਂ ਦੀਆਂ ਜੜ੍ਹਾਂ ਉਖਾੜ ਕੇ ਖਾਲਸਾ ਰਾਜ ਕਰੇਗਾ। ਇਹ ਵਿਚਾਰ-ਵਟਾਂਦਰਾ ਦਯਾ ਸਿੰਘ, ਉਦੇ ਸਿੰਘ, ਆਲਮ ਸਿੰਘ, ਮੁਹਕਮ ਸਿੰਘ, ਸਾਹਿਬ ਸਿੰਘ, ਹਿੰਮਤ ਸਿੰਘ, ਰਾਮ ਸਿੰਘ ਨਾਲ ਹੁੰਦਾ ਹੈ।[੧੮]

ਸਾਹਿਬ ਸਿੰਘ ਨੇ ਜਮਤੁਲਾ ਭਾਊ ਦਾ ਜੋ ਆਨੰਦਪੁਰ ਦੇ ਹਮਲੇ ਸਮੇਂ ਪਹਾੜੀ ਰਾਜਿਆਂ ਦਾ ਸਹਾਇਕ ਸੀ, ਸੰਘਾਰ ਕੀਤਾ।[੧੯] ਦੂਨੀ ਚੰਦ ਹਾਥੀ ਨਾਲ ਲੜਾਈ ਸਮੇਂ ਦੀ ਆਪਣੀ ਸਮੱਸਿਆ ਲੈ ਕੇ ਧਰਮ ਸਿੰਘ, ਸਾਹਿਬ ਸਿੰਘ, ਆਦਿ ਪਾਸ ਆਉਂਦਾ ਹੈ।[੨੦]

ਰਾਜਾ ਕੇਸਰੀ ਚੰਦ ਦੇ ਵਿਰੁੱਧ ਜੁੱਧ ਵਿਚ ਸਾਹਿਬ ਸਿੰਘ ਬਾਕੀ ਸਿੱਖਾਂ ਸਮੇਤ ਬਹਾਦਰੀ ਵਿਖਾਉਂਦੇ ਹਨ।[੨੧] ਉਸ ਦੇ ਸੰਘਾਰ ਤੋਂ ਬਾਅਦ ਸਾਹਿਬ ਸਿੰਘ, ਹਿੰਮਤ ਸਿੰਘ, ਮੁਹਕਮ ਸਿੰਘ ਆਦਿ ਗੁਰੂ ਜੀ ਦੇ ਦਰਸ਼ਨਾਂ ਲਈ ਪਹੁੰਚਦੇ ਹਨ ਅਤੇ ਹਾਥੀ ਨਾਲ ਜੁੱਧ ਤੇ ਕੇਸਰੀ ਚੰਦ ਦੇ ਸੰਘਾਰ ਸਬੰਧੀ ਦਸਦੇ ਹਨ।[੨੨] ਅਖੀਰ ਇਸ ਜੁੱਧ ਵਿਚ ਉਦੇ ਸਿੰਘ,

ਸਾਹਿਬ ਸਿੰਘ, ਹਿੰਮਤ ਸਿੰਘ, ਮੁਹਕਮ ਸਿੰਘ, ਆਲਮ ਸਿੰਘ ਖਾਸ ਹਮਲਾ ਕਰਕੇ ਪਹਾੜੀ ਰਾਜਿਆਂ ਨਾਲ ਟੱਕਰ ਲੈਂਦੇ ਹਨ ਅਤੇ ਉਹ ਪਿਛੇ ਹੱਟ ਕੇ ਆਪੋ-ਆਪਣੇ ਦੇਸ਼ਾਂ ਨੂੰ ਚਲੇ ਜਾਂਦੇ ਹਨ ।[੨੩]

ਬਿਸਾਲੀ ਜਾਣ ਤੋਂ ਪਹਿਲਾਂ ਆਨੰਦਪੁਰ ਤਿਆਗਣ ਤੋਂ ਬਾਅਦ ਹੋਈ ਲੜਾਈ ਵਿਚ ਉਦੇ ਸਿੰਘ, ਧਰਮ ਸਿੰਘ, ਮੁਹਕਮ ਸਿੰਘ, ਆਲਮ ਸਿੰਘ ਆਦਿ ਦੇ ਨਾਲ ਸਾਹਿਬ ਸਿੰਘ ਨੇ ਵੀ ਭਾਗ ਲਿਆ ।[੨੪]

ਕਲਮੋਟ ਦੇ ਜੁੱਧ ਵਿਚ ਸਾਹਿਬਜ਼ਾਦਾ ਅਜੀਤ ਸਿੰਘ ਦੇ ਹਮਰਾਹ ਯੋਧਿਆਂ ਵਿਚੋਂ ਸਾਹਿਬ ਚੰਦ ਸਾਹਿਬ ਸਿੰਘ ਨਹੀਂ ਸਗੋਂ ਦੀਵਾਨ ਮਤੀ ਦਾਸ ਛਿੱਬਰ ਦੇ ਪੁੱਤਰ ਹਨ।[੨੫] ਸਾਹਿਬ ਚੰਦ ਸਾਹਿਬ ਸਿੰਘ ਦਾ ਪਹਿਲਾ ਨਾਂ ਨਹੀਂ, ਇਹ ਵੱਖਰਾ ਵਿਅਕਤੀ ਹੈ। ਇਸ ਸਬੰਧੀ ਕੋਈ ਭੁਲੇਖਾ ਨਹੀਂ ਪੈਣਾ ਚਾਹੀਦਾ। ਇਹ ਵਿਅਕਤੀ ਇਸ ਲੜਾਈ ਵਿਚ ਸ਼ਹੀਦ ਹੋ ਗਿਆ ਸੀ, ਉਂਜ ਇਸ ਜੁੱਧ ਵਿਚ ਸਾਹਿਬ ਸਿੰਘ ਵੀ ਸ਼ਾਮਿਲ ਸੀ ।[੨੬]

ਰਵਾਲਸਰ ਸਬੰਧੀ ਰੇਵਾ ਦੇ ਪੁੱਤਰ ਗੰਧੀਲਾ ਨਾਲ ਗੁਰੂ ਜੀ ਦੇ ਮਿਲਾਪ ਸਮੇਂ ਸਾਹਿਬ ਸਿੰਘ ਬਾਕੀ ਸਿੰਘ ਦਯਾ ਸਿੰਘ, ਆਲਮ ਸਿੰਘ, ਉਦੇ ਸਿੰਘ, ਮੁਹਕਮ ਸਿੰਘ ਸਮੇਤ ਹਾਜ਼ਰ ਸਨ ।[੨੭]

ਆਨੰਦਪੁਰ ਆ ਕੇ ਗੁਰੂ ਜੀ ਸਿੱਖਾਂ ਦੇ ਜੰਞੂ ਉਤਰਵਾਉਂਦੇ ਤੇ ਦਾਨ ਕਰਦੇ ਹਨ। ਬ੍ਰਾਹਮਣ ਇਸ ਉਪਰੋਕਤ ਕਾਰਨ ਕਰਕੇ ਦਾਨ ਨਹੀਂ ਲੈਂਦੇ ਅਤੇ ਗੁਰੂ ਜੀ ਆਪਣੇ ਸਿੱਖਾਂ ਨੂੰ ਪਾਤਸ਼ਾਹੀ ਦਾ ਦਾਨ ਦੇ ਦਿੰਦੇ ਹਨ। ਇਸ ਸਮੇਂ ਦੇ ਹਾਜ਼ਰ ਸਿੱਖਾਂ ਉਦੇ ਸਿੰਘ, ਮੋਹਰ ਸਿੰਘ, ਧਨਾ ਸਿੰਘ, ਮਾਨ ਸਿੰਘ, ਦਾਨ ਸਿੰਘ, ਚੜ੍ਹਤ ਸਿੰਘ ਦੇ ਨਾਲ ਸਾਹਿਬ ਸਿੰਘ ਵੀ ਸ਼ਾਮਿਲ ਸਨ ।[੨੮]

ਉਦੇ ਸਿੰਘ ਤੇ ਜੀਵਨ ਸਿੰਘ ਰੰਘਰੇਟੇ ਦੇ ਸੰਘਾਰ ਤੋਂ ਬਾਅਦ ਦਯਾ ਸਿੰਘ ਤੇ ਸਾਹਿਬ ਸਿੰਘ ਗੁਰੂ ਜੀ ਨੂੰ ਜੰਗ ਮੈਦਾਨ ਤਿਆਗ ਕੇ ਅੱਗੇ ਜਾਣ ਲਈ ਬੇਨਤੀ ਕਰਦੇ ਹਨ ।[੨੯]

ਚਮਕੌਰ ਦੇ ਜੁੱਧ ਸਮੇਂ ਮੁਹਕਮ ਸਿੰਘ ਦੀ ਸ਼ਹੀਦੀ ਤੋਂ ਬਾਅਦ ਹਿੰਮਤ ਸਿੰਘ ਤੇ ਸਾਹਿਬ ਸਿੰਘ ਲੜਾਈ ਜਿੱਤ ਜਾਂਦੇ ਅਤੇ ਸ਼ਹੀਦੀ ਪਾ ਜਾਂਦੇ ਹਨ ।[੩੦]

ਇਹ ਵੀ ਖਿਆਲ ਰੱਖਣ ਦੀ ਲੋੜ ਹੈ ਕਿ ਸਾਹਿਬ ਸਿੰਘ ਲਿਖਤੀ ਸੌ ਸਾਖੀ ਵਾਲਾ ਇਸ ਸਾਹਿਬ ਸਿੰਘ ਤੋਂ ਵੱਖਰੇ ਵਿਅਕਤੀ ਸਨ[੩੧] ਜਿਨ੍ਹਾਂ ਨੇ ੧੭੮੧/੧੭੯੧ ਬਿ. ਵਿਚ ਉਪਰੋਕਤ ਪੁਸਤਕ ਲਿਖੀ।

ਹਵਾਲੇ ਤੇ ਟਿੱਪਣੀਆਂ

੧. *ਗੁਰਦੁਆਰੇ ਦਰਸ਼ਨ*, ਪੰਨੇ ੫੩੬-੩੭
੨. *ਜੀਵਨ ਚਰਿਤ੍ਰ ਬਾਬਾ ਬੁੱਢਾ ਸਾਹਿਬ ਜੀ*, ਪੰਨਾ ੪੧੬
੩. *ਸ੍ਰੀ ਗੁਰ ਸੋਭਾ* (ਸੰਪਾ. ਗੰਡਾ ਸਿੰਘ), ਪੰਨਾ ੧੫੨
੪. *ਉਹੀ*, ਪੰਨਾ ੧੫੨
੫. ਪਿਆਰਾ ਸਿੰਘ ਪਦਮ, *ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਰਤਨ*, ਕਲਮ ਮੰਦਰ, ਲੋਅਰ ਮਾਲ, ਪਟਿਆਲਾ, ੧੯੭੬, ਪੰਨਾ ੨੫੬
੬. ਸਾਹਿਬ ਸਿੰਘ ਨਾਮ ਇਕ ਕਹਾ ॥ ਵਾਸੀ ਬਿਦਰ ਦਛਨੈ ਅਹਾ ॥
ਚਤੁਰਥ ਧਰਮ ਸਿੰਘ ਅਬਿਨਾਸੀ ॥ ਹਸਤਨਪੁਰਾ ਜਵਨ ਕਾ ਵਾਸੀ ॥੪੫॥
ਸੁਖਾ ਸਿੰਘ, *ਗੁਰ ਬਿਲਾਸ* ਅਧਿ. ੧੨, ੪੫, ਪੰਨਾ ੧੭੫
੭. ਸਾਹਿਬ ਸਿੰਘ ਤਜ *ਹਿਮਤ ਸਿੰਘ* ਪਹ ਆਇਯੋ ॥
ਹੋ ਸਭ ਪੈ ਫਿਰਿਯੋ ਸਧਾਇ ਜੁ ਧੀਰ ਧਰਾਨੀਐ ॥੧੯॥
ਉਹੀ, ਅਧਿ ੧੫. ੧੧੯, ਪੰਨਾ ੨੨੨
ਸਾਹਿਬ ਸਿੰਘ ਹਿਮਤ ਸਿੰਘ ਬੀਰਾ ॥ ਆਗਿਆ ਮਾਨ ਗਏ ਰਣਧੀਰਾ ॥
ਬਡੋ ਯੁੱਧ ਕਰਕੇ ਰਨ ਭਾਗੀ ॥ ਬਸੇ ਅਮਰਪੁਰ ਮੈ ਅਵਤਾਗੀ ॥੧੨੮॥
ਉਹੀ, ਅਧਿ. ੨੧, ੧੨੮, ਪੰਨਾ ੩੧੦
੮. ਸਹੀਦੁ ਸਾਹਿਬ ਸਿੰਘ ਮੈ ਪੁਰ ਬਿਦਰੁ ਦਛਨ ਦੇਸ ਹੈ ॥
ਘਰ ਜਨਮ ਬਾਲੁ ਕਟਾਰਿਆਂ ਤਵ ਭਗਤ ਚਿਤ ਹਮੇਸ ਹੈ ॥੯੧॥
ਸੈਨ ਅਵਤਾਰ ਸ੍ਰੀ ਸਾਹਿਬ ਸਿੰਘ ਜਾਨੋ ਸ੍ਰੀ...... ॥੯੬॥
ਬੀਰ ਸਿੰਘ ਬਲ, *ਸਿੰਘ ਸਾਗਰ*, ੮, ੯੧, ੯੬, ਪੰਨਾ ੯੮
੯. ਸਾਹਿਬ ਸਿੰਘ ਸੁ ਤ੍ਰਿਤੀ ਜੁ ਕਹੀਯੈ ॥ ਬਿਦਰ ਸਹਿਰ ਤਾ ਥਾਨ ਸੁ ਲਹੀਯੈ॥
ਪੂਰਬ ਸੈਨ ਨਾਈ ਥਾ ਸੰਤ ॥ ਅਬ ਭੀ ਨਾਈ ਜਾਤ ਲਖੰਤ ॥
ਕੋਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ* ੧੦, ਅਧਿ. ੯, ੩੨-੩੩, ਪੰਨਾ ੧੨੯
੧੦. ਹਿਮਤ ਸਿੰਘ ਜਲ ਲੈਨ ਸਿਧਾਏ ॥ ਸਾਹਿਬ ਸਿੰਘ ਪੂਜ ਬਿਪ ਪਾਏ ॥੭੮॥
(ਉਹੀ, ਅਧਿ. ੯, ੭੮, ਪੰਨਾ ੧੩੩
੧੧. *ਉਹੀ*, ਪੰਨਾ ੯੯
੧੨. *ਜਰਨਲ ਆਫ਼ ਸਿੱਖ ਸਟੱਡੀਜ਼*, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਅਗਸਤ, ੧੯੭੭, ਪੰਨੇ ੪੯-੫੭
੧੩. ਪਾਛੇ ਮੋਹਕਮ ਚੰਦ ਛੀਪਾ ਵਾਸੀ ਦਵਾਰਕਾ, ਸਾਹਿਬ ਚੰਦ ਨਾਈ ਵਾਸੀ ਬਿਦਰ (ਜਫਰਾਬਾਦ) ਧਰਮ ਚੰਦ ਜਵੰਦ ਜਾਟ ਵਾਸੀ ਹਸਤਨਾਪੁਰ, ਹਿਮਤ ਚੰਦ ਝੀਵਰ ਵਾਸੀ ਜਗਨ ਨਾਥ ਬਾਰੋ ਬਾਰੀ ਖਲੇ ਹੂਏ ॥ *(ਗੁਰੂ ਕੀਆਂ ਸਾਖੀਆਂ, ਪੰਨਾ ੧੪)*
ਉਧਰ ਸਤਿਗੁਰੂ ਤੀਜੇ ਸਿਰ ਕੀ ਮਾਂਗ ਕੀ, ਏਸ ਦਫਾ ਭਾਈ ਸਾਹਿਬ ਚੰਦ ਬਿਦਰ ਸ਼ਹਿਰ ਕੇ ਰਹਿਣੇ ਵਾਲਾ ਨਾਈ ਸਿੱਖ ਖਲਾ ਹੂਆ ॥ *(ਉਹੀ, ਪੰਨਾ ੧੧੨)*
੧੪. *ਉਹੀ*, ਪੰਨਾ ੧੧੬
੧੫. *ਉਹੀ*, ਪੰਨਾ ੧੪੬
੧੬. *ਉਹੀ*, ਪੰਨਾ ੧੪੯

੧੭. ਸਾਹਿਬ ਸਿੰਘ ਸੈਨ ਤਨ ਜਾਤੀ ॥ ਬਿਦਰਪੁਰੀ ਵਾਸੀ ਬਖਯਾਤੀ ॥
ਨਾਦੋ ਭਯੋ ਜੋਰਿ ਕਰਿ ਹਾਥਾ ॥ ਸਿਰ ਮੋਰੋ ਲਿਹੁ ਅਬ ਜਗਨਾਥਾ ॥੨੫॥
(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰੁਤ ੩, ਅੰਸੂ ੧੮)

੧੮. *ਉਹੀ*, ਰੁਤ ੪, ਅੰਸੂ ੨, ੧੨-੧੫

੧੯. ਪੰਚਨ ਮਹਿ ਸਾਹਿਬ ਸਿੰਘ ਜੋਇ ॥ ਰਾਹਿ ਤੁਫੰਗ ਕੋ ਪਹੁੰਚਯੋ ਸੋਇ ॥
ਖਰੋ ਜਹਾ ਜਮਤੁਲਾ ਭਾਊ ॥ ਆਵਤਿ ਹੇਲਾ ਕਰਤ ਅਗਾਊ ॥੩੭॥
ਫੇਰਿ ਕਵਾਇਦ ਕੋ ਨਿਜ ਘੋਰਾ ॥ ਤਜੀ ਤੁਫੰਗ ਤਾਹਿੰ ਕੀ ਓਰਾ ॥
ਕੜਨ ਸੁਕੰਤੀ ਤਾ ਪਰ ਗਈ ॥ ਮਨਹੁੰ ਗਾਜ ਪਹੁੰਚੀ ਸਿਰ ਪਈ ॥੩੮॥
ਲਗੀ ਭਾਲ ਮਹਿ ਗਿਰ ਤਤਕਾਲਾ ॥ ਪਰਯੋ ਭੂਮਿ ਪਰ ਅੰਗ ਨ ਹਾਲਾ ॥੩੯॥
(ਉਹੀ, ਰੁਤ ੪, ਅੰਸੂ ੧੫)

੨੦. *ਉਹੀ*, ਰੁਤ ੪, ਅੰਸੂ ੨੨, ੩੭

੨੧. ਹਿਮਤ ਸਿੰਘ ਸਾਹਿਬ ਸਿੰਘ ਪਹੁੰਚੇ ਅਹੇ ਜੁ ਕਾਟੇ ਜੋਧਾ ॥
ਮਨਹੁੰ ਸੇਰ ਨਿਰਭੈ ਬਿਚਰੰਤੇ ਰਕਤਓ ਨੇਤ੍ਰ ਕਰਿ ਕ੍ਰੋਧਾ ॥੨੭॥
(ਉਹੀ, ਰੁਤ ੪, ਅੰਸੂ ੨੭)

੨੨. ਸਾਹਿਬ ਸਿੰਘ ਹਿਮਤ ਸਿੰਘ ਆਯੋ ਮੁਹਕਮ ਸਿੰਘ ਸੁਜਾਨਾ ॥
ਇਕ ਤੇ ਆਦਿ ਆਇ ਕਿਯ ਦਰਸਨ ਕਰਿ ਉਰ ਅਨੰਦ ਮਹਾਨਾ ॥
(ਉਹੀ, ਰੁਤ ੪, ਅੰਸੂ ੨੮)

੨੩. ਉਦੇ ਸਿੰਘ ਤੇ ਆਦਿਕ ਜੋਧਾ ॥ ਸਾਹਿਬ ਸਿੰਘ ਹਿਮਤ ਸਿੰਘ ਕ੍ਰੋਧਾ ॥
ਪ੍ਰਥਮ ਸੈਂਕਰੇ ਹੀ ਮਿਲ ਗਏ ॥ ਜਵਾਲਾ ਬਰਮਣੀ ਦਾਗਤ ਭਏ ॥੩੧॥
(ਉਹੀ, ਰੁਤ ੪, ਅੰਸੂ ੩੦)

੨੪. *ਉਹੀ*, ਰੁਤ ੪, ਅੰਸੂ ੩੮, ੩੩

੨੫. ਸਾਹਿਬ ਚੰਦ ਮਹਾਂ ਬਲਿ ਜੋਧਾ ॥ ਰਿਪੁ ਮਾਰਨਿ ਕੋ ਬਰਧਸਿ ਕ੍ਰੋਧਾ ॥੯॥
(ਉਹੀ, ਰੁਤ ੪, ਅੰਸੂ ੪੩)
(ਸ੍ਰੀ ਗੁਰ ਸੋਭਾ, (ਸੰਪਾ ਗੰਡਾ ਸਿੰਘ), ਪੰਨਾ ੧੫੨)

੨੬. ਪਿਖਿ ਅਜੀਤ ਸਿੰਘ *ਗਮਨੇ* ਆਗੇ ਉਦੇ ਸਿੰਘ ਰਿਸ ਧਾਰੀ ॥੧੧॥
ਧਰਮ ਸਿੰਘ ਸਾਹਿਬ ਸਿੰਘ ਧਾਏ ਰਾਮ ਸਿੰਘ ਰਸ ਹੇਰਾ ॥੧੪
ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰੁਤ ੪, ਅੰਸੂ ੪੫

੨੭. ਪੰਚ ਸਿੰਘ ਨਿਜ ਸਾਥ ਮਿਲਾਇ ॥ ਤਿਨ ਕੇ ਨਾਮ ਸੁਨਹੁ ਹਰਖਾਏ ॥੮॥
ਸਾਹਿਬ ਸਿੰਘ ਤੁਫੰਗ ਸੰਭਾਰੇ ॥ ਪੰਚਹੁ ਗਮਨੇ ਗੁਰੂ ਪਿਛਾਰੇ ॥੧੦॥
(ਉਹੀ, ਰੁਤ ੫, ਅੰਸੂ ੬੯)

੨੮. *ਉਹੀ*, ਰੁਤ ੫, ਅੰਸੂ ੯, ੧੫, ੨੫-੩੦

੨੯. ਫੇਰ ਦਯਾ ਸਿੰਘ ਸਾਹਿਬ ਸਿੰਘ ਮਿਲੇ ਕਰ ਜੋਰ ਉਚਾਰਤ ਹੈ ॥
ਸ੍ਰੀ ਪ੍ਰਭੁ ਜੰਗ ਤਜ ਪ੍ਰਸਥਾਨਹੁ ਮਾਨਹੁ ਸਿੰਘੈ ਬਿਚਾਰਤ ਹੈ ॥੨੬॥
(ਉਹੀ, ਰੁਤ ੬, ਅੰਸੂ ੩੩)

੩੦. ਇਮ ਮੁਹਕਮ ਸਿੰਘ ਸੁਰਗ ਪਿਆਨਾ ॥ ਹਿਮਤ ਸਿੰਘ ਸਾਹਿਬ ਸਿੰਘ ਜਵਾਨਾ ॥
ਲਖਯੋ ਕਿ ਜੋਰ ਮਲੇਛਨਿ ਕੀਨਾ ॥ ਜੰਗ ਕਰਨ ਲੇ ਹੁਕਮ ਪ੍ਰਬੀਨਾ ॥੨੫॥
ਬਹਿਰ ਜਾਇ ਦਸ ਬੀਸ ਪ੍ਰਹਾਰੇ ॥ ਲਰਤਿ ਪ੍ਰਾਨ ਤਜਿ ਸੁਰਗ ਸਿਧਾਰੇ ॥੩੭
(ਉਹੀ, ਰੁਤ ੬, ਅੰਸੂ ੩੭)

੩੧. *ਸੌ ਸਾਖੀ*, (ਸੰਪਾ. ਪਿਆਰਾ ਸਿੰਘ ਪਦਮ), ਕਲਮ ਮੰਦਰ, ਲੋਅਰ ਮਾਲ, ਪਟਿਆਲਾ, ੧੯੮੩, ਪੰਨਾ ੪੦

ਭਾਈ ਹਿੰਮਤ ਸਿੰਘ

ਭਾਈ ਹਿੰਮਤ ਸਿੰਘ ਖਾਲਸਾ ਸਿਰਜਣਾ ਵਾਸਤੇ ਸੀਸ ਭੇਟਾ ਕਰਨ ਲਈ ਸਭ ਤੋਂ ਅਖੀਰ ਵਿਚ ਉਠੇ। ਮੰਗਲ ਸਿੰਘ ਦੇ *ਜੀਵਨ ਬ੍ਰਿਤਾਂਤ ਬਾਬਾ ਬੁਢਾ ਜੀ* ਅਨੁਸਾਰ ਇਹ ੧੭੧੮ ਬਿ. ਵਿਚ ਜਗਨਨਾਥ ਪੁਰੀ ਵਿਚ ਪਿਤਾ ਗੁਲਜ਼ਾਰੀ ਝਿਊਰ ਦੇ ਘਰ ਮਾਤਾ ਧੰਨੋ ਤੋਂ ਪੈਦਾ ਹੋਏ।[੧] ਗਿ. ਠਾਕੁਰ ਸਿੰਘ *ਗੁਰਦੁਆਰੇ ਦਰਸ਼ਨ* ਵਿਚ ਇਨ੍ਹਾਂ ਦਾ ਜਨਮ ਸੰਮਤ ੧੭੧੮ ਬਿ. ਹੀ ਲਿਖਦੇ ਹਨ ਪਰ ਮਿਤੀ ੫ ਮਾਘ ਵੀ ਦਿੰਦੇ ਹਨ। ਉਨ੍ਹਾਂ ਅਨੁਸਾਰ ਇਹ ਜੋਤੀ ਰਾਮ ਝਿਊਰ ਦੇ ਘਰ ਪਿੰਡ ਸੰਗਤਪੁਰਾ (ਪਟਿਆਲਾ) ਵਿਚ ਮਾਤਾ ਰਾਮੋ ਤੋਂ ਪੈਦਾ ਹੋਏ। ਇਹ ੧੭੩੫ ਵਿਚ ਗੁਰੂ ਜੀ ਦੇ ਚਰਨੀਂ ਲੱਗੇ।[੨]

ਹਿੰਮਤ ਸਿੰਘ ਜੀ ਬਾਰੇ *ਸ੍ਰੀ ਗੁਰ ਸੋਭਾ, ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ,* ਮਹਿਮਾ ਪ੍ਰਕਾਸ਼ ਵਿਚ ਕੁਝ ਨਹੀਂ ਮਿਲਦਾ।

ਗੁਰ ਬਿਲਾਸ (ਸੁਖਾ ਸਿੰਘ) ਵਿਚ ਇਸ ਦੇ ਨਾਂ ਤੇ ਨਿਵਾਸ-ਸਥਾਨ ਦਾ ਉਲੇਖ ਪਹਿਲਾਂ ਪਹਿਲ ਮਿਲਦਾ ਹੈ। ਇਹ ਸੀਸ ਭੇਟਾ ਲਈ ਸਭ ਤੋਂ ਬਾਅਦ ਵਿਚ ਪੇਸ਼ ਹੋਏ।[੩] ਦੂਨੀ ਚੰਦ ਆਪਣੀ ਹਾਥੀ ਦਾ ਮੁਕਾਬਲਾ ਕਰਨ ਵਾਲੀ ਸਮੱਸਿਆ ਦੇ ਉਠਣ ਸਮੇਂ ਪੰਜ ਪਿਆਰਿਆਂ (ਹਿੰਮਤ ਸਿੰਘ ਸਮੇਤ) ਅੱਗੇ ਪੇਸ਼ ਹੁੰਦਾ ਹੈ।[੪]

ਇਸ ਰਚਨਾ ਵਿਚ ਚਮਕੌਰ ਦੀ ਲੜਾਈ ਵਿਚ ਸਾਹਿਬ ਸਿੰਘ ਤੇ ਹਿੰਮਤ ਸਿੰਘ ਦੀ ਸ਼ਹੀਦੀ ਦਾ ਉਲੇਖ ਵੀ ਮਿਲਦਾ ਹੈ।[੫]

ਸਿੰਘ ਸਾਗਰ ਅਨੁਸਾਰ ਵੀ ਹਿੰਮਤ ਸਿੰਘ ਸੀਸ ਭੇਟ ਲਈ ਸਭ ਤੋਂ ਅਖੀਰ ਵਿਚ ਖੜ੍ਹੇ ਹੋਏ। ਇਨ੍ਹਾਂ ਨੂੰ ਬੱਧਕ ਦੇ ਅਵਤਾਰ ਆਖਿਆ ਗਿਆ ਹੈ। ਇਹ ਜਗਨਨਾਥ ਦੇ ਜਲ ਭਰਾਂ ਵਿਚੋਂ ਦੱਸੇ ਗਏ ਹਨ। ਅੰਮ੍ਰਿਤ ਤਿਆਰੀ ਸਮੇਂ ਜਿਥੇ ਦਯਾ ਸਿੰਘ ਨੇ ਜਲ ਲਿਆਂਦਾ, ਮੁਹਕਮ ਸਿੰਘ ਨੇ ਉਸ ਵਿਚ ਮਿੱਠਾ ਪਾਇਆ, ਉਥੇ ਬਾਕੀ ਸਾਥੀਆਂ ਦੇ ਨਾਲ ਹਿੰਮਤ ਸਿੰਘ ਦੇ ਅਕਾਲ ਪੁਰਖ ਦਾ ਜਾਪ ਕੀਤਾ।[੬]

ਗੁਰ ਬਿਲਾਸ ਪਾਤਸ਼ਾਹੀ ੧੦ (ਕੋਇਰ ਸਿੰਘ) ਵਿਚ ਹਿੰਮਤ ਸਿੰਘ ਨੂੰ ਬੱਧਕ ਅਵਤਾਰ ਤੇ ਜਗਨਨਾਥ ਪੁਰੀ ਦਾ ਵਾਸੀ ਦੱਸਿਆ ਗਿਆ ਹੈ। ਇਸ ਦੀ ਜ਼ਾਤ ਝੀਵਰ ਹੈ।[੭] ਬਿਪ੍ਰਾਂ ਦੀ ਸੰਗਤਾਂ ਦੀ ਪੂਜਾ ਵਿਚ ਜਿਥੇ ਦਯਾ ਸਿੰਘ ਨੇ ਪਰੋਸਣ ਦਾ ਕੰਮ ਕੀਤਾ ਇਨ੍ਹਾਂ ਨੇ ਜਲ ਲਿਆਉਣ ਦੀ ਸੇਵਾ ਕੀਤੀ।[੮]

ਭੱਟਵਹੀ ਭਾਦਸੋਂ (ਪਰਗਣਾ ਥਨੇਸਰ) ਅਨੁਸਾਰ ਹਿੰਮਤ ਚੰਦ ਝੀਵਰ ਵਾਸੀ ਜਗਨਨਾਥ ਪੁਰ ਸਭ ਤੋਂ ਅਖੀਰ ਵਿਚ ਸੀਸ ਭੇਟਾ ਲਈ ਉਠੇ।[੯] *ਗੁਰੂ ਦੀਆਂ ਸਾਖੀਆਂ* ਵਿਚ ਇਨ੍ਹਾਂ ਨੂੰ ਝੀਵਰ ਦੀ ਥਾਂ ਮਹਿਰਾ ਆਖਿਆ ਗਿਆ ਹੈ।[੧੦] ਅਸੀਂ ਵੇਖਿਆ ਕਿ *ਭਟਵਹੀ* ਤੇ *ਗੁਰੂ ਦੀਆਂ ਸਾਖੀਆਂ* ਵਿਚ ਹੀ ਪੰਜ ਪਿਆਰਿਆਂ ਦੇ ਅੰਮ੍ਰਿਤ ਛਕਣ

ਤੋਂ ਪਹਿਲੇ ਨਾਂ ਦਿੱਤੇ ਗਏ ਹਨ। ਬਾਕੀ ਰਚਨਾਵਾਂ ਵਿਚ ਅਜਿਹਾ ਨਹੀਂ ਕੀਤਾ ਗਿਆ।

ਨਿਰਮੋਹਗੜ੍ਹ ਦੀ ਲੜਾਈ ਵਿਚ *ਗੁਰੂ ਦੀਆਂ ਸਾਖੀਆਂ* ਅਨੁਸਾਰ ਜਿਸ ਹਿੰਮਤ ਸਿੰਘ ਨੇ ਸ਼ਹੀਦੀ ਪਾਈ ਉਹ ਜੀਤੇ ਦਾ ਪੁੱਤਰ ਤੇ ਰਾਮੇ ਉਦਾਨੇ ਦਾ ਪੋਤਰਾ ਸੀ। ਇਉਂ ਇਹ ਇਸ ਹਿੰਮਤ ਸਿੰਘ ਤੋਂ ਵੱਖਰਾ ਵਿਅਕਤੀ ਹੈ।[੧੧]

ਚਮਕੌਰ ਦੀ ਲੜਾਈ ਵਿਚ ਇਨ੍ਹਾਂ ਨੂੰ ਦਯਾ ਸਿੰਘ, ਮੁਹਕਮ ਸਿੰਘ, ਸਾਹਿਬ ਸਿੰਘ ਸਮੇਤ ਗੁਰੂ ਜੀ ਨੇ ਆਪਣੇ ਪਾਸ ਰੱਖਿਆ, ਜਦੋਂ ਕਿ ਧਰਮ ਸਿੰਘ ਤੇ ਆਲਮ ਸਿੰਘ ਦੋਹਾਂ ਪਾਸਿਆਂ ਦੀ ਤਕੜਾਈ ਲਈ ਖਲਿਹਾਰੇ ਗਏ।[੧੨] ਅਖੀਰ ਇਹ ਵੀ ਬਾਕੀ ਸਿੱਖਾਂ ਸਮੇਤ ਸ਼ਹੀਦੀ ਪਾ ਗਏ ਅਤੇ ਕੇਵਲ ਦਯਾ ਸਿੰਘ, ਮਾਨ ਸਿੰਘ, ਧਰਮ ਸਿੰਘ ਤੇ ਰਾਮ ਸਿੰਘ ਹੀ ਬੱਚ ਸਕੇ।[੧੩]

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਅਨੁਸਾਰ ਵੀ ਹਿੰਮਤ ਸਿੰਘ ਝੀਵਰ, ਜਗਨਨਾਥ ਨਿਵਾਸੀ ਸਭ ਤੋਂ ਅਖੀਰ ਵਿਚ ਸੀਸ ਭੇਟ ਲਈ ਪੇਸ਼ ਹੋਏ।[੧੪]

ਗੁਰੂ ਜੀ ਨਾਲ ਹੁੰਦੀਆਂ ਗੋਸ਼ਟੀਆਂ ਤੇ ਵਿਚਾਰ ਵਟਾਂਦਰੇ ਵਿਚ ਹਿੰਮਤ ਸਿੰਘ ਜੀ ਵੀ ਸ਼ਾਮਿਲ ਹੁੰਦੇ ਹਨ। ਅਜਿਹੀ ਇਕ ਗੋਸ਼ਟੀ ਤੀਜੀ ਰੁਤ ਦੇ ੪੧ਵੇਂ ਅੰਸੂ ਵਿਚ ਵਿਖਾਈ ਗਈ ਹੈ, ਜਿਸ ਵਿਚ ਦਯਾ ਸਿੰਘ, ਮੁਹਕਮ ਸਿੰਘ ਆਦਿ ਸਮੇਤ ਇਹ ਵੀ ਗੁਰੂ ਜੀ ਪਾਸੋਂ ਸ਼ਹੀਦਾਂ ਦੀ ਅਹਿਮੀਅਤ ਬਾਰੇ ਪੁੱਛਦੇ ਹਨ।[੧੫]

ਦਯਾ ਸਿੰਘ, ਉਦੇ ਸਿੰਘ, ਆਲਮ ਸਿੰਘ, ਮੁਹਕਮ ਸਿੰਘ, ਸਾਹਿਬ ਸਿੰਘ, ਹਿੰਮਤ ਸਿੰਘ ਨੂੰ ਗੁਰੂ ਜੀ ਖਾਲਸੇ ਰਾਹੀਂ ਮੁਗਲ ਪਠਾਣਾਂ ਦੇ ਤੇਜ ਦੇ ਨਸ਼ਟ ਕਰਕੇ ਜਿੱਤ ਪ੍ਰਾਪਤ ਕਰਨ ਬਾਰੇ ਦਸਦੇ ਹਨ।[੧੬]

ਕੇਸਰੀ ਚੰਦ ਤੇ ਹਾਥੀ ਨਾਲ ਲੜਾਈ ਦੌਰਾਨ ਹਿੰਮਤ ਸਿੰਘ ਤੇ ਸਾਹਿਬ ਸਿੰਘ ਵੀ ਸੰਘਰਸ਼ ਵਿਚ ਭਾਗ ਲੈਂਦੇ ਹਨ। ਇਸ ਵਿਚ ਰਾਜਾ ਕੇਸਰੀ ਚੰਦ ਮਾਰਿਆ ਜਾਂਦਾ ਹੈ।[੧੭] ਇਸ ਘਟਨਾ ਤੋਂ ਬਾਅਦ ਉਦੇ ਸਿੰਘ, ਬਚਿਤ੍ਰ ਸਿੰਘ ਦੇ ਹਮਰਾਹ ਹਿੰਮਤ ਸਿੰਘ, ਸਾਹਿਬ ਸਿੰਘ, ਮੁਹਕਮ ਸਿੰਘ ਵੀ ਗੁਰੂ ਜੀ ਪਾਸ ਜਾ ਕੇ ਹਾਲ ਦਸਦੇ ਹਨ।[੧੮]

ਇਸ ਤੋਂ ਬਾਅਦ ਭੀਮ ਚੰਦ ਆਦਿ ਰਾਜਿਆਂ ਨਾਲ ਸੰਘਰਸ਼ ਵਿਚ ਵੀ ਹੋਰਨਾਂ ਸਿੰਘਾਂ ਦੇ ਨਾਲ ਹਿੰਮਤ ਸਿੰਘ ਵੀ ਯੋਗਦਾਨ ਪਾਉਂਦੇ ਹਨ।[੧੯]

ਰੁਤ ੫ ਵਿਚ ਪਹਾੜੀ ਰਾਜਿਆਂ ਦੀ ਜੁੱਧ ਨੀਤੀ ਸਬੰਧੀ ਗੁਰੂ ਜੀ ਉਦੇ ਸਿੰਘ, ਆਲਮ ਸਿੰਘ, ਦਯਾ ਸਿੰਘ, ਮੁਹਕਮ ਸਿੰਘ, ਧਰਮ ਸਿੰਘ, ਹਿੰਮਤ ਸਿੰਘ, ਆਦਿ ਨਾਲ ਵਿਚਾਰ-ਵਟਾਂਦਰਾ ਕਰਦੇ ਹਨ।[੨੦]

ਆਨੰਦਪੁਰ ਤਿਆਗਣ ਸਬੰਧੀ ਵਿਚਾਰ-ਵਟਾਂਦਰੇ ਦੌਰਾਨ ਹਿੰਮਤ ਸਿੰਘ ਸਮੇਤ ਪੰਜ ਪਿਆਰੇ, ਪੰਜ ਮੁਕਤੇ, ਉਦੇ ਸਿੰਘ ਆਦਿ ਸਿੱਖ, ਗੁਰੂ ਜੀ ਦੀ ਆਗਿਆ ਦਾ ਪੂਰੀ ਤਰ੍ਹਾਂ ਪਾਲਣ ਕਰਦੇ ਹਨ।[੨੧]

ਚਮਕੌਰ ਦੀ ਲੜਾਈ ਸਮੇਂ ਮੁਹਕਮ ਸਿੰਘ ਤੋਂ ਬਾਅਦ ਸਾਹਿਬ ਸਿੰਘ ਤੇ ਹਿੰਮਤ ਸਿੰਘ ਕਿਲ੍ਹੇ ਵਿਚੋਂ ਨਿਕਲ ਕੇ ਲੜਾਈ ਦੇ ਮੈਦਾਨ ਵਿਚ ਜਾ ਕੇ ਲੜਦੇ ਤੇ ਸ਼ਹੀਦੀ ਪ੍ਰਾਪਤ ਕਰਦੇ ਹਨ।[੨੨]

ਹਵਾਲੇ ਤੇ ਟਿੱਪਣੀਆਂ

੧. *ਜੀਵਨ ਬ੍ਰਿਤਾਂਤ ਬਾਬਾ ਬੁੱਢਾ ਸਾਹਿਬ ਜੀ*, ਪੰਨਾ ੪੧੬
੨. *ਗੁਰਦੁਆਰੇ ਦਰਸ਼ਨ*, ਪੰਨੇ ੫੩੭-੩੮
੩. ਪੰਚਮ ਹਿੰਮਤ ਸਿੰਘ ਜਨਾਯੋ ॥ ਵਾਸੀ ਸ੍ਰੀ ਜਗੰਨਾਥ ਬਤਾਯੋ ॥
ਇਹ ਪਾਂਚੋ ਪਯਾਰੇ ਨਿਜ ਜਾਨ ॥ ਜਿਹ ਕਹ ਪਾਹੁਲ ਦਈ ਨਿਧਾਨ ॥੪੬॥
(ਸੁਖਾ ਸਿੰਘ, ਗੁਰ ਬਿਲਾਸ, ਅਧਿ. ੧੨, ੪੬, ਪੰਨਾ ੧੭੫)
੪. *ਉਹੀ*, ਅਧਿ. ੧੫, ੧੧੮, ਪੰਨਾ ੨੨੨
੫. *ਉਹੀ*, ਅਧਿ. ੨੧, ੧੨੮, ਪੰਨਾ ੩੧੦
੬. ਨਾਉ ਕਹਿਯੋ ਹਿਮਤੀ ਸਿੰਘੁ ਮੇਰਾ ਜਲ ਭਰਾਂ ਘਰ ਜਾਇਆ ॥
ਸੁਭ ਦੇਸ ਪੂਰਬੁ *ਸਿੰਧ* ਤਟ ਪਰ ਜਗਨ ਨਾਥ ਬਤਾਇਆ ॥੯੨॥
ਬਧਕ ਅਵਤਾਰ ਸ੍ਰੀ ਹਿੰਮਤ ਸਿੰਘ ਨਾਮ ਤਾਸ
ਪਾਂਚੋ ਬੀਰ ਬਾਂਕੇ ਨਾਮ ਜਪਤ ਅਕਾਲ ਕੋ ॥੯੬॥
(ਬੀਰ ਸਿੰਘ ਬਲ, ਸਿੰਘ ਸਾਗਰ, ੮, ੯੨, ੯੬, ਪੰਨੇ ੯੮-੯੯)
੭. ਹਿੰਮਤ ਸਿੰਘ ਹਠੀਲਾ ਗਾਯੋ ॥ ਵਾਸੀ ਜਗੰਨਾਥ ਕੀ ਗਾਯੋ ॥੩੩॥
ਪੂਰਬ ਜਨਮ ਬਧਕ ਅਵਤਾਰਾ ॥ ਜਾਤ ਝੀਵਰੰ ਕੀ ਸੁਖ ਸਾਰਾ ॥੩੪॥
(ਕੋਇਰ ਸਿੰਘ, ਗੁਰ ਬਿਲਾਸ ਪਾਤਸ਼ਾਹੀ ਦਸਵੀਂ, ਅਧਿ. ੯, ੩੩-੩੪, ਪੰਨਾ ੧੨੯)
੮. ਪਾਂਚ ਸਿੰਘ ਕੋ ਟਹਲ ਬਤਾਈ ॥ ਖੁਸੀ ਲਵੋਂ ਸੰਗਤ ਕੀ ਭਾਈ ॥੭੭॥
ਹਿੰਮਤ ਸਿੰਘ ਜਲ ਲੈਨ ਸਿਧਾਏ ॥ ਸਾਹਿਬ ਸਿੰਘ ਪੂਜ ਬਿਧ ਪਾਏ ॥੭੮॥
(ਉਹੀ, ਅਧਿ ੯, ੭੭-੭੮, ਪੰਨਾ ੧੩੩
੯. ਹਿੰਮਤ ਸਿੰਘ ਝੀਵਰ ਵਾਸੀ ਜਗਨਨਾਥ ਬਾਰੋ ਬਗੀ ਖੜੇ ਹੂਏ ॥
(ਗੁਰੂ ਕੀਆਂ ਸਾਖੀਆਂ, ਪੰਨਾ ੧੪)
੧੦. ਪਾਂਚਵੀ ਵਾਰ ਹਿੰਮਤ ਚੰਦ ਮੇਹਰਾ ਸਿਖ ਜਗਨਨਾਥ ਵਾਸੀ ਖਲਾ ਹੂਆ॥ *(ਉਹੀ*, ਪੰਨਾ ੧੧੨)
੧੧. *ਉਹੀ*, ਪੰਨਾ ੧੩੦
੧੨. *ਉਹੀ*, ਪੰਨਾ ੧੪੬
੧੩. *ਉਹੀ*, ਪੰਨੇ ੧੪੭-੪੮
੧੪. ਹਿੰਮਤ ਸਿੰਘ ਵਾਸੀ ਜਗਨਨਾਥ ॥ ਝੀਵਰ ਜਾਤਿ ਬੰਦਿ ਦਵੈ ਹਾਥ ॥੩੨॥
ਕਹਿਤ ਭਯੋ ਲੀਜੈ ਮਮ ਸਿਰ ਕੋ ॥ ਸੁਨਿ ਗੁਰ ਤੁਰਤ ਗਯੋ ਤਿਸ ਕਰ ਜੋ ॥੩੩॥
(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰੁਤ ੩, ਅੰਸੂ ੧੮)
੧੫. *ਉਹੀ*, ਰੁਤ ੩, ਅੰਸੂ ੪੧, ੪-੫
੧੬. *ਉਹੀ*, ਰੁਤ ੪, ਅੰਸੂ ੨, ੧੨, ੧੫
੧੭. *ਉਹੀ*, ਰੁਤ ੪, ਅੰਸੂ ੨੭, ੨੭
੧੮. *ਉਹੀ*, ਰੁਤ ੪, ਅੰਸੂ ੨੮, ੧੦
੧੯. *ਉਹੀ*, ਰੁਤ ੪, ਅੰਸੂ ੩੦, ੩੦
੨੦. *ਉਹੀ*, ਰੁਤ ੫, ਅੰਸੂ ੩੩, ੩
੨੧. *ਉਹੀ*, ਰੁਤ ੬, ਅੰਸੂ ੩੦, ੩੧
੨੨. *ਉਹੀ*, ਰੁਤ ੬, ਅੰਸੂ ੩੭, ੨੫-੩੭

ਸਾਰ ਤੇ ਸਿੱਟੇ

ਪੰਜ ਪਿਆਰਿਆਂ ਦੀ ਸੰਸਥਾ ਅਹਿਮ ਸੰਸਥਾ ਹੈ, ਜਿਸ ਨੇ ਪੰਜਾਬ ਦੇ ਲੋਕਾ ਖਾਸ ਕਰਕੇ ਸਿੱਖਾਂ ਨੂੰ ਮੱਧਕਾਲ ਤੋਂ ਆਧੁਨਿਕ ਕਾਲ ਵਿਚ ਕਦਮ ਰੱਖਣ ਲਈ ਸਮਰੱਥ ਕੀਤਾ। ਪੰਜ ਪਿਆਰਿਆਂ ਦੀ ਸਿਰਜਣਾ ਦਾ ਸੰਕਲਪ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਪਰਵਰਤੀ ਗੁਰੂ ਸਾਹਿਬਾਨ ਦੀਆਂ ਰਚਨਾਵਾਂ ਵਿਚ ਮਿਲਦਾ ਹੈ। ਇਸ ਨੇ ਭਾਈ ਗੁਰਦਾਸ ਜੀ ਦੀਆਂ ਰਚਨਾਵਾਂ ਵਿਚ ਮੁੱਢਲਾ ਰੂਪ ਧਾਰਿਆ ਹੈ ਅਤੇ ਇਹ ਸੰਸਥਾ ਅੱਗੇ ਜਾ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੱਥਾਂ ਵਿਚ ਪ੍ਰਵਾਨ ਚੜ੍ਹੀ।

ਇਸ ਸੰਸਥਾ ਨੇ ਮੁੱਢ-ਕਦੀਮ ਤੋਂ ਚਲੀ ਆ ਰਹੀ ਜਾਤੀ ਪ੍ਰਥਾ ਉਤੇ ਭਰਵੀਂ ਸੱਟ ਮਾਰੀ। "ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥" ਨੂੰ ਇਸ ਵਿਚ ਨੁਮਾਇੰਦਗੀ ਮਿਲੀ। ਸਾਮੰਤੀ ਨਜ਼ਰੀਏ ਵਿਚਲੀ ਇਲਾਕਾਈ, ਵਿਤਕਰਾਬਾਜ਼ੀ ਨੂੰ ਇਸ ਵਿਚ ਪੂਰੀ ਤਰ੍ਹਾਂ ਨਕਾਰ ਦਿੱਤਾ ਗਿਆ। ਵਿਦਿਆ ਦੀ ਪ੍ਰਾਪਤੀ ਇਕੋ-ਇਕ ਬ੍ਰਹਮ ਸੱਤਾ ਉਪਰ ਆਸਥਾ, ਕਰਮ-ਕਾਂਡ ਤੇ ਰਹੁ-ਰੀਤਾਂ ਦੀ ਬੇਅਰਥਤਾ, ਵਹਿਮਾਂ-ਭਰਮਾਂ, ਅੰਧ-ਵਿਸ਼ਵਾਸ ਤੇ ਪਾਖੰਡਾਂ ਦਾ ਵਿਰੋਧ, ਔਰਤਾਂ ਦਾ ਸਨਮਾਨ ਤੇ ਉਨ੍ਹਾਂ ਨੂੰ ਉਨਤੀ ਦੇ ਮੌਕੇ ਮੁਹੱਈਆ ਕਰਾਉਣੇ, ਸਮਾਜਿਕ ਨਾ-ਬਰਾਬਰੀ ਤੇ ਆਰਥਿਕ ਤੇ ਸਮਾਜਿਕ ਰੁਤਬੇ ਦੇ ਆਧਾਰ 'ਤੇ ਖੜੀ ਪੁੜਬੰਦੀ ਦਾ ਨਕਾਰਣ ਇਸ ਸੰਸਥਾ ਦੀਆਂ ਹੋਰ ਵਿਸ਼ੇਸ਼ਤਾਵਾਂ ਹਨ। ਖੰਡੇ ਦੀ ਪਾਹੁਲ, ਧਰਮ ਤੇ ਸਮਾਜ ਦਾ ਅਟੁੱਟ ਰਿਸ਼ਤਾ, ਆਪਣੇ ਅਧਿਕਾਰਾਂ ਤੇ ਗਰੀਬਾਂ ਦੀ ਰੱਖਿਆ, ਜ਼ੁਲਮ ਵਿਰੁੱਧ ਸੰਘਰਸ਼ ਵਾਸਤੇ ਸ਼ਸ਼ਤਰ-ਬੱਧ ਹੋਣਾ ਵੀ ਇਸ ਵਿਚ ਖਾਸ ਅਹਿਮੀਅਤ ਰੱਖਦਾ ਹੈ। ਪੰਜ ਕਕਾਰਾਂ ਦੀ ਤਤਕਾਲੀ ਪ੍ਰਸੰਗਕਤਾ ਤੋਂ ਇਲਾਵਾ ਸਮਾਜਿਕ ਤੇ ਮਨੋ-ਵਿਗਿਆਨਕ ਪੱਖਾਂ ਤੋਂ ਵਿਸ਼ੇਸ਼ਤਾ ਵੀ ਰਹੀ ਹੈ। ਦਰਸਾਈਆਂ ਗਈਆਂ ਕੁਰਹਿਤਾਂ ਤੋਂ ਬਚਾਅ ਸਤੁੰਲਤ ਸਮਾਜਿਕ ਤੇ ਅਧਿਆਤਮਕ ਜੀਵਨ ਦਾ ਰਹਿਨੁਮਾ ਮੰਨਿਆ ਜਾਂਦਾ ਹੈ। ਪੰਚਾਇਤੀ ਸੰਸਥਾ ਦਾ ਬੀਜ ਰੂਪ ਵੀ ਇਸ ਸੰਸਥਾ ਵਿਚ ਪ੍ਰਾਪਤ ਹੈ। ਤਤਕਾਲੀ ਪ੍ਰਾਸੰਗਕਤਾ ਤੋਂ ਇਲਾਵਾ ਇਸ ਦਾ ਆ ਰਹੀ ਸਦੀ ਨੂੰ ਵੀ ਤਕੜਾ ਯੋਗਦਾਨ ਹੋ ਸਕਦਾ ਹੈ, ਜੇ ਇਸ ਵਿਚਲੇ ਵਿਚਾਰਾਂ ਤੇ ਵਿਹਾਰਾਂ ਦਾ ਵਿਗਿਆਨਕ ਸਮਝ ਨਾਲ ਅਧਿਐਨ ਕਰਕੇ ਇਨ੍ਹਾਂ ਦੀ ਅਹਿਮੀਅਤ ਸਮਝੀ ਜਾਵੇ।

ਪੰਜ ਪਿਆਰਿਆਂ ਦੀ ਜੀਵਨੀ ਬਾਰੇ ਜੋ ਸਮੱਗਰੀ ਪ੍ਰਾਪਤ ਸ੍ਰੋਤਾਂ ਵਿਚੋਂ ਮੁਹੱਈਆ ਹੁੰਦੀ ਹੈ ਉਹ ਉਨ੍ਹਾਂ ਦੇ ਸਮਾਜਿਕ ਤੇ ਧਾਰਮਿਕ ਪੱਖੋਂ ਆਦਰਸ਼ ਦਰਸਾਉਂਦੀ ਹੈ ਅਤੇ ਉਹ ਇਹ ਪ੍ਰੇਰਣਾ ਕਰਦੀ ਹੈ ਕਿ ਇਸ ਅਨੁਸਾਰ ਵਿਹਾਰਕ ਜੀਵਨ ਵਿਚ ਸਫਲਤਾ-

ਪੂਰਵਕ, ਮੰਤਵਾਂ ਦੀ ਪ੍ਰਾਪਤੀ ਕੀਤੀ ਜਾ ਸਕਦੀ ਹੈ। ਪ੍ਰਾਪਤ ਸ੍ਰੋਤਾਂ ਵਿਚਲੀ ਸਮੱਗਰੀ ਉਨ੍ਹਾਂ ਦੇ ਜੀਵਨ ਸਬੰਧੀ ਬਹੁਤ ਕੁਝ ਦੱਸਦੀ ਹੈ ਅਤੇ ਇਹ ਵੀ ਦਰਸਾਉਂਦੀ ਹੈ ਕਿ ਪਰਵਰਤੀ ਕਾਲ ਵਿਚ ਉਨ੍ਹਾਂ ਦੀ ਸ਼ਖ਼ਸੀਅਤ ਤੇ ਯੋਗਦਾਨ ਦਾ ਸਮਾਜਿਕ ਜੀਵਨ ਉਪਰ ਕੀ ਪ੍ਰਭਾਵ ਪਿਆ। ਸ੍ਰੋਤ ਸਮੱਗਰੀ ਥੋੜ੍ਹੀ ਵੀ ਹੈ ਜੋ ਕਿਤੇ-ਕਿਤੇ ਉਤਪੰਨ ਹੋਏ ਵਿਵਾਦਾਂ ਨੂੰ ਤਣ-ਪੱਤਣ ਨਹੀਂ ਲਾ ਸਕੀ। ਅਸੀਂ ਵਿਵਾਦਾਂ ਨੂੰ ਨਹੀਂ ਛੇੜਿਆ, ਕਿਉਂਕਿ ਸਾਡਾ ਮਕਸਦ ਉਨ੍ਹਾਂ ਮਹਾਨ ਵਿਅਕਤੀਆਂ ਦੇ ਜੀਵਨ ਅਨੁਭਵ ਤੋਂ ਪੰਜਾਬ ਦੇ ਲੋਕਾਂ ਖਾਸ ਕਰਕੇ ਸਿੱਖਾਂ ਨੂੰ ਜੋ ਰਹਿਨੁਮਈ ਮਿਲ ਸਕਦੀ ਹੈ, ਉਸ ਨੂੰ ਸਾਹਮਣੇ ਲਿਆਉਣਾ ਹੈ।

ਰਹਿਤਨਾਮਾ ਭਾਈ ਦਯਾ ਸਿੰਘ

ਸ੍ਰੀ ਦਸਵੀਂ ਪਾਤਸ਼ਾਹੀ ਅਨੰਦਪੁਰ ਮੈਂ ਬੈਠੇ ਥੇ, ਦਯਾ ਸਿੰਘ ਜੀ ਪ੍ਰਸ਼ਨ ਕੀਆ 'ਜੁ ਮਹਾਰਾਜ ਜੀ ! ਰਹਿਤਨਾਮਾ ਕਹੀਏ ਜਿਸ ਕੇ ਸੁਨਨੇ ਸੇ ਮੁਕਤ ਹੋਇ ।'

ਉਤਰ—ਜਬ ਦੇਵੀ ਪ੍ਰਗਟ ਭਈ ਔਰ ਪਾਂਚ ਪਯਾਰੇ ਸਾਵਧਾਨ ਹੂਏ, ਤਬ ਸਬ ਦੇਵਤਾ ਆਏ । '੧ਓ ਸਤਿਨਾਮ' ਉਪਦੇਸ ਮੰਤ੍ਰ ਸ੍ਰੀ ਗੁਰੂ ਨਾਨਕ ਜੀ ਕੀ ਸ਼ਕਤਿ ਨੇ ਦੀਆ, ਔਰ ਜੰਤ੍ਰ ਵਾਹਿਗੁਰੂ ਮੋਹਨ ਬਸੀਕਰਨ ਨੇ ਦੀਆ, ਤੰਤ੍ਰ ਜਲ ਅਮਰ ਬਰੁਣ ਵਾਸਤੇ ਚਿਤ ਦ੍ਰਿੜਤਾ ਦੇ ਦੀਆ, ਮਿਸਟਾਨ ਇੰਦ੍ਰ ਨੇ ਦੀਆ, ਬੁਧੀ ਮੀਠੀ ਰਹਨ ਨਮਿਤ ਅਰ ਲੋਹ ਪਾਤਰ ਯਮਰਾਜ ਅੰਮ੍ਰਿਤ ਪਾਵਣੇ ਨਮਿਤ ਦੀਆ, ਸਰਬਲੋਹ ਕੀ ਕਰਦ ਕਾਲ ਜੀ ਦਈ, ਯੁਧ ਕੇ ਵਾਸਤੇ, ਕੇਸ ਚੰਡੀ ਜੀ ਦਏ, ਬਾਹਨੀ ਕੱਛ ਹੰਨੂ ਜੀ ਦਈ, ਜਪੁਜੀ ਮੁਕਤ ਕੋ ਪਾਠ ਦੀਆ, ਅਨੰਦ ਚਿਤ ਸ਼ਾਂਤ ਲੀਏ ਗੁਰੂ ਅਮਰ ਜੀ ਦੀਨਾ, ਚੌਪਈ, ਸ੍ਵੈਯੇ ਸ੍ਰੀ ਮੁਖ ਦ੍ਰਿੜ ਚਿਤ ਤੇ ਜੁੱਧ ਨਿਮਿਤ । ਚਾਰ ਪਦਾਰਥ ਖੰਡੇ ਕੀ ਪਾਹੁਲ ਤੇ ਦੀਏ ਸਿਖੋਂ ਕੋ ਸਰਕਰ ਬਿਸਨੂ ਜੀ ਦੀਨੀ, ਮੈਦਾ ਮਹਾਂਦੇਵ ਜੀ ਦੀਨਾ, ਘੀਵ ਬ੍ਰਹਮੇ ਨੇ ਦੀਆ ਤ੍ਰਿਭਾਵ ਕਾ ਕੜਾਹ ਪ੍ਰਸਾਦ ਕੀਆ, ਜੋ ਤੀਨ ਭਾਵ ਤੇ ਘਟ ਕਰੇ ਤੇ ਗੁਰੂ ਜੀ ਕੋਲ ਪਹੁੰਚੇ ਔਰ ਜਦ ਅੰਮ੍ਰਿਤ ਛਕਾਨਾ ਹੋ ਤਬ ਪ੍ਰਸਾਦ ਗੁੜ ਕਾ ਨ ਕਰੇ । ਇਸ ਬਿਧਿ ਸੋ ਸਬ ਦੇਵਤਾ ਅੰਸ ਦੇਤ ਭਏ ਔਰ ਜੋ ਚਾਰ ਬਰਨ ਮੈਂ ਅੰਮ੍ਰਿਤ ਪਾਨ ਕਰੇਗਾ ਸੋ ਮੁਕਤ ਹੋਗਾ ਔਰ ਨੀਚਾਦਿ ਭੀ ਗਤੀ ਕੋ ਪਾਵਹਿੰਗੇ । ਜਹਾਂ ਇਕਤ੍ਰ ਖਾਲਸਾ ਹੋ ਤਹਾਂ ਬੀਚ ਗ੍ਰੰਥ ਸਾਹਿਬ ਰਖ ਲੈਣਾ ਅੰਗ ਸੰਗ ਪੰਜ ਸਿੰਘ ਮਿਲੈ ਅੰਮ੍ਰਿਤ ਛਕਨੇ ਵਾਲੇ ਨੂੰ। ਪਹਿਲੇ ਕਛ ਪਹਰਾਨੀ, ਕੇਸ਼ ਇਕੱਠੇ ਕਰ ਜੂੜਾ, ਦਸਤਾਰ ਸਜਾਵਨੀ । ਗਾਤ੍ਰੇ ਸ੍ਰੀ ਸਾਹਿਬ ਹਾਥ ਜੋੜਿ ਖੜਾ ਰਹੈ । ਕੜਾਹ ਜੀ ਬੀਚ ਧਰੇ ਉਤਮ ਸਿੰਘ ਲੋਹ ਪਾਤ੍ਰ ਮੈਂ ਸ੍ਰੀ ਅੰਮ੍ਰਿਤਸਰ ਜੀ ਕਾ ਅੰਮ੍ਰਿਤ ਪਾਵੈ, ਪ੍ਰਥਮ ਜਪੁਜੀ ਆਦਿ ਅੰਤ ਪੂਰਨ, ਪੂਰਨ ਜਾਪੁ ਜੀ ਆਦਿ ਅੰਤ ਕਾ ਪਾਠ ਕਰੇ ਚੌਪਈ, ਪੰਜ ਪੰਜ ਸਵੈਯੇ ਭਿੰਨ ਭਿੰਨ ੧ ਸ੍ਰਾਵਗ, ੨ ਦੀਨਨ ਕੀ ਪ੍ਰਤਿਪਾਲ, ੩ ਪਾਪ ਸੰਬੂਹ ਬਿਨਾਸਨ, ੪ ਸਤਿ ਸਦੈਵ ਸਦਾ ਬ੍ਰਤ, ਪੰਜ ਪਉੜੀ ਅਨੰਦ ਜੀ ਕੀ, ਕਰਦ ਅੰਮ੍ਰਿਤ ਬੀਚ ਫੇਰੇ ਅਪਨੀ ਓਰ ਕੋ । ਪੁਨਹ ਏਕ ਸਿੰਘ ਸਰਬਤ੍ਰ ਆਗਿਆ ਲੈਕੇ ਹਥਿ ਮੈਂ ਕਟੋਰਾ ਲੇਕਰ ਅੰਮ੍ਰਿਤ ਛਕਾਵੈ, ਉਹ ਕਰਦ ਉਸ ਕੀ ਪਾਗ ਮੋ ਧਰ ਦੇ, ਛਕਨ ਵਾਲਾ ਬਾਂਏ ਹਾਥ ਪਰ ਦਾਇਆਂ ਹਾਥ ਰਖ ਕੈ ਛਕੈ। ਵਹ ਕਹੇ-ਬੋਲੋ "ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਕੀ ਫਤਿਹ।" ਇਸ ਭਾਂਤ ਪਾਂਚ ਪਾਂਚ ਚੁਲੇ ਛਕਾਵੈ, ਨੇਤ੍ਰ ਮੋ ਪਾ ਫਤੇ ਬੁਲਾਵੇ, ਕੇਸ ਮੋ ਪਾਵੈ, ਗੁਰਮੰਤ੍ਰ ਸਤਿਨਾਮ ਦੇ ਰਹਤ ਦਸਣੀ, ਨਾਮ ਰੱਖਣਾ। ਸਵਾ ਰੁਪਯਾ ਤਨਖਾਹ, ਅਰਦਾਸ ਕਰਨੀ ਉਸ ਕਾਲ ਸਭ ਰਲ ਕਰਿ ਛਕੇ ਪ੍ਰਸਾਦ ਕੜਾਹ, ਪੀਛੇ ਅਪਨੇ ਅਪਨੇ

ਬਰਤਨ ਮੈਂ ਛਕੇ, ਅੰਮ੍ਰਿਤੁ ਛਕਾਵਨ ਵਾਲੇ ਗੁਰਦੇਵ ਕੋ ਬਸਤ੍ਰ ਸ਼ਸ਼ਤ੍ਰ ਕਰਿ ਪੂਜੇ।
ਅਕਾਲ ਪੁਰਖ ਕਾ ਅਵਤਾਰ ਪ੍ਰਗਟ ਕੀਆ ਖਾਲਸਾ।

ਪੰਜ ਭੁਜੰਗੀ ਹੈਂ—ਮਹਾਂ ਮੁਕਤੇ ਨਾਮ—ਰਾਮ ਸਿੰਘ, ਫਤਿਹ ਸਿੰਘ, ਦੇਵਾ ਸਿੰਘ, ਟਹਿਲ ਸਿੰਘ, ਈਸ਼ਰ ਸਿੰਘ—ਇਨਹੁੰ ਪਾਂਚੋਂ ਸਿੰਘੋਂ ਨੇ ਹਾਥ ਸੇ ਅੰਮ੍ਰਿਤ ਛਕਾ ਥਾ। ਜੋ ਗੁਰਦੇਵ ਅੰਮ੍ਰਿਤ ਛਕਾਨੇ ਵਾਲਾ। ੧ ਸਤਗੁਣੀ ਨਿਰਲੋਭੀ ਸੁਕਦੇਵ ਹੈ, ੨ ਤਮਗੁਣੀ ਦੁਰਬਾਸਾ ਸਮ, ੩ ਕਾਮੀ ਰਾਜਨੀਤੀ ਕ੍ਰਿਸ਼ਨ ਤੁਲ, ੪ ਮੋਹ ਜੁਗ ਕਰ ਵਸ਼ਿਸ਼ਟ ਸ੍ਵਰੂਪ, ਹੰਕਾਰੀ ਬਿਸਵਾਮਿਤ੍ਰ ਰੂਪ, ੬ ਅਚਾਰੀ ਬਿਆਸ, ੭ ਸਮਾਧਿ ਸਿਥਿਤ ਕਪਿਲ, ੮ ਭਿਖੁਯਕ ਜਾਗਵਲਿਕ, ੯ ਕਰਮਕਾਂਡੀ ਜੈਮਨਿ ਤੁਲ, ੧੦ ਪਾਤਾਂਜਲੀ ਸ਼ੇਸ਼ ਤੁਲ।

ਰਹਿਤ ਏਹੀ ਹੈ ਜੋ ੧ ਮਸੰਦੀਏ, ੨ ਧੀਰਮੱਲੀਏ, ੩ ਰਾਮਰਾਈਏ, ੪ ਸਿਰ ਮੁੰਡਤ—ਇਨ੍ਹਾਂ ਨਾਲ ਵਰਤਣਾ ਨਹੀਂ। ਸਿੰਘੋਂ ਕੀ ਸੇਵਾ, ਸ਼ਬਦ ਕਾ ਅਭਿਆਸ ਸ਼ਸਤ੍ਰ ਬਿਦਯਾ ਸੀਖਣੀ, ਮਨ ਵਾਹਗੁਰੂ ਓਰ ਰਖੈ; ਉਪਰ ਕਾ ਸ੍ਵਾਸ ਆਵੇ ਤੋ ਵਾਹ ਗੁਰੂ, ਅੰਤ ਕਾ ਵਾਹ ਗੁਰੂ ਮਨ ਵਸਤ ਕਰੇ। ਮਿਥਯਾ ਨ ਬੋਲੈ, ਪਰਨਾਰੀ ਤਯਾਗੈ, ਕ੍ਰੋਧ, ਹੰਕਾਰ, ਮੋਹ, ਨਿੰਦਾ, ਹਿੰਸਾ, ਅਸਤ ਤਯਾਗੇ, ਬੁਰਾ ਨ ਕਰੇ, ਅੰਤ ਕੀ ਓਰ ਦੇਖੈ, ਦੁਖਾਵੇ ਨਾਹੀ, ਮੀਠਾ ਬੋਲੈ, ਮਨ ਸੁਧ ਰਖੈ, ਹਰਖ ਸੋਗ ਹਰੈ, ਧਰਮ ਕਿਰਤ ਪਾਇ, ਦੂਸਰੇ ਪੰਥ ਸਾਰਗ ਕੀ ਮੜੀ ਨ ਸੇਵੈ, ਮਠ, ਬ੍ਰਤ, ਤੀਰਥ, ਦੇਵੀ, ਦੇਵਤਾ, ਬਰਤ ਪੂਜਾ ਅਰਚਾ, ਮੰਤ੍ਰ, ਪੀਰ ਪੁਰਖ, ਬ੍ਰਾਹਮਨ, ਪੁਛਨਾ, ਤਰਪਨ ਗਾਇਤ੍ਰੀ, ਸੰਧਯਾ ਹੋਰ ਕਿਤੈ ਵਲਿ ਚਿਤ ਦੇਵੈ ਨਾਹੀ। ਅਕਾਲ ਚਰਨ ਖਾਲਸੇ ਨਾਲ ਜੁੜੇ। ਖਾਲਸਾ ਸੋ ਜਿਨ ਤਨ ਮਨ ਧਨ ਗੁਰੂ ਅਕਾਲ ਪੁਰਖ ਕੋ ਸੌਂਪਿਆ ਹੈ।

ਜਨੇਊ ਧਾਇ ਕਰ ਪਿਤਰ ਸਿਰਾਧ, ਪਿਤਰ, ਪਿੰਡ, ਬਿਵਾਹ ਆਦਿ ਨ ਕਰਾਵੈ। ਸਭ ਜੁਗਤਿ ਗੁਰੂ ਕੀ ਮਰਯਾਦਾ ਅਰਦਾਸ ਸੇ ਕਾਰਜ ਕਰੈ, ਮਨ ਗੁਰੋ ਮੈਂ ਰਾਖੇ, ਵੰਡ ਖਾਇ ਕਿਸੂ ਕਾ ਹੋਇ ਸਵਾਰੇ, ਗੁਰੂ ਪ੍ਰਸੰਨ ਹੋਵੈ, ਦਸਵੰਧ ਦੇਵੈ। ਹੁਕਮ ਮਾਨ ਅਭਿਮਾਨ ਨ ਕਰੈ, ਸਿੰਘ ਮੁਖ ਗੋ ਹੋਇ ਰਹੇ, ਜੋ ਗੁਰਦੁਆਰੇ ਜਾਵੈ ਮਾਰਗ ਮੈਂ ਬ੍ਰਹਮਚਰਜ ਧਾਰੇ, ਸਭ ਮਨੋਰਥ ਪੂਰੇ ਹੋਣ, ਅਰਦਾਸ ਮਨ ਵਿਚ ਲਾਇਕੇ ਕਾਰਨ ਕਾਰਜ ਸਿਧ ਹੋਵੇ। ਜਿਥੇ ਗੁਰੂ ਬਿਸਰੇ ਉਥੇ ਨ ਜਾਵੈ। ਅੰਨ ਬਹੁਤ ਨ ਖਾਇ, ਛਡੇ ਭੀ ਨਾਹੀ, ਬਹੁਤ ਸਾਉਣਾ ਨਹੀਂ, ਬਹੁਤ ਬੋਲਣਾ ਨਹੀਂ। ਗ੍ਰੰਥ ਵਿਚ ਪਰਮੇਸ਼ਰ ਅਰਾਧੇ, ਗੁਰੂ ਖੁਸ਼ੀ ਕਰੇ, ਧਰਮ ਦੀ ਕਿਰਤ ਕਰੇ, ਸਿੱਖਾਂ ਦੀ ਸੇਵਾ ਕਰੈ, ਦੇਵਨਹਾਰ ਗੁਰੂ ਹੈ।

ਪਾਂਚ ਕਰਮ ਨ ਕਰੇ ਜੋ ਜੀਵਨ-ਮੁਕਤ ਹੈ—

ਪਰਧਨ, ਪਰਇਸਤ੍ਰੀ, ਪਰਨਿੰਦਾ, ਜੂਆ, ਮਦਰਾ।

ਸੰਗਤ ਮੈਂ ਖਾਲੀ ਜਾਵੈ ਨਾਹੀ, ਕੀਰਤਨ ਸੁਨੇ ਸੁਨਾਵੈ, ਅਰਥੀ ਨੂੰ ਦਾਨ ਦੇ ਜਿਸ ਨੂੰ ਕੋਈ ਕੁੜਮਾਈ ਕਰੇ ਨਾਹੀਂ ਤਿਸ ਨੂੰ ਲੋਚਕੇ ਕਰੈ ਕਰਾਵੈ। ਕੁਸਿੱਖ ਹੋਵੈ ਤਿਸਕੋ ਸਿਖ ਕਰੇ, ਦੁਖੈ ਦੁਖਾਵੇ ਨਾ, ਸਿਖ ਸ਼ਬਦ ਤੇ ਜਾਣੀਏ, ਰਹਿਤ ਤੇ ਪਛਾਣੀਏ ਔ ਅੰਤਰਾਤਮਾ ਮੈਂ ਇਹ ਰਹਿਤ ਧਾਰੇ! ਨਾਮ ਰੂਪੀ ਅੰਮ੍ਰਿਤ ਪੀਵੈ, ਸੀਲ ਜੁਗਤਿ ਕੀ ਕੱਛ ਪਹਿਰੈ, ਫਤੇ ਮਨ ਜੀਤਬੇ ਕੀ ਬੁਲਾਵੈ, ਗੁਰੂ ਜੀ ਕੀ ਬਾਣੀ ਕੇ ਹਥਯਾਰ ਪਹਿਰੈ, ਬੁਧਿ

ਕਾ ਨਿਹਚਲ ਇਹ ਕੇਸ ਧਾਰੇ, ਕੇਸਾਂ ਕਾ ਬੜਾ ਅਦਬ ਹੈ। ਕੇਸ ਮਾਤਾ ਕਾ ਸਰੂਪ ਹੈ, ਜਹਾਂ ਕੇਸਾਂ ਕਾ ਜਲ ਪੜੇ ਸੋ ਅਸਥਾਨ ਸਰੀਰ ਈ ਪਵਿਤ੍ਰ ਹੋਤਾ ਹੈ, ਸਿੰਘੋਂ ਕੇ ਚਰਣੋਂ ਕਾ ਜਲ ਪੜੇ ਪਿਛੇ ਫਿਰੇ, ਅੰਤ ਕੋ ਗਤੀ ਕਰੇ। ਜੂੜਾ ਸੀਸ ਕੇ ਮੱਧ ਭਾਗ ਮੈਂ ਰਾਖੇ, ਔਰ ਪਾਗ ਬੜੀ ਬਾਂਧੇ, ਕੇਸ ਢਾਂਪ ਰਖੇ, ਕੰਘਾ ਦ੍ਵੈ ਕਾਲ ਕਰੇ, ਪਾਗ ਚੁਨਕੇ ਬਾਂਧੇ, ਕੱਛ ਪਾਂਚ ਗਜ਼ ਵ ਢਾਈ ਗਜ ਕੁ ਹੋ। ਚੌਥੇ ਦਿਨ ਕੇਸੀ ਸਨਾਨ ਕਰੈ, ਢਾਈ ਗਜ ਕਾ ਸਾਫਾ ਕਛਹਿਰਾ ਬਦਲਾਨੇ ਕੋ।

ਚਤੁਰ ਬਰਨ ਮੇਂ ਕੋਊ ਅੰਮ੍ਰਿਤ ਛਕੇ, ਉਹ ਮੇਰਾ ਸਰੂਪ ਹੈ, ਅਪਨਾ ਧਰਮ ਸੁਮੇਰ ਤੁਲ ਪਰਾਇਆ ਰਾਈ ਤੁਲ। ਸੰਸਾਰ ਸਾਗਰ ਤੇ ਗੁਰੂ ਤਰਾਵੈ। ਲੋਹ ਕੀ ਕਰਦ ਸੀਸ ਮੈਂ ਰਖੈ, ੧ ਸੁਰਮਈ, ੨ ਸ੍ਵੇਤ, ੩ ਪ੍ਰੀਤ, ੪ ਹਰਤ ਬਸਤ੍ਰ ਧਾਰੇ। ਬਸਤ੍ਰ ਕਸੁੰਭੇ ਕੋ ਨ ਪਹਿਰਹਿ। ਹੁਕਮਨਾਮੇ ਕੋ ਭੇਟ ਦੇ, ਗੋਲਕ ਰਖੈ, ਨਸਵਾਰ ਤਮਾਕੂ ਕੀ ਨ ਲੇਵਹਿ, ਦਹੀਂ ਦੁਧ ਘ੍ਰਿਤ ਸੇ ਇਸਨਾਨ ਕਰੈ, ਧੂਪ ਦੇਵੈ ਫੂਲ ਚੜਾਵਹਿ, ਧੂੜ ਨ ਪੜਨੇ ਦੇਇ, ਪੱਗ ਉਤਾਰ ਕੇ ਪ੍ਰਸਾਦ ਜੋ ਪਾਵੈ, ਨਗਨ ਹੋਇ ਜੋ ਨਾਵਹਿ ਕੁੰਭੀ ਨਰਕ ਭੋਗੈ। ਕੇਸ ਮੇਂ ਤੇਲ ਨ ਲਾਇ, ਕਾਦਰਾ ਤਣੀ ਵਾਲਾ ਪਹਰੇ, ਜੋਗੀ ਕਾਨ ਪਾੜੇ ਵਾਲੇ ਕੇ ਹਾਥ ਕਾ ਜਲਾਦਿ ਪਾਨ ਨ ਕਰੇ, ਪਹਿਲੇ ਫਤੇ ਬੁਲਾਵੈ ਫਲ ਬੀਸ ਗੁਣਾ, ਪੀਛੇ ਬੁਲਾਵੇ ਦਸ ਗੁਣਾ। ਜਿਸ ਪੁਤ੍ਰ ਕੇ ਪਿਤਾ ਨੇ ਅੰਮ੍ਰਿਤ ਛਕਾਇਆ ਹੋ ਤਿਸ ਕਾ ਕੀਯਾ ਪੁਤ੍ਰ ਕੋ ਪਰਾਪਤ ਹੋਤਾ ਹੈ। ਪੁਤ੍ਰ ਕੋ ਅੰਮ੍ਰਿਤ ਨ ਛਕਾਵੈ ਪਿਤਾ ਸਿੰਘ, ਤਿਸਕਾ ਕੀਯਾ ਕੁਛ ਨਹੀਂ ਲਗਦਾ ਪਰਲੋਕ ਮੈਂ। ਜੋ ਸਿੰਘ ਕਾ ਆਧਾ ਨਾਮ ਬੁਲਾਵੇ, ਬੜਾ ਤਨਖਾਹੀਆ ਔਰ ਕਿਸੀ ਦੇ ਚਰਨ ਨੂੰ ਹੱਥ ਨ ਲਾਵੈ, ਬਿਨਾ ਗੁਰੂ ਸਿਖੋਂ ਕੇ ਖਾਲਸੇ ਕੇ, ਭਾਈ ਬਰਾਬਰ ਸਿੰਘ ਕੋ ਸਮਝੇ, ਕੇਸੀ ਇਸਨਾਨ ਕਰਾਵੇ, ਬਸਤ੍ਰ ਪਹਿਰਾਵੇ, ਸਿੰਘੋਂ ਕੇ ਚਰਨ ਕੋ ਛੁਆ ਕੇ ਜ਼ਰੂਰ ਗ੍ਰੰਥ ਜੀ ਕੋ ਛੁਵਾ ਕੇ ਬਸਤ੍ਰ ਪਹਿਰੈ। ਉਪਰਿ ਸੇ ਸਿਖ ਹੈ ਭੀਤਰ ਸੇ ਧ੍ਰੋਹ ਹੈ ਸੋ ਨਰਕ ਬੀਚ ਜਾਇਗਾ। ਕੰਨਯਾ ਕੋ ਮਾਰੇ, ਮੋਨੇ ਕੋ ਕੰਨਯਾ ਦੇ, ਸੋ ਨਰਕ ਮੇਂ ਪੜੇਗਾ। ਕੰਦੂਰੀ ਸਰੀਣੀ ਸਰਬਰ ਸ਼ਕਰ ਮਹਾਮਦਰਾ ਇਨ ਕਾ ਜੋ ਪ੍ਰਸਾਦ ਖਾਵੈ ਸੋ ਨਰਕ ਜਾਵੈ। ਖੰਡੇ ਕਾ ਅੰਮ੍ਰਿਤ ਛਕਿ ਤੁਰਕ ਦੁਆਰੇ ਸੀਸ ਨਿਵਾਵੈ ਸੋ ਮਲੇਸ਼ ਕਾ ਬੀਰਜ ਹੈ. ਜੋ ਧਾਗਾ ਗਲ ਪਾਵੈ, ਭਾਦਨੀ ਕੋ ਅੰਨ ਖਾਵੈ, ਦੇਵਲ ਪੱਥਰ ਪੂਜੈ, ਮਿਟੀ ਬੁਝ ਮਾਨ, ਅਪਨਿਯੋਂ ਕੋ ਛੋਡ ਕੇ ਸੋ ਤਨਖਾਹੀਆ।

ਜੂਆ ਖੇਲੈ, ਮਦ ਪੀਵੈ, ਸੋ ਨਰਕ ਮੇਂ ਜਾਵੈ।

ਦੋਹਰਾ—ਸਿਖ ਕੋ ਸਿਖ ਪੁਤ੍ਰੀ ਦਈ ਸੁਧਾ ਸੁਧਾ ਮਿਲ ਜਾਇ।
ਦਈ ਭਾਦਨੀ ਕੋ ਸੁਤਾ ਅਹਿ ਮੁਖ ਅਮੀ ਚੁਆਇ।
ਬਿਨਾ ਸਿੰਘ, ਸਿੰਘ ਦੇ ਸੁਤਾ ਅਜਾ ਕਸਾਈ ਸਾਕ।
ਜਮ ਕੰਕਰ ਸੋ ਸਿਖ ਹੈ ਜਨਮ ਹੋਤ ਸਤ ਕਾਕ ॥੨॥
ਧੂਮ੍ਰਪਾਨ ਛੁਇ ਹਾਥ ਮੈਂ ਨਾਸਿਕਾ ਕਣੀ ਲੇਤ।
ਮਰੈ ਨਰਕ ਭੋਗੈ ਬਿਕਟ, ਧਰਮ ਸ਼ਾਸਨਾ ਦੇਤ ॥੩॥

ਲੋਕ ਪਰਲੋਕ ਦੋਵੇਂ ਤੇ ਗਯਾ, ਕਹੀਂ ਗਤੀ ਨ ਹੋਗੀ। ਪ੍ਰੀਤ ਸੋਂ ਸਿੰਘ ਕੋ ਦੇਗਾ

ਸੋ ਮੇਰੇ ਕੋ ਮਿਲੇਗਾ। ਤੁਰਕ ਕਾ ਮਾਸ ਖਾਇ ਔ ਬੇਸਯਾ ਭੋਗੈ, ਸੋ ਦੋਨੋਂ ਨਰਕ ਕੋ ਜਾਇ। ਤੁਰਕੋਂ ਕੀ ਸੰਗਤ ਕਰੈ ਉਸ ਕੁਸੰਗਤ ਮੈਂ ਨ ਮੇਲ ਕਰੇ, ਅੰਤ ਕੋ ਵਹਿ ਨਰਕ ਮੈਂ ਜਾਇਗਾ। ਸਿੰਘ ਹੋਇ ਕਰਿ ਟੋਪੀ ਧਰੈਗਾ ਸੋ ਕੁਸ਼ਟੀ ਹੋਗਾ, ਸਿੰਘ ਕਾ ਮੁਖ ਨ ਫਿਟਕਾਰੈ, ਸਿਖਾਂ ਬਿਨਾਂ ਸੀਸ ਨ ਨਿਵਾਵੈ, ਜਿਨ ਕੋ ਗੁਰੂ ਬਖਸ਼ੀਸ਼ ਕਰੀ ਹੈ ਤਿਨ ਕੋ ਮਾਨੈ, ਸਭ ਕਿਛ ਪ੍ਰਾਪਤ ਹੋ।

ਅਸਵਾਰਾ ਗੁਰੂ ਗ੍ਰੰਥ ਜੀ ਕਾ ਸੀਸ ਪਰ, ਜੇਤੇ ਕਰਮ ਲੇਕਰ ਜਾਵੈ, ਸੁਰਗ ਕੇਤੇ ਬਰਸ ਭੋਗੇ। ਤਿਥ, ਦਸਮੀ, ਪੰਚਮੀ ਆਦਿ ਬ੍ਰਿਥਾ ਹੈ। ਗੁਰੂ ਕੇ ਚੋਰ ਹੈਂ, ਲੰਗੋਟ ਧੋਤੀ ਧਵਲੀ ਕਟਿ ਬਾਂਧੇ ਔ ਕੇਸ ਨਗਨ ਰਖੈ, ਸੋ ਮਹਾਂ ਨਰਕ ਭੋਗੈ।

ਇਸਤ੍ਰੀ, ਪੁਤ੍ਰ, ਬਹਿਨ, ਮਾਤ, ਇਕਸੇ ਕਿਸੀ ਦੂਸਰੇ ਕੀ ਸੇ ਸਿਖ, ਸੰਗਤ ਕਰੇ, ਘੋਰ ਨਰਕ ਮੈਂ ਜਾਇ। ਗੁਰੂ ਕੀ ਜੋ ਨਿੰਦਾ ਕਰੇ ਤਾ ਕਾ ਸੀਸ ਕਾਟੈ, ਨਹੀਂ ਵਹਾਂ ਸੇ ਭਾਗੇ। ਜਹਾਂ ਗ੍ਰੰਥ ਜੀ ਹੈ, ਸੋਈ ਮੁਕਤੀ ਦੁਾਰਾ ਹੈ। ਕਾਨ ਨਾਕ, ਨ ਕਟਾਨੇ ਦੇਇ। ਜੈਸਾ ਮਨ ਮਹਿ ਹੈ ਤੈਸਾ ਰਹੈ ਅਖੰਡ ਸੁਧ। ਬੇਦੀ, ਭੱਲਾ, ਸੋਢੀ ਬੰਸ ਰਹਤ ਰਹੈਂ ਤਿਹਿ ਪੂਜਾ ਕਰੇ ਧਰਮ ਤੇ ਮਾਨੋ ਰਹਤ ਹੈ ਦਰਸ਼ਨ ਕੀ, ਜੋਊ ਬਿਨਾਂ ਕੱਛ ਪਹਿਰੇ, ਜੋ ਪ੍ਰਸਾਦ ਛਕੇ ਸੋ ਬਿਸਟਾ ਤੁਲ ਹੈ। ਜੋਗੀ, ਜੈਨੀ, ਮੋਨੀ ਤੁਰਕਾਦਿਕ ਕਾ ਬਿਸ੍ਵਾਸ ਨਹੀਂ ਕਰਨਾ। ਬਿਨਾਂ ਗੁਰੂ ਕੀ ਬਾਨੀ ਕੇ ਔਰ ਬਾਨੀ ਪੜ੍ਹੈ ਸੋ ਕੁੰਭੀ ਨਰਕ ਮੈਂ ਪੜੇ। ਖਟ ਦਰਸਨੀ ਮਤ ਨ ਧਾਰੇ। ਪਰਗਟ ਮੂਰਤਿ ਅਕਾਲ ਕੀ ਗੁਰੂ ਖਾਲਸਾ ਕੀ ਦੇਹ ਹੈ, ਐਸਾ ਮਾਨੈਗਾ, ਜਨਮ ਮਰਨ ਤਿਸਕਾ ਕਟਾ ਜਾਇਗਾ। ਤਿਲਕ ਧਰੇ, ਧਾਗਾ ਧਾਰੇ, ਕੰਠ ਮੇਂ ਮਾਲਾ ਕਾਠ ਕੀ ਪਹਿਰੇ, ਅਪਨੇ ਧਰਮ ਕੋ ਛੋਦੇਂਗਾ, ਘੋਰ ਨਰਕ ਮੇਂ ਪੜੇ।

ਸ੍ਰੀ ਅਕਾਲ ਪੁਰਖ ਕੇ ਬਚਨ ਸਿਉਂ ਪ੍ਰਗਟਿਓ ਪੰਥ ਮਹਾਨ।
ਗ੍ਰੰਥ ਪੰਥ ਗੁਰੂ ਮਾਨੀਏ ਤਾਰੇ ਸਕਲ ਕੁਲਾਨ।

ਗੁਰੂ ਕੀ ਬਾਣੀ ਦਿਨ ਰਾਤ ਜਪੈ, ਸਿੰਘ ਕੀ ਟਹਿਲ ਕਰੇ, ਚਰਨ ਮਲੇ, ਚਾਪੀ ਕਰੇ, ਮੁਕਤਿ ਪਦਾਰਥ ਪਾਇ। ਪਿਤਾ ਸਿੰਘ ਪੁਤ੍ਰ ਕੋ ਪ੍ਰਬੋਧ ਨ ਕਰੇ, ਸੋ ਫਿਟਕਾਰਿਆ ਹੈ। ਪੁਤ੍ਰ ਸਿੰਘ ਹੋ ਪਿਤਾ ਕੋ ਪ੍ਰਬੋਧ ਕਰੇ ਸੋ ਪੁਤ੍ਰ ਨਰਕ ਸੇ ਨਿਕਾਲੇ।

ਜੋ ਗੁਰੂ ਕੀ ਸਰਣ ਪੜੇ ਤਿਸਕੋ ਯਮ ਕਾ ਬਾਣ ਨ ਲਗੇਗਾ।

ਬਿਨਾ ਗੁਰਦੇਵ ਕੇ ਜੂਠਾ ਕਿਸੀ ਕਾ ਨ ਛਕੈ। ਪੰਜ ਸਿੰਘ ਮਿਲ ਕਰਕੇ ਇਕੱਠਾ ਬਿਬੇਕ ਕਰਨ, ਰਹਤ ਬਮੂਜਬ, ਤਬ ਤਨਖਾਹ ਕੋ ਲਾ ਕਰ ਦੋਖ ਟਾਰ ਸਕਤੇ ਹੈਂ। ਜਿਸ ਕੀ ਲੜਾਈ ਮੈਂ ਪੱਗ ਉਤਰੈ ਸੋ ਟਕਾ ਪੱਕਾ ਤਨਖਾਹ ਉਤਾਰੇ ਦੋ ਟਕੇ ਪੱਕੇ। ਜੋ ਕਰਮ ਧਰਮ ਕਰਾਇ ਗਲ ਮੈ ਧਾਗਾ ਪਹਿਰੈ ੧।) ਸਵਾ ਰੁਪਯਾ ਤਨਖਾਹ ਦੇਵੈ। ਸਿੰਘ ਪ੍ਰਿਥਮੇਂ ਔਰ ਦੁਆਰੇ ਜਾਇ ਜਗਨਾਥਾਦਿਕ ਪਿਛੇ ਅਬਚਲ ਨਗਰਾਦਿ ਜਾਵੈ। ਉਥੈ ਪਚੀਸ ਰੁਪਏ ਤਨਖਾਹ ਲਗਾਵੇ ਜੋ ਤਖਤ ਜੀ ਮੈਂ ਅੰਮ੍ਰਿਤ ਛਕੇ ਔ ਸਵਾ ਰੁਪਯਾ ਦੇਵੈ। ਦਰਬਾਰ ਸਾਹਿਬ ਜੀ ਕੇ ਸਿਖ ਪੁਛ ਕੈ ਅਰਦਾਸ ਬਿਨਾ ਦੇ ਜਾਇ ਤਾਂ ਬਡਾ ਤਨਖਾਹੀਆ ਹੈ ਸੋ ਗੁਰੂ ਬਖਸ਼ੇ। ਹਜਾਰ ਦੋ ਸੌ ਵਾ ਮੋਹਰ ਵਾ ਸਵਾ ਪਚੀਸ ਕਦਰ ਮੂਜਬ ਤਨਖਾਹ ਲਾਏ। ਅੰਮ੍ਰਿਤ ਛਕੇ, ਜੂਏ, ਚੋਰੀ, ਮਦਰਾ ਕੀ ਭੀ ਪੰਞੀ ਤਨਖਾਹ ਕਹੀ ਹੈ। ਜੇ ਬਾਲਕ

ਭੋਗੇ ੧।) ਰੁਪਯਾ। ਜੇਕਰ ਯਵਨੀ ਯਾ ਬਾਮਨੀ ਭੋਗੇ ਪੱਕਾ ਤਨਖਾਹੀਆ, ਕੁਲਪੁਤ੍ਰੀ ਬਹਿਨ ਆਦਿਕ ਭੋਗੇ ਸੋ ਤਨਖਾਹੀ ਨ ਬਖਸ਼ੀਏ। ਅੰਮ੍ਰਿਤਸਰ ਆਦਿਕ ਤੀਰਥੋਂ ਮੈਂ ਇਸਨਾਨ ਕਰਾਕੇ ਸਵਾ ਰੁਪਯਾ ਤਨਖਾਹ।

ਜੋ ਸਿਖ ਅੰਮ੍ਰਿਤਸਰ ਨਹੀਂ ਇਸ਼ਨਾਨ ਕੀਆ, ਸੋ ਅਪਵਿਤ੍ਰ ਹੈ ਕੋਰੇ ਬਸਤ੍ਰ ਕੀ ਨਯਾਈਂ। ਸ੍ਰੀ ਅਨੰਦਪੁਰ ਦਰਸ਼ਨ ਬਿਨਾ, ਕੇਸਗੜ੍ਹ ਜੀ ਕੇ ਦਰਸ਼ਨ ਬਿਨਾ, ਸਿਖੀ ਨਹੀਂ ਪ੍ਰਾਪਤ ਹੋਤੀ। ਜੇਕਰ ਕੱਛ ਬਿਨਾ ਇਸ਼ਨਾਨ ਕਰੇ, ਪੱਗ ਨਾ ਬਾਂਧੇ, ਸੀਸ ਕੇਸ ਨੰਗੇ ਰਹੇ ਤੋ ਉਸ ਕੋ ੧।) ਸਵਾ ਰੁਪਯਾ ਤਨਖਾਹ; ਕੱਛ ਬਿਨਾ ਮ੍ਰਿਤ ਹੋਵੇ ਤੋ ਅਗਤੀ ਜਾਵੇ, ਕਿਉਂਕਿ ਸਿੰਘ ਕੋ ਕਹਾ ਹੈ—ਏਕ ਪਾਉਂਚਾ ਨਿਚੋੜਕੇ ਏਕ ਪਾਵੈ।

ਜੋ ਤੁਰਕ ਸੇ ਮਾਸ ਲੈਇਕੇ ਖਾਵੇ ਸੋ ਬੜਾ ਤਨਖਾਹੀਆ।

ਜੇ ਕੱਛ ਬੜੀ ਗੋਡੇ ਢਾਂਪੇ ਰਖੇ ਸੋ ਬੜਾ ਤਨਖਾਹੀਆ

ਜੇ ਧੂਮ੍ਰ ਪਾਨ ਕਰੇ ਤਾਂ ਪਚੀਸ ਰੁਪਏ ਤੇ ਸਰੋਤਰ (ਸਲੋਤਰ, ਸੋਟਾ) ਪਚਾਸ ਮਾਰੇ ਪੁਨਾ ਅੰਮ੍ਰਿਤ ਛਕਾਵੇ ਤੇ ਸ਼ੁਧ ਹੈ।

ਜੇ ਕੇਸਾਂ ਦੀ ਬੇਅਦਬੀ ਹੋ ਤਾਂ ਤਨਖਾਹ ਪ੍ਰਾਣਾਂਤ ਹੈ। ਜੋ ਗੁਰੂ ਜੀ ਬਹੁਤ ਕ੍ਰਿਪਾ ਕਰੇ ਖਾਲਸਾ ਬਖਸ਼ੇ। ਸੌ ਯਾ ਪਚਾਸ ਦੰਡੇ ਮਾਰੇ, ਪੂਰਬੋਕਤ, ਅੰਮ੍ਰਿਤ ਛਕਾਵੇ, ਰਹਿਤਨਾਮੇ ਸੁਨਾਵੈ। ਔ ਜਪੁਜੀ ਕੇ ਚਾਲੀ ਦਿਨ ਅਨਗਨਤ ਪਾਠ ਕਰਾਵੈ, ਜਿਨੋਂ ਅਪਕਰਮ—ਬੇਸਵਾ, ਮਦਰਾ, ਤੁਰਕ ਕਾ ਮਾਸ, ਜੂਆ ਕੀਆ ਹੈ ਸੋ ਤੋ ਅੰਤ ਕਾਲ ਮੈਂ ਅਤਿ ਦੁਖ ਪਾਵਤੇ ਹੈਂ, ਪ੍ਰਾਣ ਨਹੀਂ ਨਿਕਲਤੇ ਤੋ ਤਿਨ ਕੋ ਅੰਤ ਕਾਲ ਮੈਂ ਅੰਮ੍ਰਿਤ ਛਕਾਵੇ। ਜਨਮ ਬਿਵਾਹ ਮਰਨ ਅੰਤ ਕਰਮ ਮੇਂ ਸਵਾ ਰੁਪਯਾ ਤਨਖਾਹ ਹੈ। ਗੁਰੂ ਗ੍ਰੰਥ ਸਾਹਿਬ ਜੀ ਕਾ ਪਾਠ ਕਰਾਇ, ਤਿਲਕ ਲਗਾਵੇ, ਮੜ੍ਹੀ ਗੋਰ ਕੋ ਸੀਸ ਨਿਵਾਵੇ, ਪੱਕਾ ਟਕਾ ਤਨਖਾਹ। ਭੋਜਨਾਦਿ ਮੁੰਡਿਤ ਨਾਲ ਛਕੇ ਤਨਖਾਹੀਆ। ਭਾਦਨੀ, ਕੁੜੀਮਾਰ, ਧੀਰਮੱਲੀਆ, ਮਸੰਦ, ਰਾਮਰਾਈਆ, ਗੇਰੂ ਰੰਗੇ ਕਸੁੰਭਾ ਕੇ ਰੰਗ ਸੇ ਬਰਤਨ ਕਰੇ ਸਵਾ ਰੁਪਯਾ ਤਨਖਾਹ। ਰੋਮ ਸਰੀਰ ਸੇ ਕਛੂ ਨ ਛੇਦੇ, ਨਖ ਕਟਾਇ ਕਿਉਂਕਿ ਪ੍ਰਸ਼ਾਦ ਮੈਂ ਮੈਲ ਨ ਪੜੇ। ਹਾਥ, ਪਾਂਵ ਧੋਇ ਸੁਧਿ ਸਥਾਨ ਮੈਂ ਬੈਠੇ ਪ੍ਰਸਾਦ ਕਰੇ, ਲੱਕੜੀ ਸੋਂ ਕਰੇ ਮਿਟੀ ਕਾ ਚੌਂਕਾ ਦੇਇ। ਵਾਹਗੁਰੂ ਮੰਤ੍ਰ ਪੜ੍ਹਤਾ ਰਹੈ, ਕੋਰਾ ਕੁੰਭ ਜਲ ਭਰ ਕਰ ਅੰਦਰ ਰਖੇ, ਪੰਚ ਸਿੰਘ ਬੈਠ ਕਰ ਸ਼ਬਦ ਉਚਾਰਨ ਕਰਨ, ਅਰਦਾਸ ਕਰੇ, ਸਤਿਨਾਮ ਆਦਿ ਮੰਤਰ ਅੰਤ 'ਕਾਮ ਕ੍ਰੋਧ ਆਦਿ ਅਹੰਮੇਵ' ਪੜ੍ਹੇ, ਅਰਦਾਸ ਕਰਿ ਜਲ ਨੇਤ੍ਰੋਂ ਮੇਂ ਫੇਰੇ, ਚੁਲਾ ਕਰੇ, ਤਯਾਰ ਕਰ ਬਰਤਾਵੇ, ਪ੍ਰਿਥਮੇ ਸ੍ਰੀ ਗੁਰੂ ਜੀ ਕੋ ਰਾਖੇ ਪੁਨਾ ਪੰਜ ਭੁਜੰਗੀਆਂ ਕੋ, ਪੁਨਾ ਸਿੰਘੋਂ ਕੋ ਛਕਾਵੇ, ਕੜਾਹ ਗੁੜ ਕਾ ਨ ਕਰੇ। ਐਸੇ ਗੁੜ ਬਰਤਾਇ ਦੇ। ਏਕ ਸਾ ਦੇਵੇ ਲੋਕ ਪਰਲੋਕ ਕੇ ਭੈ ਤੇ ਛੂਟੇ।

ਪ੍ਰਸ਼ਾਦ ਛਕਾਨੇ ਕੀ ਬਿਧੀ—

ਪ੍ਰਿਥਮ ਸਿਖਾਂ ਕੋ ਕੇਸੀ ਇਸਨਾਨ ਕਰਾਵੇ, ਰਾਤੀ ਬੜੀ ਜਾਇਕੈ ਕਹੈ—ਪ੍ਰਾਤਹ ਹਮਾਰੇ ਪ੍ਰਸਾਦ ਛਕਨਾ। ਪੁਨਾ ਆ ਕੇ ਪੂਰਬੋਕਤ ਮਿਟੀ ਕਾ ਚੌਂਕਾ ਦੇਵੇ, ਧਰਤੀ ਮੇਂ ਬਿਧਿ ਵਤ ਕੜਾਹ ਕਰੇ ਭੂਰਿਓ ਕੀ ਤਾਣੀ ਬਿਛਾਵੇ ਫੇਰ ਸਿਖਾਂ ਸਰਬਤ੍ਰ ਕੋ ਇਸਨਾਨ ਕਰਾਵੇ। ਪੁਨਾ ਉਨ ਕੇ ਚਰਨ ਹਾਥ ਧੁਵਾ ਕਰ ਆਸਨ ਪਰ ਏਕ ਛੋਰ ਚਾਰ ਬਰਨ

ਸਿੰਘੋਂ ਕੋ ਬੈਠਾਇ ਦੇ, ਸ਼ਬਦ ਉਚਾਰਨ ਕਰੇ, ਮੋਢੇ ਪੈ ਸਾਫੇ ਰੱਖਕੇ, ਫਿਰ ਉਨ ਕੇ ਹਾਥ ਧੁਵਾਇ ਚੁਲਾ ਕਰਾਵੇ। ਅਰਦਾਸ ਕਰਾਵੇ ਖੜਾ ਹੋ ਕੇ ਜਬ ਪ੍ਰਸਾਦ ਬਰਤਾਵੇ ਤਬ ਪਹਿਲੇ ਕੜਾਹ ਪ੍ਰਸਾਦ ਬਰਤਾਵਨਾ। ਨ ਹੋਵੇ ਤਾਂ ਗੁੜ ਕਾ ਯਾ ਪਤਾਸੇ ਕਾ ਬਰਤਾਵੇ ਸੱਕਰ ਕਾ ਨ ਬਰਤਾਵੇ। ਜਪ ਭਜਨ ਕਰਨਾ, ਹੋਇ ਤੋ ਗ੍ਰੰਥ ਜੀ ਕੀ ਬਾਨੀ ਕਾ ਕਰੇ, ਜੋ ਕਥਾ ਬਾਰਤਾ ਕਰਨੀ ਹੋਇ ਤੋ ਦਸਵੀਂ ਪਾਤਸ਼ਾਹੀ ਜੀ ਕੀ ਕਰੇ।

ਏਕ ਸਿਖ ਨੇ ਦਹੀਂ ਰਾਖਾ ਥਾ ਕੇਸੀਂ ਇਸਨਾਨ ਲੀਏ, ਕਾਕ ਨੇ ਚੁੰਚ ਮਾਰਾ। ਤਬ ਸਿੰਘ ਗੁਰੋਂ ਪਾਸ ਆਇਆ 'ਕਹਾ ਮਹਾਰਾਜ! ਦਹੀਂ ਖਰਾਬ ਹੋਇ ਗਯਾ ਹੈ। ਸਾਹਬੋਂ ਕਹਾ ਮੈਂ ਜਾਨਤਾ ਥਾ ਕਿਸੀ ਹੁੱਕੇ ਫੂਕਣੇ ਵਾਲੇ ਕਾ ਹਾਥ ਲਗਾ ਹੈ, ਇਸ ਤੇ ਬਚਾ ਕਰਾ ਦੀਆ।

ਪੰਥ ਖਤ੍ਰੀ ਸੰਨਿਆਸਧਾਰੀਆਂ ਕਾ ਸ੍ਰੀ ਸਾਹਬ ਕਾ ਜਨੇਊ ਗਲ ਸਜਾਇ ਦੀਆ ਅਗੇ ਬਚਨ ਕੀਆ ਜੁ ਗਲ ਮੈਂ ਪਾਵੇਗਾ ਤਾਗਾ ਪਾਹੁਲੀਆ ਸਿੰਘ ਤਿਸਕੋ ਜਨਮ ਜਨਮ ਕੁੰਭੀ ਨਰਕ ਮੇਂ ਪਾਵਾਂਗਾ। ਕੱਛ ਬਿਨਾ ਨ ਰਹੈ, ਕਰਦ ਕੜਾ ਛਾਪ ਰਖੇ ਜੋ ਸਿਖ ਕੁਰਹਿਤ ਰਹੈ ਤੋ ਵਹ ਪ੍ਰਾਣਾਂਤ ਦੁਖੀ ਹੋਇ। ਸਿਖ ਮ੍ਰਿਤ ਹੋਇ ਤੋਂ ਕੱਛ ਪਹਿਰਾ ਕਰ ਇਸਨਾਨ ਕਰਾ ਕਰ ਦਸਤਾਰ ਸਜਾ ਕਰ ਉਸ ਸਮੇਂ ਜਪੁਜੀ ਪੜ੍ਹਤਾ ਰਹੈ। ਮਾਰੂ ਮਹਲਾ ੫—'ਖੁਲਿਆ ਕਰਮ ਕ੍ਰਿਪਾ ਭਈ ਠਾਕੁਰ ਕੀਰਤਨ ਹਰਿ ਹਰਿ ਗਾਈ...॥' ਕੜਾਹ ਪ੍ਰਸਾਦ ਕਰਕੇ ਸਿਖਾਂ ਨੂੰ ਛਕਾਇ। ਸ਼ਸਤ੍ਰ ਬਿਨਾ ਖਤ੍ਰੀ ਬੁਰਾ, ਪੜ੍ਹੇ ਬਿਨਾਂ ਬ੍ਰਾਹਮਣ ਬੁਰਾ, ਸ਼ੂਦ੍ਰ ਪੀੜ੍ਹਆ ਬੁਰਾ, ਤਯਾਗੀ ਨਾਰ ਗ੍ਰਿਹਣ ਕਰਨੀ ਬੁਰੀ, ਬਾਲ ਮਿਤ੍ਰ ਨ ਕਰੇ, ਜੁਧ ਮੇਂ ਮਨ ਨ ਡੁਲਾਵੇ, ਅੰਨ ਕਾ ਬਪਾਰ ਨ ਕਰੇ, ਬਹੁ ਝਗੜਾ ਨ ਕਰੇ, ਅਪਨੀ ਰਹਿਤ ਨ ਛਾਡੇ, ਖਤ੍ਰੀ ਘੋੜੀ ਨ ਚੜ੍ਹੇ, ਬਾਮਣ ਬੈਲ ਨ ਚੜ੍ਹੇ, ਰਹਿਤਵਾਨ ਦੇਖਕੈ ਪੁਤ੍ਰੀ ਦੇਵੈ, ਇਸਤ੍ਰੀਓਂ ਕਾ ਸੀਸ ਜੂੜੇ ਵਤ ਕਰਾਵੈ, ਲੰਬਾ ਨ ਕਰਾਵੈ। ਤਰਪਨ, ਸੰਧਯਾ, ਕੰਨਯਾ ਧਨ, ਗ੍ਰਿਹਿ, ਦੇਵਪੂਜਾ, ਪਖਾਣ ਪੂਜਾ, ਜੋ ਖਾਵੈ ਸੋ ਨਰਕ ਜਾਵੇ। ਝੂਠੀ ਚੁਗਲੀ ਕਰੇ ਮੇਰਾ ਸਿਖ ਨਹੀਂ, ਮੁਸਲਮਾਨ ਹਿੰਦੂ ਕੀ ਆਨ ਮੇਟ ਇਕਾਦਸੀ ਆਦਿਕ ਬ੍ਰਤ ਨ ਧਾਰੇ, ਸ਼ਸਤਰ ਧਾਰ ਕੇ ਪਰਸਾਦ ਛਕਣਾ—ਇਹ ਖੱਤਰੀਆਂ ਕਾ ਧਰਮ ਹੈ।

ਹਮਾਰੇ ਕੋ ਭੇਖ ਬਰਣ ਪਿਆਰਾ ਨਹੀਂ, ਰਹਣੀ ਪਿਆਰੀ ਹੈ। ਵਾਹਿਗੁਰੂ ਜੋ ਮੁਕਤ ਹੋਇ ਚਰਨ ਪਾਹੁਲੀਆ, ਪੁਤਰੀ ਦੇ ਪਾਹੁਲੀਏ ਕੋ, ਖੰਡੀਏ ਕੋ। ਖੰਡੇ ਪਾਹੁਲੀਆ, ਚਰਨ ਪਾਹੁਲੀਆ, ਕੁੱਠਾ ਔਰ ਸੂਰ ਪਾਲਿਆ ਨ ਖਾਇ, ਖੋਤੇ ਆਦਿ ਨ ਛੁਵੇ। ਸੁਰਮਾ ਦਿਨੇ ਨਾ ਪਾਵੈ, ਨੰਗਾ ਰਾਤੀਂ ਨ ਸੋਵੈ, ਅੱਧਾ ਨਾਮ ਸਿਖ ਕਾ ਲੇਇ ਸੋ ਤਨਖਾਹੀਆ, ਜਿਸ ਜਲ ਮੈਂ ਹਾਥ ਪਵੈ ਸੋ ਨ ਪੀਵੈ, ਅਨੰਦ ਬਿਨਾ ਬਿਆਹ ਨ ਕਰੇ, ਸਾਂਝ ਪ੍ਰਾਤ ਨਾ ਭੋਗੇ, ਖੁਲ੍ਹੇ ਕੇਸੀਂ ਭੋਜਨ ਨ ਕਰੇ, ਮੂਏ ਸਿਖ ਰੋਵੈ ਨਾਹੀ, ਤੁਰਤਾ ਨ ਖਾਇ, ਜਿਸ ਖੇਤੀ ਮੈਂ ਤਮਾਕੂ ਉਗੇ ਸੋ ਭ੍ਰਿਸ਼ਟ ਹੈ। ਜੋ ਤਮਾਕੂ ਛਵੈ ਸ੍ਰੀ ਅੰਮ੍ਰਿਤਸਰ ਜੀ ਇਸ਼ਨਾਨ ਕਰੈ, ਜੋ ਚੱਬ ਖਾਇ ਤੋ ਜਪ ਤਪ ਸਭ ਨਸ਼ਟ ਹੋਇ, ਨਿਜ ਗੋਡੇ ਮੈਂ ਪਗੜੀ ਨ ਰਾਖੈ, ਬਿਨਾ ਬੋਲਾਇ ਬੋਲੈ ਨਹੀਂ, ਰਣ ਮੈਂ ਸ਼ਤਰੂ ਕੇ ਸਾਮ੍ਹਨੇ ਹੰਕਾਰ ਕਰੇ, ਰਿਤਆਈ ਇਸਤ੍ਰੀ ਸੋਂ ਸੰਗ ਨ ਕਰੇ, ਘੋੜੇ ਸ਼ਸਤਰ ਕੀ ਖਬਰ ਰਖੈ, ਤੁਰਕ ਪਹਾੜੀਏ ਸੇ ਮਿਤ੍ਰਾਈ ਨ ਕਰੇ, ਲੋਭ ਕਰ ਖਾਇ ਔ ਪ੍ਰਸ਼ਾਦ ਕੋ ਨਿੰਦੇ ਸੋ ਨਰਕ ਜਾਵੈ। ਸਿਖ ਭੁੱਖੇ ਕੋ ਛਕਾਵੇ ਸੋ ਜੱਗ

ਤੁਲ ਹੈ। ਦਮਦਮਾ ਗੁਰੂ ਜੀ ਕੀ ਕਾਂਸ਼ੀ ਹੈ ਸਿੰਘ ਹਿੰਦੂ ਕੋ ਛਕਾਵੈ ਸੋ ਜੱਗ ਤੁੱਲ ਹੈ।

ਤੁਰਕ ਬੈਰੀ ਹੈਂ ਮਾਰਨੇ ਖੰਡੇ ਸਾਥ, ਸਿਦਕ ਸਰਬ ਕਿਛੁ ਦੇਵੈ, ਗ੍ਰਿਸਥੀ ਬਹੁਤੇ ਖਾਲਸੇ ਘਰ ਸੁਧ, ਬਿਹੰਗਮ ਏਕਲ ਸੁਧ, ਖੰਡੇ ਕੇ ਪਾਹੁਲ ਬਿਨਾ ਕੇਸ ਰਾਖੈ ਸੋ ਭੇਖੀ, ਬਾਣੀ ਗੁਰਮੁਖੀ ਪੜ੍ਹੇ, ਅਰਬੀ ਫਾਰਸੀ ਨ ਪੜ੍ਹੇ, ਸਿੰਘ ਹੋਕਰ ਸ਼ਾਸਤ੍ਰੀ ਨ ਪੜ੍ਹੇ। ਕਿਉਂਕਿ ਬਾਮਣੋਂ ਕੇ ਪਖੜ ਮੇਂ ਤਤਪਰ ਹੋ ਜਾਇ ਛੂਛਾ ਮੈਂ, ਗੁਰੂ ਕੀ ਬਾਣੀ ਛੁਟ ਜਾਇਗੀ। ਜੋ ਸਿੰਘ ਹੋ ਕੇ ਪਹਿਲੇ ਪੜ੍ਹਾ ਹੈ ਉਸ ਕੀ ਤੋ ਸੁਫਲ ਹੁਈ। ਉਹ ਸ਼ਾਸਤ੍ਰੀ ਪੜ੍ਹ ਕਰ ਫਿਰ ਖਾਲਸੇ ਮੇਂ ਆਇਆ। ਅੰਮ੍ਰਿਤ ਖੰਡੇ ਕਾ ਜਿਨ ਛਕਾ ਹੈ, ਸੋ ਬਾਮ੍ਹਣ, ਸਰਵਰੀ, ਫਕੀਰੀਂ ਇਨ ਸੇ ਨ ਮਿਲੈ, ਬਾਮ੍ਹਣ ਕੇਸ ਪਾਹੁਲ ਬਿਨਾ ਹੋਇ ਤਿਸ ਕੇ ਹਾਥ ਕਾ ਨ ਖਾਇ, ਧਨ ਨ ਦੇਇ, ਜੋ ਰਿਖੀ ਸਦ੍ਰਿਸ਼ ਹੋਇ ਜਟਾਧਾਰੀ ਤਮਾਕੂ ਤਿਆਗੀ ਤਿਸ ਕੇ ਚਰਨ ਪੂਜੇ। ਤਹਾਂ ਕਹਾਂ ਕਾ ਭੋਜਨ ਨ ਖਾਇ, ਧਨ ਨ ਦੇਇ ਜੋ, ਜੋ ਪਰਨਾਰੀ ਭੋਗੇ, ਫਾਰਸੀ ਪੜ੍ਹੇ, ਨ ਮੈਂ ਉਹਦਾ, ਨ ਵਹ ਮੇਰਾ, ਉਸ ਸਿਖ ਕੇ ਹਾਥ ਕਾ ਜਲ ਨ ਪੀਵੈ। ਪਾਰਸੀ ਪੜ੍ਹੇ ਕਾ ਬਿਸਾਹ ਨਾ ਕਰੈ, ਅੰਨ ਉਸ ਕਾ ਨ ਖਾਵੈ। ਜੋ ਸਰਾਧ ਬਿਵਾਹ ਬ੍ਰਾਹਮਣ ਥੀਂ ਕਰਾਵੈ, ਗੁਰੂ ਕੀ ਰੀਤਿ ਨ ਕਰੇ ਸੋ ਤਨਖਾਹੀਆ। ਜੋ ਪਾਰਸੀ ਪੜ੍ਹੇ ਤਨਖਾਹੀਆ ਹੈ। ਸ਼ੰਕਰ, ਦੱਤ, ਰਾਮਾਨੁਜ, ਗੋਰਖ, ਮੁਹੰਮਦ ਇਨ ਕੋ ਪੂਜੈ, ਨਰਕ ਘੋਰ ਮੈਂ ਪਵੈਂਗੇ। ਬਾਣੀ ਸੁੱਧ ਪੜ੍ਹੇ, ਅੱਠੀਂ ਦਿਨੀ ਬਾਣੀ ਪੜ੍ਹ ਲਏ, ਸੋਧ ਲਏ। ਜੋ ਮੁਕਤਸਰ ਨ੍ਹਾਵੈ, ਤੋ ਮੁਕਤ ਕੋ। ਮੁਸਲਮਾਨ ਮਤ੍ਰੇਏ ਆਖੀਅਨਿ, ਇਨ ਕਾ ਬਿਸ੍ਵਾਸ ਨ ਕਰੇ। ਸਿਖੀ ਭੀ ਪੰਜ ਤਰ੍ਹਾਂ ਕੀ ਹੈ—ਇਕ ਧੰਦੇ ਕੀ, ਦੂਜੀ ਦੇਖਾ ਦੇਖੀ, ਜੋ ਬਹੁਤ ਕਰਨ ਸੋ ਕਰਨਾ, ਤੀਜੀ ਹਿਰਸੀ ਜੋ ਪਦਾਰਥ ਵਾਸਤੇ, ਚੌਥੀ ਸਿਦਕੀ, ਪੰਜਵੀਂ ਭਾਵ ਕੀ।

ਸ੍ਰੀ ਸਤਿਗੁਰੂ ਵਾਚ—

ਸੋ ਅਕਾਲੀ ਰੂਪ ਹੈ, ਨੀਲ ਬਸਤ੍ਰ ਧਹਿਰਾਇ।
ਜ਼ਪੇ ਜਾਪੁ ਗੁਰਬਰ ਅਕਾਲ, ਸਰਬ ਲੋਹ ਪਹਿਰਾਇ।੧।
ਸਰਬ ਲੋਹ ਚਕ ਕਰਦ......ਛੱਲਾਦਿ।
ਬੀਧੇ ਕਾਨ ਨਾ ਨਾਕ ਕੋ, ਸਤਿਗੁਰ ਕੀ ਮ੍ਰਿਜਾਦ।
ਪੰਜ ਸ਼ਸਤ੍ਰ ਧਰ ਦੇਹ ਪੈ, ਕ੍ਰਿਪਾਣ ਗਾੜ੍ਹ ਰਾਖ।
ਕਰਦ ਭੇਟ ਬਿਨ ਪਾਨ ਨਹਿ, ਅਕਾਲ ਭਾਵ ਸਤ ਭਾਖ।
ਸੁਰਮਾਦਿਕ ਸ਼ਿੰਗਾਰ ਨਹਿੰ, ਨਹਿੰ ਪਰ ਤਰੁਨੀਂ ਸੰਗਿ।
ਯਥਾਰਥ ਇਸਤ੍ਰੀ ਤਯਾਗ ਨਹਿੰ, ਗੁਰਕੇ ਧਯਾਨ ਅਭੰਗ।
ਪਾਤ੍ਰ ਸਰਬ ਸੁਲੋਹ ਕੇ, ਭੁਗਤੇ ਅਸਨ ਸੁਆਦਿ।
ਲੱਕੜੀ ਕੋ ਭੋਜਨ ਭਖੇ, ਨੀਲ ਬਸਤ੍ਰ ਮਿਰਜਾਦ।
ਕੱਛ ਸ੍ਵੇਤ ਔ ਨੀਲ ਪਟ, ਜਪੁ ਅਰੁ ਜਾਪੁ ਉਚਾਰ।
ਸ੍ਰੀ ਅਕਾਲ ਉਸਤਤਿ ਕਰੇ, ਚੰਡੀ ਕੰਠ ਸੁਧਾਰਿ।
ਰੋਮ ਬਸੰ ਤਨ ਮੈਂ ਕ੍ਰਿਯਾ, ਪਿੰਡ ਕਰਮ ਕੋ ਤਯਾਗ।
ਗੁਰੂ ਗ੍ਰੰਥ ਮੈਂ ਪ੍ਰੀਤਿ ਕਰ, ਪੰਚ ਜਨਨ ਤੇ ਭਾਗ।

ਮੜ੍ਹੀ ਦੇਵ ਗੋਰਲ ਤਜੈ, ਔਰ ਨ ਪੰਥ ਪੁਜਵਾਇ......
ਕਰੇ ਕੇਸ ਕੋ ਕਲਪ ਨਾ, ਕਾਮ ਕ੍ਰੋਧ ਦੈ ਤਯਾਗ ।
ਜੁਧ ਕਰੇ ਤ ਸੋਨਹਾਰ, ਦੀਨ ਪ੍ਰਤਗਿਯਾ ਲਾਗ ।
ਕੱਛ ਅਢਾਈ ਗਜ਼ ਮਾਨ, ਸਾਫਾ ਭੀ ਤੁਲ ਤਾਸ ।
ਤੀਨ ਕਾਲ ਮੈਂ ਨਾਪ ਜਪੁ, ਜਨਮ ਮਰਨ ਕਟ ਫਾਸਿ ।
ਊਚਾ ਬੁੰਗਾ ਜੋ ਸਜੈ ਨਾਮ ਨਿਹੰਗ ਸੁਜਾਨ ।
ਕਰਮ ਅਕਾਲੀ ਸਮ ਕਰੇ, ਸੁਨਹੁ ਸਿਖ ਧਰ ਕਾਨ ।
ਸ਼ਸਤ੍ਰ ਤਨ ਮੈਂ ਧਾਰੇ, ਬਿਨਾ ਮਯਾਨ ਤੇ ਤੇਗ ਹਾਥ ਮੈਂ ਰਾਖੈ ।
ਭੇਸ ਸ਼ਤਰੂ ਕਾਰਨ ਕਰੇ, ਮਰਨ ਜਨਮ ਕਾ ਭੈ ਨ ਹੋਇ ।
ਕ੍ਰਿਪਾਨ ਸੀਸ ਪੈ ਰਾਖ ਕੈ, ਬੁੰਗਾ ਊਚਾ ਧਾਰ ।
ਧਰੀ ਸੁ ਕਲਗੀ ਪੰਥ ਸਿਰ, ਸਤਿਗੁਰ ਹੋਇ ਦਯਾਰ ।
ਲੋਹ ਪਾਤਰ ਮੈਂ ਛਕੈ, ਨੀਲ ਪੀਤ ਧਾਰੇ ਬਸਤ੍ਰ ।
ਭੂਸ਼ਨ ਲੋਹ ਕੇ ਧਾਰੇ, ਕੋਟਿ ਗੰਗਾ ਸਮ ਅੰਮ੍ਰਿਤਸਰ ਸਮਝੇ ।
ਫੌਜ, ਮੁਸੱਦੀ, ਵਜ਼ੀਰ, ਦੀਵਾਨ ਸਭ ਖਾਲਸਾ ਰਖਣੇ, ਧਰਮ ਬਢੈਗਾ ।
ਭੇਟ ਕਰਦ ਬਿਨ ਨਹਿ ਭਖੈ, ਤਯਾਗੀ ਨਾ ਗ੍ਰਹਨਾਇ ।
ਬਿਨ ਬਿਵਾਹੀ ਨ ਸੇਜ ਰਮ, ਤਿਸ ਸਦ ਧਰਮ ਸਹਾਇ ।
ਫੂਕ ਨ ਬੂਈਏ ਦੀਨ ਕੋ, ਗੁਰ ਸੋ ਕਪਟ ਨ ਕੀਨ ।
ਅਗਨਿ ਨਾ ਬੁਝਈ ਜੂਠ ਜਲ, ਤੋ ਸੁਖ ਜਗ ਮੈਂ ਲੀਨ ।
ਵੈਸਾਖੀ ਦੀਪਮਾਲਾ ਅੰਮ੍ਰਿਤਸਰ ਕਰੇ, ਹੋਲਾ ਅਨੰਦਪੁਰ ਕਰੇ ।
ਅਬਚਲ ਨਗਰ ਜਾਇ ਕੁਲ ਸੰਬੂਹ ਤਰੇ ।
ਰਹਿਤ ਰਹਤ ਸਮ ਸਿਖ ਜੋ, ਸੋ ਮੋਰ ਰੂਪਾਇ ।
ਵਾ ਮੈ ਮੋ ਮੈਂ ਭੇਦ ਨਹਿ, ਮਮ ਸਰੂਪ ਹੁਇ ਜਾਇ ।

ਅਬ ਬਿਹੰਗਮ ਕੇ ਲੱਖਨ—

ਜਗਤ ਮੇਂ ਮਾਯਾ ਕਾ ਸੰਗ ਤਯਾਗ ਕਰਿ ਰਹੈ, ਇਸਤ੍ਰੀ ਕੋ ਦੇਖਤ ਭਾਗੇ, ਧਨ ਕੇ ਹੇਤ ਨ ਲਾਗੈ, ਸਵਾ ਗਜ਼ ਕੀ ਕੱਛ ਰਾਖੇ, ਏਕ ਸਰਬਲੋਹ ਕੀ ਗੜਵੀ ਰਖੈ, ਏਕਾਕੀ ਬਿਚਰੇ, ਧਾਤੂ ਕੋ ਸਪਰਸ਼ ਨ ਕਰੇ, ਸ਼ਹਰ ਮੈਂ ਨਾ ਰਹੈ । ਅਸਵਾਰੀ ਪੈ ਨ ਚੜ੍ਹੈ, ਔਰ ਗੁਰਦਵਾਰੇ ਮੇਂ ਫਿਰਤਾ ਰਹੇ । ਭੱਲਾ, ਬੇਦੀ, ਤ੍ਰੇਹਨ, ਉਦਾਸੀ, ਸੋਢੀ ਇਨ ਕੋ ਨਿੰਦੇ ਨਾਹੀ, ਮਦਰਾ ਮਾਸ ਕੋ ਛੁਏ ਨਾਹੀ, ਪ੍ਰਿਥਮੈਂ ਤੋ ਬੈਰਾਗ ਕਰੇ, ਖਾਣਾ ਪੀਣਾ ਹੱਸਣਾ ਛੋਡੇ, ਸ੍ਵਾਦ ਅਸ੍ਵਾਦ ਸਭ ਛੋਡੇ । ਜੋ ਕਰਮ ਤੀਨ ਕਾਲ ਮੇਂ ਕਹੇ ਹੈਂ, ਖਾਲਸੇ ਕੋ, ਸੋ ਚੌਗੁਨੇ ਕਰੇ ਤੋ ਸੁਧ ਹੋ । ਦ੍ਵੈ ਚਾਦਰੇ ਰਖੇ, ਇਸਤ੍ਰੀ ਕੋ ਦਰਸ਼ਨ ਤਜੈ, ਰਕਤ ਬਸਤ੍ਰ ਤਜੈ, ਮਨ ਕੋ ਅਸਥੰਭ ਰਖੇ, ਇਸਤ੍ਰੀ ਕੇ ਹਾਥ ਕਾ ਅੰਨ ਜਲ ਨ ਛਕੇ, ਇਤਯਾਦਿ ਧਰਮ ਚਾਰੋਂ ਆਸ਼੍ਰਮੋਂ, ਕੇ ਲੀਏ ਕਹੇ ਹੈਂ, ਸੋ ਯਥਾ ਬਿਧਿ ਕਰਿ ਸਮਝ ਲੇਵੇ ਇਸ ਗ੍ਰੰਥ ਮੈਂ । ਸ੍ਰੀ ਵਾਹ ਗੁਰੂ ਜੀ ਸਹਾਇ ।

ਪੁਰਾਤਨ ਸ੍ਰੋਤ ਪੁਸਤਕਾਂ ਵਿਚ ਪੰਜ ਪਿਆਰੇ
ਸ੍ਰੀ ਗੁਰ ਸੋਭਾ (੧੭੧੧ ਈ.)
ਧਿਆਇ ਤੇਰਵਾਂ
ਕਲਾ ਪ੍ਰਗਾਸ

ਦੋਹਰਾ

ਨਿਰੰਕਾਰ ਅਪਾਰ ਗਤਿ ਬਹੁ ਬਿਧਿ ਕਰਿ ਬਿਸਥਾਰ ।
ਸਬੈ ਛਾਡਿ ਛਿਨ ਮੈ ਦੀਓ ਰਹਿਓ ਸੁ ਏਕੰਕਾਰ ॥੧॥੫੪੫॥

ਸਵੈਯਾ

ਛੋਡ ਚਮਕੌਰ ਕਰਤਾਰ ਤਾਹੀ ਸਮੈ ਰੂਪ ਯੋ ਧਾਰਿ ਦਿਸ ਔਰ ਆਯੋ ।
ਛੋਡ ਧਨ ਧਾਮ ਸੁਤ ਬੰਧ ਦਾਰਾ ਸਬੈ ਏਕ ਅੰਕਾਰ ਹੋ ਯੌਂ ਦਿਖਾਯੋ ।
ਸਰਬ ਸਾਮਾਨ ਛਿਨ ਮਾਹਿ ਐਸੇ ਤਜੇ ਭੇਖਿ ਨਿਰਬਾਨ ਕੇ ਰੂਪ ਆਯੋ ।
ਸਿੰਘ ਗੋਬਿੰਦ ਇਮ ਫੇਰ ਰਚਨਾ ਰਚੀ ਧਰਨ ਆਕਾਸ ਤਾ ਤੇ ਟਿਕਾਓ ॥੨॥੫੪੬॥

ਦੋਹਰਾ

ਨਿਰੰਕਾਰ ਆਕਾਰ ਕਰਿ ਮਨਸਾ ਮਨਿ ਬੀਚਾਰ ।
ਮੁਕਤ ਕਰਨ ਸੰਸਾਰ ਕੋ ਪ੍ਰਗਟ ਭਯੋ ਕਰਤਾਰ ॥੩॥੫੪੭॥
ਕਰਨ ਕਰਾਵਨਹਾਰ ਪ੍ਰਭ ਸਮਰਥ ਸਿੰਘ ਗੋਬਿੰਦ ।
ਕਲਾ ਧਾਰਿ ਪ੍ਰਗਟ ਭਯੋ ਚਹੁ ਦਿਸ ਭਯੋ ਅਨੰਦ ॥੪॥੫੪੮॥

ਸਵੈਯਾ

ਕਲਿ ਮੋ ਕਲਿ ਧਾਰਿ ਅਕਾਰਿ ਕੀਓ ਕਰਿ ਆਪਨ ਦੂਤ ਸੰਘਾਰਨ ਕੋ ।
ਚਮਕੀ ਦਿਸ ਚਾਰ ਹੂ ਜੋਤ ਮਹਾ ਜਗ ਪਾਪ ਸਮੂਹ ਬਿਡਾਰਨ ਕੋ ।
ਕਰਿ ਖਾਲਸ ਜਾਪ ਦਏ ਹਰਿ ਨੇ ਹਥਿਆਰ ਅਪਾਰ ਜੁਝਾਰਨ ਕੋ ।
ਗੁਰੂ ਗੋਬਿੰਦ ਸਿੰਘ ਕੀਓ ਇਤਨਾ ਭਵ ਸਾਗਰ ਪਾਰ ਉਤਾਰਨ ਕੋ ॥੫॥੫੪੯॥

ਚੌਪਈ

ਰੂਪ ਅਨੇਕ ਪ੍ਰਭੂ ਇਮ ਪਾਰੇ ।
ਜੀਵ ਕਹਾ ਗਤਿ ਤਾਹਿ ਬਿਚਾਰੇ ।
ਤਬ ਪ੍ਰਭ ਬੈਰਾਗਨ ਮਹਿ ਆਏ ।
ਸਬ ਸਿੰਘਨ ਮਿਲਿ ਦਰਸ਼ਨ ਪਾਏ ॥੬॥੫੫੦॥
ਜਨਮ ਜਨਮ ਕੀ ਮੈਲ ਬਿਨਾਸੀ ।

ਨੈਨਨ ਪੇਖਿਓ ਪ੍ਰਭ ਅਬਿਨਾਸੀ ।
ਚਿੰਤਾ ਫਿਕਰ ਗਯੋ ਦੂਖ ਦੂਰੇ ।
ਦੀਨੋ ਦਰਸ ਜਬੈ ਗੁਰ ਪੂਰੇ ॥੭॥੫੫੧॥
ਅਉਗਨ ਮੇਟਿ ਸਬੈ ਗੁਨ ਕੀਨੇ ।
ਐਸਾ ਦਾਨ ਦਇਆ ਕਰਿ ਦੀਨੇ ।
ਅੰਧਮ ਕਰਮ ਤਜਿ ਨਿਰਮਲ ਭਏ ।
ਸਤਿਗੁਰ ਸਰਨਿ ਸਿਖ ਜੋ ਗਏ ॥੮॥੫੫੨॥

ਦੋਹਰਾ

ਸਾਇਰ ਏਕ ਅਪਾਰ ਸਰ ਸੁਭਰ ਭਰਿਓ ਤਿਹ ਨੀਰ ।
ਤਿਹ ਥਾਂ ਕੀਨੀ ਛਾਵਨੀ ਗੋਬਿੰਦ ਸਿੰਘ ਪ੍ਰਵੀਨ ॥੯॥੫੫੩॥

ਸਵੈਯਾ

ਸਿੰਘ ਗੋਬਿੰਦ ਤਿਹ ਠਉਰ ਕੀਨੀ ਮਯਾ ਬਜੈ ਘਨਘੋਰ ਅਨਾਹਦ ਪੂਰਾ ।
ਪਢੈ ਸਿੰਘ ਦਿਨ ਰੈਨਿ ਤਿਹ ਠਉਰ ਇਹ ਭਾਂਤ ਬਾਨੀ ਗੁਰ ਮਾਰੂ ਸੁ ਬਾਜੰਤ ਤੂਰਾ।
ਕਥੈ ਮੁਖਿ ਪਾਠ ਕਵਿ ਛੰਦ ਸੰਗ੍ਰਾਮ ਕੇ ਸੁਨਤ ਆਨੰਦ ਸੋ ਸਬੈ ਸੂਰਾ ।
ਭਯੋ ਜੈਕਾਰ ਤ੍ਰਈ ਲੋਕ ਚਉਦਹ ਭਵਨ ਸੁਨੇ ਤੇ ਦੂਤ ਕਾਪੇ ਸ੍ਰੀਰਾ ॥੧੦॥੫੫੪॥

ਸਵੈਯਾ

ਭਨਕ ਪ੍ਰਭ ਕੀ ਤਬੈ ਸੁਨੀ ਦੂਤਾਨ ਨੇ ਫੌਜ ਸੀਗਾਰ ਕੇ ਫੇਰਿ ਧਾਏ ।
ਦੇਖ ਐਸੋ ਕਹਿਓ ਜਾਹੁ ਸੰਗ੍ਰਾਮ ਕੋ ਫੇਰ ਵੇ ਫੌਜ ਲੈ ਤੁਰਤ ਆਏ ।
ਸਿੰਘ ਚਾਰੇ ਦਿਸਾ ਦੋਰ ਦਲ ਮੈ ਪਰੇ ਸਿੰਘਾਨ ਹੂਜੈ ਸਹਾਏ ।[1]
ਮਾਰਿ ਐਸੀ ਕਰੈ ਸੂਰ ਤਾਹੀ ਸਮੈ ਭਏ ਗਹਿ ਗਡਿ ਦਲ ਧੋ ਗਿਰਾਏ ॥੧੧॥੫੫੫॥

ਸਵੈਯਾ

ਖੇਤ ਕੈਸਾਨ ਤਿਹ ਭਾਂਤਿ ਐਸਾ ਕੀਓ ਧਰਤ ਤੋਂ ਧਰਤ ਪੈ ਮੂੰਡ ਡਾਰੈ ।
ਤੇਗ ਚੌਗਾਨ ਅਰ ਸੀਸ ਬੰਟਾ ਕਰੈ ਖੇਲਤੇ ਸਿੰਘ ਗੋਬਿੰਦ ਪਿਆਰੇ ।
ਲੋਥ ਬੀਚਾਰ ਬਿਸਥਾਰ ਕੇਤਾ ਕਹੋਂ ਪੌਨ ਪਰਵਾਹ ਪਤ ਹੋਤ ਝਾਰੇ ।
ਮਾਰ ਅਪਾਰ ਤਿਹ ਠੌਰ ਐਸੀ ਭਈ ਭਾਜਿ ਕੇ ਦੂਤ ਸਾਰੇ ਸਿਧਾਰੇ ॥੧੨॥੫੫੬॥

ਸਵੈਯਾ

ਭਾਜਿ ਤੁਰਕਾਨ ਮੈਦਾਨ ਛੋਡੈ ਤਬੈ ਖੇਤ ਸਿੰਘਾਨ ਕੇ ਹਾਥ ਆਯੋ ।
ਕੀਉ ਬੀਚਾਰ ਕਰਤਾਰ ਮਨ ਮੈ ਇਤੋ ਸ਼ਾਹ ਕੋ ਭੇਦ ਚਹੀਯੈ ਸੁਨਾਯੋ ।
ਦਯਾ ਕੋ ਸਿੰਘ ਤਿਹ ਸਾਜਿ ਸੀਗਾਰ ਕੇ ਖੁਸ਼ੀ ਕਰਤਾਰ ਕਰਕੈ ਪਠਾਯੋ[2] ।
ਕਰੀ ਤਸਲੀਮ ਤਿਹ ਹੁਕਮ ਕੋ ਦੇਖ ਕੈ ਸੀਸ ਪੈ ਬਾਂਧ ਤਾਂ ਤੇ ਸਿਧਾਯੋ ॥੧੩॥੫੫੭॥

ਸਵੈਯਾ

ਕਹੀ ਸਮਝਾਇ ਕਰਤਾਰ ਤਾਹੀ ਸਮੇਂ ਲਿਖਾ ਔਰੰਗ ਕੇ ਹਾਥ ਦੀਜੋ ।

ਸਾਥ ਸਹਾਇ ਸੌ ਜਾਨ ਮੇਰਾ ਬਚਨ ਨਾਹਿ ਮਨ ਮਾਹਿ ਕਛੁ ਸ਼ੰਕ ਕੀਜੋ ।
ਤੀਨ ਦੋ ਪਾਂਚ ਲੈ ਖਾਲਸੇ ਪਾਸਿ ਤੇ ਖਰਚ ਦਰਬਾਰ ਬੀਚਾਰ ਲੀਜੋ ।
ਸ਼ਾਹਿ ਪੈ ਜਾਇ ਦਰਿ ਆਇ ਦਰਬਾਰ ਮੈ ਬੇਗ ਫੁਰਮਾਨ ਤਯਾਰ ਕੀਜੋ ॥੧੪॥੫੫੮॥

ਦੋਹਰਾ

ਬਿਦਾ ਭਯੋ ਤਾਹੀ ਸਮੈ ਪ੍ਰਭ ਕੋ ਸੀਸ ਨਿਆਇ ।
ਅਹਦੀ ਭੇਸ ਬਨਾਇ ਕੈ ਚਲਿਓ ਸਿੰਘ ਤਬ ਧਾਇ ॥੧੫॥੫੫੯॥

ਭੁਜੰਗ ਪ੍ਰਯਾਤ ਛੰਦ

ਕੀਓ ਅਹਦੀਅਂ ਭੇਸ ਬੇਗੰ ਸਿਧਾਯੋ ।
ਤਿਨੈ ਗਾਂਵ ਗਾਂਵੰ ਬਿਗਾਰੰ ਬੁਲਾਯੋ ।
ਕੀਏ ਕੂਚ ਕੇਤੇ ਕਰੀ ਹੈਲਗਾਰੰ ।
ਕਿਤੇ ਦਿਉਸ ਮੈ ਆਇ ਦਿੱਲੀ ਮਝਾਰੰ ॥੧੬॥੫੬੦॥
ਮਿਲੀ ਸਾਧ ਸੰਗਤਿ ਮਹਾ ਸੂਖ ਪਾਯੋ ।
ਹੁਕਮ ਕਾਢਿ ਕੈ ਤਾਹਿ ਤਾਂ ਤੇ ਬਚਾਯੋ।
ਲੀਏ ਦਾਮ ਜਾ ਤੇ ਲਿਖੇ ਤਾਹਿ ਨਾਮੰ ।
ਚਲੇ ਕੂਚ ਕੈ ਕੈ ਕੀਓ ਏਹ ਕਾਮੰ ॥੧੭॥੫੬੧॥
ਆਏ ਆਗਰੇ ਕਾਮ ਕੈ ਕੈ ਸਿਧਾਏ ।
ਲਖੀ ਚੰਬਲੰ ਛੋੜਿ ਗੁਲਏਰ ਧਾਏ ।
ਆਏ ਨਰਵਰੰ ਕਾਲ ਬਾਗੰ ਸਿਰੁਜੈਨੰ[3] ।
ਦਈ ਛੋਡਿ ਕੇ ਸੋਇ ਆਏ ਉਜੈਨੰ ॥੧੮॥੫੬੨॥
ਲਖੀ ਨਰਬਦਾ ਪਾਰ ਪੈ ਲੇ ਸਿਧਾਰੇ ।
ਗਏ ਮਾਲਵੇ ਕੇ ਮਹਾ ਕੋਸ ਭਾਰੇ ।
ਗੜ੍ਹੰ ਦੇਖਿ ਆਸੇਰ ਤਾਂ ਤੇ ਪਧਾਰੰ ।
ਆਏ ਨਗਰ ਬੁਰਹਾਨ ਪੂਰੰ ਮਝਾਰੰ ॥੧੯॥੫੬੩॥
ਕੀਉ ਬਾਹਨੰ ਅਸਬ ਤਾਂ ਤੇ ਸਿਧਾਯੋ ।
ਕੀਏ ਕੂਚ ਅਉਰੰਗ ਆਬਾਦ ਆਯੋ ।
ਕੀਉ ਕਾਮ ਤਾਂ ਤੇ ਤਹਾਂ ਤੇ ਸਿਧਾਯੰ ।
ਤਬੈ ਲਸ਼ਕਰੇ ਅਹਿਮਦਾ ਨਗਰ ਆਯੰ ॥੨੦॥੫੬੪॥
ਸਮੇਂ ਸੋਦਰੰ ਬੇਦਰੰ ਸਿੰਘ ਆਯੋ ।
ਕਿਨੀ ਗੰਜ ਮੈ ਜੇਠ ਸਿੰਘੰ ਬਤਾਯੋ ।
ਰਹੇ ਧਾਮ ਤਾਂ ਕੇ ਸੁ ਰੈਨੰ ਬਿਤਾਯੋ ।
ਭਈ ਭੋਰ ਤੇ ਧਰਮਸਾਲੰ ਸਿਧਾਯੋ ॥੨੧॥੫੬੫॥

ਸਵੈਯਾ

ਸਿੰਘ ਤਾਹੀ ਸਮੈ ਆਨ ਦੱਛਨ ਦਿਸ਼ਾ ਮੇਲ ਸਤਿਸੰਗ ਬੀਚਾਰ ਕੀਨਾ।
ਕਹੋ ਜਿਹ ਭਾਂਤਿ ਅਰਜ਼ੀ ਕਰੋ ਸ਼ਾਹ ਕੋ ਲਿਖਾ ਸਿੰਘ ਗੋਬਿੰਦ ਦੀਨਾ।
ਬਾਕ ਬੀਚਾਰ ਬਿਸਥਾਰ ਕੇਤਾ ਭਯੋ ਭਰਮ ਭੂਲੇ ਜਿਵੇਂ ਬੇਦਿਰੀਨਾ।
ਹੁਕਮੁ ਕਰਤਾਰ ਕਾ ਮਾਨ ਕੇ ਖਾਲਸੇ ਪ੍ਰੀਤ ਸੋ ਆਪ ਕੇ ਸੀਸ ਲੀਨਾ ॥੨੨॥੫੬੬॥

ਦੋਹਰਾ

ਮਨ ਬਚ ਕ੍ਰਮ ਕਰ ਭਵਾਨੀ ਅਤਿ ਹਿਤ ਚਿਤਿ ਮਨ ਲਾਇ ॥
ਨਿਸ ਦਿਨ ਸੇਵਾ ਸਿੰਘ ਕੀ ਕਰੇ ਖਾਲਸਾ ਜਾਇ ॥੨੩॥੫੬੭॥

ਚੌਪਈ

ਮਾਇਆ ਕੇ ਮਦ ਜੋ ਜਨ ਫੂਲੇ।
ਐਂਡੇ ਫਿਰੈ ਹੁਕਮ ਤੇ ਭੂਲੇ।
ਫੀਕੇ ਬੈਨ ਕਹੈ ਅਤਿ ਭਾਰੀ।
ਪ੍ਰਭ ਕੀ ਕ੍ਰਿਆ ਨ ਨੈਕ ਬਿਚਾਰੀ ॥੨੪॥੫੬੮॥
ਜਿਹ ਦਿਸ ਘਾਤ ਸਿੰਘ ਕਛੁ ਧਰੈ।
ਇਹੀ ਉਪਾਵ ਅਰਜ਼ ਕੋ ਕਰੈ।
ਤਾਂ ਕੀ ਭਨਕ ਮੂੜ੍ਹ ਸੁਨਿ ਪਾਵੈਂ।
ਤਿਹ ਢਿਗ ਜਾਇ ਮਨੈ ਕਰ ਆਵੈਂ ॥੨੫॥੫੬੯॥
ਅਨਿਕ ਉਪਾਵ ਸਿੰਘ ਨੇ ਕਰੇ।
ਛੰਦ ਬੰਦ ਕਛੁ ਨੇਕ ਨ ਸਰੇ।
ਲਿਖੀ ਕਥਾ ਪ੍ਰਭ ਪਾਸ ਪਠਾਈ।
ਦਯਾ ਕਰੋ ਇਮ ਹੋਹੁ ਸਹਾਈ ॥੨੬॥੫੭੦॥

ਸੋਰਠਾ

ਦਯਾ ਸਿੰਘ ਅਰਦਾਸ ਲਿਖਿ ਭੇਜੀ ਪ੍ਰਭ ਕੋ ਤਬੈ।
ਆਪਨ ਕਾਜ ਸੁਧਾਰ, ਹੁਇ ਸਹਾਇ ਅਬ ਪ੍ਰਭੁ ਜੀ ॥੨੭॥੫੭੧॥

ਦੋਹਰਾ

ਜੋਰੀ ਏਕ ਬੁਲਾਇ ਕੈ ਕਾਸਦ ਕਰਾ ਤਯਾਰ ।
ਸੋ ਪਠਾਏ ਪ੍ਰਭ ਪੈ ਤਬੈ ਆ ਪਹੁੰਚੇ ਦਰਬਾਰ ॥੨੮॥੫੭੨॥
ਪ੍ਰਭੂ ਬਾਦ ਅਰਦਾਸ ਕੋ ਪਾਂਚ ਹੁਕਮ ਲਿਖ ਦੀਨ ।
ਆਪਨ ਕਾਜ ਸੁਧਾਰਨੇ ਆਪ ਸਹਾਇ ਇਮ ਕੀਨ ॥੨੯॥੫੭੩॥
ਕਾਸਦ ਫਿਰਿ ਇਤ ਤੇ ਚਲੇ ਤੇ ਮਾਰਗ ਮੰਝਾਰ ।
ਅਬ ਲੀਲਾ ਉਤ ਕੀ ਕਹੋਂ ਜੋ ਕੀਨੀ ਕਰਤਾਰ ॥੩੦॥੫੭੪॥

ਚੌਪਈ

ਕਾਬੂ ਏਕ ਸਿੰਘ ਕਰਿ ਆਯੋ ।

ਸਿੰਘ ਸਾਥ ਉਨ ਭੇਦ ਬਨਾਯੋ।
ਤਾਹਿ ਬਿਚਾਰ ਅਰਜ਼ ਇਮ ਕਰੀ।
ਵਰਕੀ ਹਾਥ ਸ਼ਾਹ ਕੇ ਪਰੀ ॥੩੧॥੫੭੫॥
ਤਾਂ ਮੈ ਲੀਲਾ ਲਿਖੀ ਅਪਾਰਾ।
ਭਾਂਤ ਭਾਂਤ ਸੋ ਸ਼ਾਹ ਬਿਚਾਰਾ।
ਤਾ ਕੀ ਤਨਕ ਭਨਕ ਇਮ ਕਹੀ।
ਸਰਬ ਕਥਾ ਕੀ ਮਿਤਿ ਨਹੀ ਲਹੀ ॥੩੨॥੫੭੬॥

ਸਵੈਯਾ

ਸ਼ਾਹਿ ਔਰੰਗ ਕੋ ਲਿਖਾ ਇਹ ਭਾਂਤ ਸੌ ਚਾਹਤਾ ਆਪ ਤੁਹਿ ਪਾਸ ਆਯੋ।
ਕੌਲ ਬਿਕੌਲ ਸਬ ਲੋਗ ਤੇਰੇ ਭਏ ਜੰਗ ਕੋ ਭੇਦ ਐਸੇ ਬਤਾਯੋ[੪]।
ਰਾਵ ਰਾਜੇ ਘਨੇ ਆਨ ਰਨ ਮੈ ਤਨੇ ਭਏ ਹੈ ਅਨਮਨੇ ਤਿਤਨ ਘਾਯੋ।
ਦੇਖਿ ਕੈ ਚੇਤ ਬੀਚਾਰ ਏਤਾ ਯਹੀ ਸਿੰਘ ਤੁਹਿ ਪਾਸਿ ਯਾ ਤੇ ਪਠਾਯੋ ॥੩੩॥੫੭੭॥

ਭੁਯੰਗ ਪ੍ਰਯਾਤ ਛੰਦ

ਮਹਾ ਬੋਝ ਹੈ ਸੀਸ ਪੈ ਜਾਨ ਤੇਰੇ।
ਭਏ ਕਉਲ ਬੇਕਉਲ ਸੋ ਲੋਗ ਤੇਰੇ।
ਲਿਖਾ ਹੈ ਤੁਝੇ ਜਾਨ ਈਮਾਨ ਸੰਗੇ।
ਕਰੋਗੇ ਕਹਾ ਜੀਵ ਕਰਤਾਰ ਮੰਗੇ ॥੩੪॥੫੭੮॥
ਸੁਖਨ ਮਰਦ ਕੋ ਜਾਨ ਮੈ ਜਾਨ ਰਾਖੇ।
ਸੁਖਨ ਬੇਸੁਖਨ ਅਉਰ ਕੀ ਅਉਰ ਭਾਖੇ।
ਦਿਲੋ ਜਾਨ ਸੇ ਕਾਮ ਕੋ ਜਾਨ ਕੀਜੈ।
ਕਰੋਗੇ ਜ਼ਰੂਰੀ ਨਹੀਂ ਢੀਲ ਦੀਜੈ ॥੩੫॥੫੭੯॥
ਕਿ ਅਸਵਾਰ ਹਜ਼ਾਰ ਸੋ ਸਾਥ ਆਵੈ।
ਭਲੀ ਫੌਜ ਸੋ ਸਿੰਘ ਡੰਕਾ ਬਜਾਵੈ।
ਕਿਲੇਦਾਰ ਓ ਫੌਜਦਾਰੰ ਅਪਾਰੇ।
ਸੂਬੇਜਾਤ ਹੈਂ ਰਾਹ ਕੈ ਬੀਚ ਸਾਰੇ ॥੩੬॥੫੮੦॥
ਯਾ ਫਰਮਾਨ ਕੇ ਤਯਾਰ ਕੈ ਭੇਜਿ ਦੀਜੈ।
ਲਿਖਾ ਠਉਰ ਹੀ ਠਉਰ ਕੋ ਆਪ ਕੀਜੈ।
ਹੁਕਮ ਸ਼ਾਹ ਕਾ ਜੋ ਕਬੀ ਹਾਥ ਆਵੈ।
ਚਲੈਂ ਕੂਚ ਕੈ ਕੈ ਇਹੀ ਮੋਹਿ ਭਾਵੈ ॥੩੭॥੫੮੧॥

ਸਵੈਯਾ

ਦੇਖਿ ਬੀਚਾਰ ਮਨ ਮਾਹਿ ਏਤਾ ਕਹਿਓ ਸੰਜੋਗ ਕਰਤਾਰ ਆਵੈ।
ਲਿਖਾ ਕੈ ਦੇਹੁ ਤਾਕੀਦ ਦਰਬਾਰ ਮੈ ਸਿੰਘ ਤਤਕਾਲ ਯਾ ਤੇ ਸਿਧਾਵੈ।
ਗੁਰਜ਼ ਬਰਦਾਰ ਫਰਮਾਨ ਭੇਜਾ ਤਬੈ ਸਿੰਘ ਗੋਬਿੰਦ ਕੇ ਪਾਸ ਜਾਵੈ।

ਜੋਰ ਕਰ ਬੇਨਤੀ ਜਾਇ ਐਸੇ ਕਰੋ ਰਹੋ ਤਿਹ ਠਉਰ ਜਹਾਂ ਜੀਵ ਆਵੈ ॥੩੮॥੫੮੨॥

ਦੋਹਰਾ

ਗੁਰਜ਼ਦਾਰ ਫੁਰਮਾਨ ਲੈ ਦਯਾ ਸਿੰਘ ਕੇ ਸੰਗਿ[5]।
ਬਿਦਾ ਕੀਏ ਤਾਹੀ ਸਮੈ ਬਾਦਸ਼ਾਹ ਔਰੰਗ ॥੩੯॥੫੮੩॥

ਭੁਜੰਗ ਪ੍ਰਯਾਤ ਛੰਦ

ਗੁਰਜ਼ਦਾਰ ਅਰ ਸਿੰਘ ਤਾਂ ਤੇ ਸਿਧਾਏ।
ਲਿਖੇ ਪਾਂਚ ਦਰਬਾਰ ਤੇ ਹੁਕਮ ਆਏ।
ਭਯੋ ਧੀਰਜੰ ਜੀਵ ਮੈ ਸ਼ਾਂਤਿ ਆਈ।
ਹੁਕਮ ਵਾਰ ਬੀਚਾਰ ਕੈ ਕੈ ਸੁਨਾਈ ॥੪੦॥੫੮੪॥

ਪਉੜੀ

ਬਿਰਦ ਬਾਣੇ ਦੀ ਪੈਜ ਰਖਦਾ ਆਇਆ।
ਹੁਕਮਾਂ ਦੇ ਵਿਚ ਲਿਖ ਸਤਿਗੁਰਾਂ ਪਠਾਇਆ।
ਕਛੂ ਨ ਕਰੋ ਵਿਸਵਸਾ ਇਉਂ ਫੁਰਮਾਇਆ।
ਸੁਣਿਆਂ ਮਨ ਸੰਤੋਖ ਬਹੁਤ ਸੁਖ ਪਾਇਆ।
ਜੀ ਨਿੰਦਕ ਮੁਠੇ ਰੋਇ ਜਿਨੀ ਜਨਮੁ ਗਵਾਇਆ॥੪੧॥੫੮੫॥

ਪਉੜੀ

ਖਾਸ ਕਲਮ ਕਰਤਾਰ ਲਿਖਿਆ ਨ ਡਰੋ।
ਦਯਾ ਸਿੰਘ ਕੇ ਨਾਲ ਕੰਮ ਸ਼ਾਮਲ ਕਰੋ।
ਨਿਮਖ ਬਿਲਮ ਨਹੀਂ ਹੋਇ ਕਾਰ ਐਸੀ ਕਰੋ।
ਸਤਿਗੁਰ ਸੌ ਕਰ ਪ੍ਰੀਤ ਦੁਰਮਤ ਮਨ ਤੇ ਹਰੋ।
ਜੀ ਜੁਗ ਜੁਗ ਹੋਇ ਸਹਾਇ ਧਿਆਨ ਤਿਨ ਕਾ ਧਰੋ ॥੪੨॥੫੮੬॥

ਪਉੜੀ

ਸੁਣਿਆ ਸੁਖ ਸਮੂਹ ਦੁਖ ਗਵਾਇਆ।
ਬਿਨਸੇ ਸਗਲ ਕਲੇਸ ਭਰਮ ਚੁਕਾਇਆ।
ਚਿੰਤਾ ਫਿਕਰ ਬਿਸਾਰ ਇਉਂ ਫੁਰਮਾਇਆ।
ਰਹੋ ਸਤਸੰਗ ਨਿਸੰਗਿ ਦੁਖ ਲਗੇ ਨ ਕਾਇਆ।
ਜੀ ਕਰ ਸੰਤਨ ਕੋ ਪ੍ਰੀਤ ਮੇਲ ਸਵਾਇਆ ॥੪੩॥੫੮੭॥

ਪਉੜੀ

ਜੋ ਜਨ ਕਰਸੀ ਕਾਰ ਹੁਕਮ ਇਉਂ ਲਿਖਿਆ।
ਤਿਸ ਦੀ ਪੂਰਨ ਘਾਲ ਪੂਰੀ ਦੀਖਿਆ।
ਤਿਸ ਨੂੰ ਸੋਭਾ ਅਪਾਰ ਸਤਿਗੁਰ ਆਖਿਆ।
ਜਰਾ ਮਰਨ ਨਹੀਂ ਹੋਇ ਜਮ ਪੰਥ ਨ ਪੇਖਿਆ।
ਜੀ ਸੋ ਜਨ ਸਦਾ ਹਜ਼ੂਰਿ ਜੁਗੋ ਜੁਗੁ ਰਖਿਆ॥੪੪॥੫੮੮॥

ਪਉੜੀ

ਜੋ ਕਹਿਆ ਕਰਤਾਰ ਕਿਉਂ ਬਿਰਥਾ ਜਾਵਏ।
ਜੋ ਮੰਨੈ ਸੋ ਪ੍ਰਵਾਨ ਇਉਂ ਹੀ ਭਾਵਏ।
ਸਿਰ ਸ਼ਾਹਾਂ ਦੇ ਸ਼ਾਹ ਹੁਕਮ ਮਨਾਵਏ।
ਮੰਨੇ ਸੋ ਜਿਣ ਜਾਇ ਪਦਵੀ ਪਾਵਏ।
ਜੀ ਗੋਬਿੰਦ ਸਿੰਘ ਧਿਆਇ ਤਾਂ ਬਣ ਆਵਏ॥੪੫॥੫੮੯॥

ਪਉੜੀ

ਬਚਨ ਸੁਣੇ ਕਰਤਾਰ ਕਾ ਜੋ ਰਿਦੈ ਬਸਾਵੈ।
ਮਨ ਇਛੈ ਫਲ ਪਾਵਏ ਜੋ ਕਾਰ ਕਮਾਵੈ।
ਮੂਰਖ ਕਬੈ ਨ ਚੇਤਈ ਮਨ ਮੈ ਗਰਬਾਵੈ।
ਕਾਗ ਕਪੂਰ ਤਿਆਗ ਕੈ ਦੁਰਗੰਧ ਲੁਭਾਵੇ।
ਜੀ ਜੋ ਭਾਵੀ ਅੰਕੂਰ ਹੋਇ ਸੋ ਪ੍ਰਗਟ ਆਵੈ॥੪੬॥੫੯੦॥

ਪਉੜੀ

ਇਕ ਨਿੰਦਕ ਇਕ ਖਾਲਸਾ ਕਰਤੇ ਇਉ ਭਾਇਆ॥
ਜੁਗ ਜੁਗ ਖੇਲ ਵਰਤਦਾ ਏਵੇਂ ਹੁੰਦਾ ਆਇਆ।
ਜਿਸ ਨੂੰ ਰਖੇ ਰਹੈ ਸੋ ਜਿਨਿ ਧੁਰੋਂ ਲਿਖਾਇਆ।
ਮੂਰਖ ਏਕ ਨ ਜਾਨਨੀ ਦੂਜੇ ਭਰਮਾਇਆ।
ਜੀ ਜਮ ਪੁਰ ਬੱਧੇ ਮਾਰੀਅਨਿ ਫਿਰਿ ਪਛੋਤਾਇਆ॥੪੭॥੫੯੧॥

ਪਉੜੀ

ਸਤਿਸੰਗਤਿ ਵਿਚ ਬੈਠਿ ਕੈ ਬੋਲੈ ਹੰਕਾਰੋ॥
ਭੌ ਸਾਇਰ ਕਿਓਂ ਲੰਘਸੀ ਕਿਉਂ ਉਤਰੇ ਪਾਰੋ।
ਕਿਉਂ ਕਰਿ ਦਰਗਹਿ ਸਿਝਸੀ ਕਰਿ ਦੇਖਿ ਵਿਚਾਰੋ।
ਲੋਹਾ ਕੰਚਨ ਕਿਉਂ ਥੀਏ ਭਾਵੈ ਜਿਉਂ ਜਾਰੋ।
ਜੀ ਸਤਿਗੁਰ ਪਾਰਸ ਜੇ ਮਿਲੈ ਛਿਨ ਮੈ ਨਿਸਤਾਰੋ॥੪੮॥੫੯੨॥

ਪਉੜੀ

ਅਤਿ ਅਪਰਾਧੀ ਜੇ ਥੀਐ ਕੁਲ ਕੀ ਘਾਤ ਕਰੇ॥
ਖੋਟੋ ਖੋਟ ਕਮਾਵਈ ਇਤ ਮੰਦੇ ਅਮਰ ਕਰੇ।
ਪਰ ਨਿੰਦਾ ਚੋਰੀ ਕਰੇ ਹਰਿ ਜਸੁ ਨਹਿ ਉਚਰੇ।
ਬਚਨ ਕਰੇ ਹਿਤ ਲਾਇ੬ ਪਰ ਧਨੁ ਨਿਤ ਹਰੇ॥
ਜੀ ਸਤਿਗੁਰ ਚਾਹੇ ਬਕਸ ਕੈ ਤਿਹ ਕੋ ਸਾਧੁ ਕਰੋ॥੪੯॥੫੯੩॥

ਪਉੜੀ

ਸਭ ਤੇਰੀ ਤੂੰ ਸਭਸਿ ਦਾ ਕੋ ਕਿਧਰ ਜਾਵੈ।
ਪੂਤ ਕੁਪੁੱਤੀ ਜੇ ਕਰੇ ਪਿਓ ਮੁਖਹੁ ਨ ਪਾਵੈ।

ਭਾਵੈ ਕੇਤਾ ਭਰਮਣਾ ਜੋ ਸਰਣੀ ਆਵੈ।
ਅਉਗਣ ਮੇਟੇ ਗੁਣ ਕਰੇ ਭੀ ਮਾਹਿ ਸਮਾਵੈ।
ਜੀ ਗੋਬਿੰਦ ਸਿੰਘ ਦਇਆਲ ਹੈ ਸਤਿਸੰਗ ਮਿਲਾਵੈ ॥੫੦॥੫੯੪॥

ਪਉੜੀ

ਜੋ ਕਹਿਆ ਕਰਤਾਰ ਸੋ ਰਿਦੈ ਬਸਾਵਣਾ।
ਤਜਿ ਪ੍ਰਪੰਚ ਬਿਕਾਰ ਨਹੀਂ ਲਲਚਾਵਣਾ।
ਦੂਜਾ ਭਾਵ ਮਿਟਾਇ ਇਕੈ ਧਿਆਵਣਾ।
ਚਰਨ ਕਵਲ ਸੋ ਪ੍ਰੀਤ ਭਰਮ ਚੁਕਾਵਣਾ।
ਜੀ ਬਾਧਿ ਪਾਂਚ ਹਥਿਆਰ ਦਰਸ਼ਨ ਆਵਣਾ ॥੫੧॥੫੯੫॥

ਇਤਿ ਸ੍ਰੀ ਗੁਰ ਸੋਭਾ ਕਲਾ ਪ੍ਰਗਾਸ ਧਿਆਇ ਤੇਰਵਾਂ ਸੰਪੂਰਨਮਸਤੁ ਸੁਭਮਸਤੁ ॥੧੩॥

ਟਿੱਪਣੀਆਂ ਤੇ ਹਵਾਲੇ

੧. ਇਥੇ ਇਸ਼ਾਰਾ ਮੁਕਤਸਰ ਦੇ ਜੰਗ ਵੱਲ ਹੈ ਜੋ ੩੦ ਪੋਹ, ਮਾਘ ਵਦੀ ੧੦, ਸੰਮਤ ੧੭੬੨ ਬਿ. ੨੯ ਦਸੰਬਰ, ਸੰਨ ੧੭੦੫ ਈ. ਨੂੰ ਹੋਇਆ ਸੀ। ਅਗਲੇ ਦਿਨ ਮਾਘੀ (੧ ਮਾਘੀ) ਨੂੰ ਸ਼ਹੀਦ ਸਿੰਘਾਂ ਦਾ ਸਸਕਾਰ ਕੀਤਾ ਗਿਆ ਸੀ। ਗਿਆਨੀ ਗਿਆਨ ਸਿੰਘ ਨੇ ਇਸ ਦੀ ਤਾਰੀਖ *ਤਵਾਰੀਖ ਗੁਰੂ ਖ਼ਾਲਸਾ*, ਪੰਨਾ ੩੩੯ ਵਿਚ ੨੧ ਵੈਸਾਖ ਸੰਮਤ ੧੭੬੧ ਬਿ. ਪੰਥ ਪ੍ਰਕਾਸ਼ ਦੀ ਦੂਸਰੀ ਐਡੀਸ਼ਨ ਪੰਨਾ ੨੨੬ ਵਿਚ ਵੈਸਾਖ ੧੭੬੧ ਅਤੇ ਛੇਵੀਂ ਐਡੀਸ਼ਨ ਪੰਨਾ ੨੭੯ ਫਿਰ ਵੈਸਾਖ ੧੭੬੨ ਦਿੱਤੀ ਹੈ। ਪਰ ਅੰਤਮ ਬਾਰ ਸੋਧ ਕੇ ਛਾਪੀ ਹੋਈ *ਤਵਾਰੀਖ ਗੁਰੂ ਖ਼ਾਲਸਾ* ਦੀ ਉਰਦੂ ਐਡੀਸ਼ਨ (ਸੰਨ ੧੯੨੩) ਪੰਨਾ ੧੮੭ ਵਿਚ ੧ ਮਾਘ ਸੰਨ ੧੭੬੨ ਦਿੱਤੀ ਹੈ। ਇਸ ਲਈ ਇਹ ਹੀ ਪਰਵਾਨ ਕਰਨੀ ਜੋਗ ਹੈ, ਹੋਰ ਵਿਚਾਰ ਲਈ ਦੇਖੋ ਭੂਮਿਕਾ।

੨. ਭਾਈ ਦਯਾ ਸਿੰਘ ਦੇ ਹੱਥੀਂ ਜੋ ਚਿੱਠੀ ਦੀਨੇ ਤੋਂ ਗੁਰੂ ਜੀ ਨੇ ਬਾਦਸ਼ਾਹ ਔਰੰਗਜ਼ੇਬ ਪਾਸ ਭੇਜੀ ਸੀ ਉਹ ਜ਼ਫ਼ਰਨਾਮਾ ਕਰਕੇ ਪ੍ਰਸਿਧ ਹੈ ਅਤੇ ਦਸਮ ਪਾਤਸ਼ਾਹ ਦੇ ਗ੍ਰੰਥ ਵਿਚ ਦਰਜ ਹੈ ਅਤੇ ਵੱਖਰੀ ਛਪੀ ਹੋਈ ਭੀ ਮਿਲਦੀ ਹੈ। ਫ਼ਾਰਸੀ ਤੋਂ ਅਨਜਾਣ ਗੁਰਮੁਖੀ ਲਿਖਾਰੀਆਂ ਦੇ ਹੱਥੀਂ ਇਸ ਵਿਚ ਕਈ ਲਫ਼ਜ਼ੀ ਗਲਤੀਆਂ ਪੈ ਗਈਆਂ ਹਨ ਅਤੇ ਗੁਰਮੁਖੀ ਤੋਂ ਮੁੜ ਫ਼ਾਰਸੀ ਵਿਚ ਲਿਖਣ ਵੇਲੇ ਭੀ ਅਜੇਹੀਆਂ ਗ਼ਲਤੀਆਂ ਵਧੀਆਂ ਹਨ। ਪਰ ਇਹ ਕੇਵਲ ਇੱਕੇ ਦੁੱਕੇ ਲਫ਼ਜ਼ਾਂ ਵਿਚ ਹੀ ਹਨ, ਬੰਦਾਂ ਦੀ ਗਿਣਤੀ, ਬਣਤਰ ਅਤੇ ਮਜ਼ਮੂਨ ਵਿਚ ਕਿਧਰੇ ਕੋਈ ਫ਼ਰਕ ਨਹੀਂ ਪਿਆ।
ਜ਼ਫ਼ਰਨਾਮਾ ਬਾਦਸ਼ਾਹ ਨੂੰ ਲਿਖਣ ਦਾ ਵੱਡਾ ਮਕਸਦ ਇਹ ਸੀ ਕਿ ਉਸ ਨੂੰ ਠੀਕ ਗੱਲ ਦਾ ਪਤਾ ਲੱਗ ਜਾਏ ਕਿ ਸ਼ਾਹੀ ਅਹਿਲਕਾਰ, ਬਖ਼ਸ਼ੀ ਅਤੇ ਦੀਵਾਨ, ਝੂਠੇ ਆਦਮੀ ਹਨ, ਅਤੇ ਇਨ੍ਹਾਂ ਨੇ ਕੁਰਾਨ ਦੀਆਂ ਕਸਮਾਂ ਖਾ ਕੇ ਵਹਿਦੇ ਕਰਕੇ ਧੋਖਾ ਕੀਤਾ ਅਤੇ ਅਚਾਨਕ ਹੱਲਾ ਬੋਲ ਕੇ ਬਚਨ ਭੰਗ ਕੀਤਾ ਹੈ, ਇਸ ਲਈ ਇਨ੍ਹਾਂ ਪਰ ਕੋਈ ਇਤਬਾਰ ਨਹੀਂ ਰਿਹਾ, ਪਰ ਜੇ ਬਾਦਸ਼ਾਹ ਫੁਰਮਾਨ ਭੇਜੇ ਅਤੇ ਆਪਣੇ ਕੌਲ ਪਰ ਕਾਇਮ ਰਹੇ ਤਾਂ ਗੁਰੂ ਸਾਹਿਬ ਉਸ ਨੂੰ ਮਿਲਣ ਵਾਸਤੇ ਉਸ ਪਾਸ ਜਾਣ ਨੂੰ ਤਿਆਰ ਹਨ (*ਮਾਖਿਜ਼ਿ ਤਵਾਰੀਖ਼ਿ-ਸਿੱਖਾਂ*, ਜ਼ਫ਼ਰਨਾਮਾ, ੬੬-੭੧)।

੩. ਪਾਠਾਂਤ੍ਰ—ਬਾਗੀਂ ਸਿਰ ਉਜੇਂ।

੪. ਗੁਰੂ ਸਾਹਿਬ ਦੀ ਔਰੰਗਜ਼ੇਬ ਦੇ ਨਾਉਂ ਦੀਨੇ ਤੋਂ ਭੇਜੀ ਚਿੱਠੀ ਜ਼ਫ਼ਰਨਾਮੇ ਵਿਚ ਜਿਥੇ ਉਪਰਲੇ ੫੭੭-੭੯, ੫੮੧ ਛੰਦਾਂ ਦੇ ਮਜ਼ਮੂਨ ਦਾ ਜ਼ਿਕਰ ਆਇਆ ਹੈ, ਉਹ ਬੰਦ ਇਹ ਹਨ :
ਨਾ ਕਤਰਾ ਮਰਾ ਇਤਬਾਰੇ ਬਰ-ਉਸਤ।

ਕਿ ਬਖਸ਼ੀ ਓ ਦੀਵਾਂ ਹਮਾਂ ਕਿਜ਼ਬ-ਗੋਸ਼ਤ ॥੧੪॥
ਹਮੂੰ ਮਰਦ ਬਾਯਦ ਸ਼ਵਦ ਸੁਖਨਵਰ ।
ਨਾ ਸ਼ਿਕਮਿ ਦਿਗਰ ਦਰ ਦਹਾਨਿ ਦਿਗਰ ॥੫੫॥
ਅਗਰ ਹਜ਼ਰਤਿ ਖ਼ੁਦ ਸਿਤਾਦਹ ਸ਼ਵਦ ।
ਬ-ਜਾਨੋ ਦਿਲ ਕਾਰ ਵਾਜਹਿ ਸ਼ਵਦ ॥੫੩॥
ਸ਼ਹਨਸ਼ਾਹ ਰਾ ਬੰਦਾ ਓ ਚਾਕਰੇਮ ।
ਅਗਰ ਹੁਕਮ ਆਯਦ ਬਜਾ ਹਾਜ਼ਰੇਮ ॥੬੨॥
ਅਗਚ ਚਿਹ ਬਿਆਯਦ ਬ-ਫ਼ਰਮਾਨਿ ਮਨ ।
ਹਜ਼ੂਰਤ ਬਿਆਯਮ ਹਮਹ ਜਾਨੋ ਤਨ ॥੬੩॥

੫. ਬਾਦਸ਼ਾਹ ਔਰੰਗਜ਼ੇਬ ਨੇ ਜ਼ਫਰਨਾਮਾ ਮਿਲਣ ਪਰ ਗੁਰੂ ਗੋਬਿੰਦ ਸਿੰਘ ਜੀ ਨੂੰ ਦੱਖਣ ਆਉਣ ਦਾ ਜੋ ਸੱਦਾ ਵਿਜ਼ਾਰਤ-ਪਨਾਹ ਮੁਨਇਮ ਖਾਨ ਨਾਇਬ ਸੂਬੇਦਾਰ ਲਾਹੌਰ ਨੂੰ ਭੇਜਿਆ ਸੀ ਉਹ ਮੁਹੰਮਦ ਬੇਗ ਗੁਰਜ ਬਰਦਾਰ ਅਤੇ ਸ਼ੇਖ ਯਾਰ ਮੁਹੰਮਦ ਮਨਸਬਦਾਰ ਦੀ ਹੱਥੀ ਭੇਜਿਆ ਗਿਆ ਸੀ (ਇਨਾਇਤੁੱਲਾ ਇਸਮੀ, ਅਹਿਕਾਮਿ ਆਲਮਗੀਰੀ, *ਮਾਖਿਜ਼ਿ ਤਵਾਰੀਖ਼ਿ ਸਿੱਖਾਂ*, ੭੪-੭੫) ।
੬. ਪਾਂਠਾਂਤ੍ਰ—ਕੋ ਤਿਹ ਪ੍ਰਾਨ ਹਰੇ ।

ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ

ਓਥੋਂ ਸਾਹਿਬ ਕਾਂਗੜ ਨੂੰ ਕੂਚ ਕਰ ਗਏ। ਓਥੇ ਜਾਇ ਬੈਂਤ ਚਉਦਾਂ ਸੈ ਉਚਰਤੇ ਭਏ।
ਬਚਨੁ ਕੀਤਾ : "ਜੋ ਕੋਈ ਸਿਖ ਸੀਸੁ ਦੇਵੈ ਸੋ ਅਉਰੰਗੇ ਪਾਸ ਲੈ ਜਾਏ।
ਦਇਆ ਸਿੰਘ ਖਤ੍ਰੀ ਸੋਫਤੀ ਮੁਨਸ਼ੀ ਹਥ ਜੋੜਿ ਖੜੋਤਾ ਆਏ" ॥੫੮੭॥

ਬਚਨ ਕੀਤਾ : "ਅਦਬ ਨਾਲਿ ਪੋਥੀ ਅਉਰੰਗੇ ਦੇ ਹਥਿ ਦੇਣੀ।"
ਤਿਨ ਕਹਿਆ : "ਜੀ ਤੇਰੀ ਕ੍ਰਿਪਾ ਤੇਰੇ ਬਲ ਕਰਿ ਉਸ ਹੈ ਲੈਣੀ।"
ਮੈਂ ਹਾਂ ਜੀਉ ਮਨੁਖ, ਬਲੁ ਹੋਣਾ ਹੈ ਤੇਰਾ। ਸੀਸੁ ਲਗਾ ਪਵਿਤ੍ਰ ਹੋਸੀ ਮੇਰਾ ॥੫੮੮॥

ਸੋ ਲੈ ਕੇ ਦਇਆ ਸਿੰਘ ਓਥੇ ਗਿਆ। ਨਾਉਂ ਕੁਰਾਨੁ ਧਰਿ ਸਿਰ ਤੇ ਰਖਿ ਲਿਆ।
ਨੀਲੇ ਕਪੜੇ ਪਾਇ, ਬਣ ਗਿਆ, ਮੱਕੇ ਦਾ ਹਾਜੀ।
ਹੈਸੀ ਮੁਨਸ਼ੀ ਪੜ੍ਹਿਆ ਹੋਇਆ, ਜਬਾਬੁ ਸੁਆਲ ਨਿਸੰਗ ਕਰੇ,
ਸੰਗ ਮੁਫਤੀ ਮੁੱਲਾਂ ਕਾਜ਼ੀ ॥੫੮੯॥

ਅਉਰੰਗਾਬਾਦ ਜਾਇ ਪਹੁਤਾ ਅਉਰੰਗੇ ਪਾਸ।
ਕਹਿਆ : "ਖਬਰ ਕਰੋ, ਮੱਕੇ ਸ਼ਰੀਫ ਥੀਂ ਮੈਂ ਕੁਰਾਨ ਆਂਦਾ ਹੈ ਖਾਤਰ ਤਾਸ।"
ਚੋਬਦਾਰ ਜਾਇ ਅੰਦਰ ਕੀਤੀ ਅਰਜ਼।
ਕਹਿਆ : "ਸ਼ਿਤਾਬੀ ਆਵੋ ਲੈ ਅੰਦਰ, ਤਿਸ ਦਾ ਦੇਖਣਾ ਹੈ ਫਰਜ਼" ॥੫੯੦॥

ਅਰਜ਼ ਬੇਗੀਏ ਹੱਥ ਉਠਾਇ ਕੁਰਾਨ ਮੰਗਿਆ।
ਤਿਨ ਕਹਿਆ : "ਮੈਨੂੰ ਹੁਕਮ ਹੈ ਅਪਨੇ ਹੀ ਹਥਿ ਲੇਵੈ ਤਾਂ ਦੇਵਣਾ,
ਇਤ ਕਾਰਣ ਮੈਂ ਸੰਗਿਆ।"
ਅਉਰੰਗੇ ਆਪਣੇ ਹਥ ਸੋ ਲੀਤਾ। ਚੁੰਮ ਚਟਿ ਅੱਖੀਂ ਮੱਥੇ ਤੇ ਧਰਿ,
ਬਡਾ ਅਦਬੁ ਕੀਤਾ ॥੫੯੧॥

ਜਦਿ ਖੋਲ੍ਹਿ ਡਿਠਾ ਤਬ ਮੁਖ ਪਰ ਜ਼ਰਦੀ ਵਰਤ ਗਈ।
ਕਿਆ ਕਹੇ, ਕਿਤਾਬ ਹਿੰਦੂ ਦੀ ਚੁੰਮ-ਚਟਿ ਆਪ ਲਈ।
ਪੜ੍ਹਦਾ ਪੜ੍ਹਦਾ ਵਿਚੇ ਨਿੱਘਰ ਗਿਆ। ਮੂੰਹੋਂ ਬੋਲਣ-ਜੋਗਾ ਮੂਲ ਨ ਰਹਿਆ ॥੫੯੨॥

ਅਗੇ ਸਾਹਿਬ ਨਾਲਿ ਮਹਿਰਮੀ ਸੀ ਆਹੀ। ਫਕੀਰੀ ਦੇ ਜਬਾਬੁ ਸੁਆਲ ਮਾਹੀ।
ਇਕ ਹਾਫਜ਼ ਸੀ ਆਇਆ ਸਾਹਿਬ ਪਾਸ।
ਭੇਜਿਆ ਅਉਰੰਗੇ ਦਾ ਜਬਾਬੁ ਸੁਆਲ ਖਾਸ ॥੫੯੩॥
ਜਬਾਬੁ ਸੁਆਲੁ ਫਕੀਰੀ ਤਿਨ ਬਹੁਤ ਸੀ ਕੀਤਾ।
ਓੜਕ ਹਾਰਿਆ ਸਾਹਿਬ ਦਸਵਾਂ ਪਾਤਿਸ਼ਾਹ ਜੀਤਾ।
ਬਚਨ ਕੀਤਾ : ਅਉਰੰਗਾ ਫਕੀਰੀ ਕਿਆ ਹੈ ਕਰਦਾ ?"
ਤਿਨ ਹਾਫਜ਼ ਕਹਿਆ : "ਜੀ ਬੰਦਗੀ ਬਹੁਤ ਹੈ ਕਰਦਾ ॥੫੯੪॥

ਬੇਰ ਮੱਕੇ ਦੇ ਤਿਨ ਲੈ ਆਂਵਦਾ ਹੈ।"
ਬਚਨ ਕੀਤਾ : "ਅਸੀਂ ਬੇਰ ਮੱਕੇ ਦੇ ਪਛਾਣਦੇ ਹਾਂ।
ਸਾਨੂੰ ਉਹ ਬੇਰ ਦਿਖਾਉ; ਅਸੀਂ ਜਾਣਨੇ ਹਾਂ" ॥੫੯੫॥

ਤਿਨ ਹਾਫਜ਼ ਕਰਾਰ ਕਰਕੇ ਦਿਨਾਂ ਦਾ ਆਦਮੀ ਪਠਾਇਆ।
ਸੋ ਆਦਮੀ ਤੀਰ ਅਉਰੰਗੇ ਦੇ ਆਇਆ।
ਤਿਨ ਸਾਰੀ ਹਕੀਕਤ ਆਣਿ ਜ਼ਾਹਿਰ ਕੀਤੀ।
ਜੇ ਬੇਰ ਮੱਕੇ ਦੇ ਸਾਹਿਬ ਨੂੰ ਦਿਖਾਓ, ਤਾਂ ਅਸਾਂ ਫਕੀਰੀ ਜੀਤੀ ॥੫੯੬॥

ਦਿਨਾਂ ਦਾ ਕਰਾਰ ਕਰਕੇ ਆਦਮੀ ਹੈਸੀ ਪਠਾਇਆ।
ਚਾਹੀਏ ਬੇਰ ਮੱਕੇ ਦਾ ਸਾਹਿਬ ਨੂੰ ਦਿਖਾਇਆ।
ਅਉਰੰਗਾ ਤੋਤਾ ਬਣਿ ਕੇ ਮੱਕੇ ਗਿਆ।
ਸਾਹਿਬ ਹੇਠ ਜਾਇ ਖੜੋਤੇ, ਹਥਿ ਗੁਲੇਲ ਲਿਆ ॥੫੯੭॥

ਜਦਿ ਬੇਰ ਪਾਸ ਸੂਆ ਆਵੈ। ਤਬ ਸਾਹਿਬ ਗੁਲੇਲਾ ਚਲਾਵੈ।
ਬੇਰ ਲੈਣ ਨਹੀਂ ਦੇਵੈ ਅਉਰੰਗੇ ਨੂੰ। ਮਾਰਨ ਗੁਲੇਲਾ ਉਸ ਦੀ ਟੰਗੇ ਨੂੰ ॥੫੯੮॥

ਅੱਠ ਦਿਨ ਅਉਰੰਗਾ ਜਤਨ ਕਰ ਮੁੱਕਾ। ਸਾਹਿਬ ਬੇਰ ਨਾ ਦਿੱਤਾ ਲੈਣ, ਰਿਹਾ ਸੁੱਕਾ।
ਤਿਨ ਮੋੜਿ ਆਦਮੀ ਹਾਫਜ਼ ਤੀਰ ਪਠਾਇਆ।
ਲੈ ਜਬਾਬੁ ਖਾਲੀ ਉਠਿ ਆਇਆ॥੫੯੯॥

ਹੇਠਿ ਬੇਰਿ ਦੇ ਖਲੋਤੇ ਰਹਿਣ ਹਥਿ ਗੁਲੇਲ ਲੈ ਸੂਰੇ।
ਤਬ ਤਿਨ ਹਾਫਜ਼ ਮੱਥਾ ਟੇਕਿ ਸਿਜਦਾ ਕੀਤਾ।
"ਗਰੀਬ ਨਿਵਾਜ਼ ! ਅਸਾਂ ਹਾਰਿਆ ਤੁਸਾਂ ਜੀਤਾ" ॥੬੦੦॥

ਬੰਦਗੀ ਫਕੀਰੀ ਤੁਸਾਡੀ ਹੈ ਪਰਵਾਨੁ ।
ਜਿਨ੍ਹਾਂ ਦੀ ਪਵੇ ਕਬੂਲ, ਕਿਆ ਹਿੰਦੂ ਕਿਆ ਮੁਸਲਮਾਨ ।
ਉਹ ਮਹਿਰਮੀ ਅਉਰੰਗੇ ਨੂੰ ਆਹੀ ।
ਪੋਥੀ ਪੜ੍ਹਨੇ ਨਾਲਿ ਮੂੰਹੁ ਤੇ ਵਰਤ ਗਈ ਸਿਆਹੀ ॥੬੦੧॥

ਓੜਕ ਪੜ੍ਹ ਕੇ ਤਿਨ ਐਸੇ ਕਹਿਆ : "ਪੰਥ ਤਿਸ ਕਾ ਹੋਵਤ ਹੈ ਭਇਆ ?"
ਦਇਆ ਸਿੰਘ ਕਹਿਆ : "ਹਜ਼ਰਤ ਹੂਆ ।"
ਕਹਿਆ : "ਮਰਦ ਕਾਹਲੀ ਹੈ ਕੀਤੀ, ਦੋ ਕੇ ਤੀਨ, ਏਕ ਤੇ ਦੂਆ" ॥੬੦੨॥

ਫੇਰ ਕਹਿਆ : "ਸਚੁ ਕਹੁ, ਖਾਲਸਾ ਪੈਦੇ ਹੋਇਆ ?"
ਤਿਨ ਕਹਿਆ : "ਜੀ ਯਹੀ ਖਾਲਸਾ ਜੋ ਸਨਮੁਖ ਖੜੋਇਆ ।"
ਦਇਆ ਸਿੰਘ ਜੋ ਜਜ਼ਬੇ ਨਾਲਿ ਕਹਿਆ;
ਦੇਖ ਕੇ ਰੂਪ ਜਲਿ ਬਲਿ ਕੋਇਲਾ ਹੋਇ ਗਿਆ ॥੬੦੩॥

ਫੁਰਮਾਇਆ : "ਈਂ ਰਾ ਕਤਲ ਮੇਕੁਨਮ ।" ਦਿਤਾ ਜਨਮ ਦਿਤਾ ਸੀਸੁ ਰਹਿਮ।
ਦਿਨ ਚਾਲੀ ਤਿਸ ਅੰਦਰ ਪੜ੍ਹਦਾ ਰਹਿਆ।
ਬਾਹਰਿ ਤਦ ਨਿਕਲਿਆ, ਜਦਿ ਮਰਿ ਗਇਆ ॥੬੦੪॥

ਦਇਆ ਸਿੰਘ ਨੂੰ ਸਾਹਿਬ ਅਉਰੰਗਾਬਾਦ ਪਠਾਇਆ ॥
ਅਤੇ ਮੇਵੜਾ ਹੁਕਨਾਂਵਾ ਦੇ ਕੇ ਕਾਬਲ ਸਿਖਾਂ ਪਾਸ ਭਿਜਵਾਇਆ ॥੬੦੫॥

ਮਹਿਮਾ ਪ੍ਰਕਾਸ਼ (੧੭੭੬ ਈ.)
ਸਾਖੀ ੧੯
ਆਗੇ ਸਾਖੀ ਦੈਆ ਸਿੰਘ ਸੋਪਤ ਕੀ ਜਗਿਓਪਵੀਤ ਕੇ ਪ੍ਰਥਾਇ ਨਿਰੂਪਨ ਹੋਏਗੀ:

ਸੋਰਠਾ

ਦਇਆ ਸਿੰਘ ਸੋਪਤ ਜਾਤ ਸਿਆਲਕੋਟ ਤਾ ਕੋ ਵਤਨ।
ਮਹਾਬੀਰ ਸੁਭ ਗਾਤ ਮਨ ਤਨ ਗੁਰ ਅਰਪਨ ਕਰਾ ॥੧॥

ਚੌਪਈ

ਏਕ ਦਿਵਸ ਪ੍ਰਭ ਚਲੇ ਸ਼ਿਕਾਰ।
ਸੰਗ ਬੀਰ ਸਿੰਘ ਸਜੇ ਅਪਾਰ।
ਦੇ ਰਕਾਬ ਪਗ ਹੋਤ ਅਰੂੜ।
ਤਾ ਮੋ ਭਇਓ ਕਾਜ ਇਹ ਗੂੜ ॥੨॥
ਕਮਰ ਕਿਰਪਾਨ ਬੰਧੀ ਖੁਸਮਿਆਨ।
ਹੋਤ ਅਰੂੜ ਅਸੁ ਬਿਛਲਾਨ।
ਨਿਕਸ ਮਿਆਨ ਤੇ ਬਾਹਰ ਪਰੀ।
ਸਤਗੁਰ ਥਾਮ ਲਈ ਤਿਹ ਘਰੀ ॥੩॥
ਸਿਖਨ ਸੋ ਡੋਰਾ ਪ੍ਰਭ ਮਾਗਾ।
ਢੂਢਤ ਸਗਲ ਮਿਲਾ ਨਹੀ ਤਾਗਾ।
ਤਬ ਦਇਆ ਸਿੰਘ ਗੁਰਬਚਨ ਬਿਚਾਰਾ।
ਡੋਰਾ ਮਾਗਤ ਸਤਗੁਰ ਪਿਆਰਾ ॥੪॥
ਜਗਿਓਪਵੀਤ ਉਤਾਰ ਤਿਨ ਦੀਨਾ।
ਲੈ ਸਤਿਗੁਰ ਕਿਰਪਾਨ ਕਾ ਬੰਧਨ ਕੀਨਾ।
ਗਏ ਸ਼ਿਕਾਰ ਬਨ ਕਰਾ ਬਿਹਾਰ।
ਫਿਰਿ ਆਏ ਗ੍ਰਿਹ ਸਤਗੁਰ ਕਰਤਾਰ ॥੫॥

ਦੋਹਰਾ

ਸਭ ਸਿਖਨ ਦਇਆ ਸਿੰਘ ਕੋ ਕਹਾ ਬਹੁ ਬਿਧ ਸਮਝਾਇ।
ਜਗਿਓਪਵੀਤ ਧਾਰੋ ਗਰੇਰੇ ਗੁਰ ਸਿਖ ਗੁਰਭਾਇ ॥੬॥

ਦੋਹਰਾ

ਦਇਆ ਸਿੰਘ ਮਾਨੇ ਨਹੀ ਇਉ ਭਾਖੇ ਬਚਨ ਬਿਨੀਤ।
ਮੈ ਅਰਪਨ ਸਤਗੁਰ ਕੋ ਕਰਾ ਅਮਰ ਅਜਰ ਭਇਆ ਮੀਤ॥੭॥

ਚੌਪਈ

ਗਏ ਸਿਖ ਸਭ ਸਤਿਗੁਰ ਪਾਸਿ।
ਮਾਥਾ ਟੇਕ ਕਰੀ ਅਰਦਾਸ।
ਹੇ ਪ੍ਰਭ ਦਇਆ ਸਿੰਘੁ ਨਹੀ ਮਾਨੇ।
ਵਹ ਤੋ ਅਪਨੋ ਹੀ ਮਤ ਠਾਨੇ॥੮॥
ਸ੍ਰੀ ਮੁਖ ਸਤਿਗੁਰ ਬਚਨ ਬਿਖਾਨਾ।
ਪਹਿਰਾਵੋ ਤੁਮ ਸਿਖ ਸੁਜਾਨਾ।
ਜਿਉ ਪਹਿਰੇ ਤਿਉ ਜਾਇ ਪਹਿਰਾਵੋ।
ਅਪਨੀ ਓਰ ਤੇ ਭੈ ਦਿਖਰਾਵੋ॥੯॥
ਸਿਖਨ ਜਾਇ ਬਹੁਤ ਸਮਝਾਇਆ।
ਅਉ ਮੁਖ ਤੇ ਯਹ ਬਚਨ ਸੁਨਾਇਆ।
ਹਮਰੋ ਕਹਾ ਮਾਨ ਯਹ ਲੀਜੇ।
ਜਗਿਓਪਵੀਤ ਕੋ ਧਾਰਨ ਕੀਜੈ॥੧੦॥

ਦੋਹਰਾ

ਦਇਆ ਸਿੰਘ ਉਤਰ ਦੀਓ ਸੁਨੋ ਸਿਖ ਸੁਰ ਗਿਆਨ ।
ਮਨ ਤਨ ਤੇ ਅਰਪਨ ਕੀਓ ਮੈਂ ਗੁਰ ਕੇ ਬਿਦਮਾਨ ॥੧੧॥

ਚੌਪਈ

ਦਇਆ ਸਿੰਘ ਨੇ ਜੋ ਮੁਖ ਭਾਖਾ।
ਸਭ ਸਿਖਨ ਜਾਇ ਸਤਗੁਰ ਸੌ ਆਖਾ।
ਸੁਨ ਇਹ ਬਚਨ ਸਤਗੁਰ ਮੁਸਕਾਨੇ
ਸਿਖਨ ਪ੍ਰਤ ਇਉ ਕਹਿਓ ਬਿਖਾਨੇ॥੧੨॥
ਦਇਆ ਸਿੰਘ ਕਉ ਲੇਹੁ ਬੁਲਾਇ।
ਮੈ ਓਸ ਕੌ ਦੇਵੋ ਸਮਝਾਇ।
ਸਿਖਨ ਜਾਇ ਕਹੀ ਯਹ ਥਾਤ।
ਤੁਮੈ ਬੁਲਾਵਤ ਹੈ ਜਗ-ਤਾਤ॥੧੩॥
ਦਇਆ ਸਿੰਘ ਸੁਨ ਭਏ ਉਠਿ ਖੜੇ।
ਸਤਗੁਰ ਕੇ ਆ ਚਰਨਨ ਪੜੇ।
ਹਾਥ ਜੋੜ ਕਰੀ ਅਰਦਾਸ।
ਹੇ ਦਿਆਲ ਹਉ ਤੇਰਾ ਦਾਸ॥੧੪॥
ਬੋਲੇ ਸਤਿਗੁਰ ਪਰਮ ਗਿਆਨੀ।

ਜੋ ਸਿਖਨ ਕਹੀ ਤੁਮ ਕਿਉ ਨਹੀ ਮਾਨੀ।
ਦਇਆ ਸਿੰਘ ਇਉ ਬਿਨਤੀ ਕਰੇ।
ਸਤਗੁਰ ਚਰਨ ਹਿਰਦੇ ਮੋ ਧਰੇ॥੧੫॥
ਹੇ ਪ੍ਰਭ ਸ੍ਰੀ ਮੁਖ ਬਚਨ ਤੁਮਾਰਾ।
ਆਸਾ ਕੀ ਵਾਰ ਮੋ ਲਿਖਿਓ ਸੁਧਾਰਾ।
ਬਚਨ ਸ੍ਰੀ ਮੁਖਵਾਕ ਆਸਾ ਕੀ ਵਾਰ ਕੋ ਸਲੋਕ ਕੀ ਤੁਕ।
ਨਾਨਕ ਸਚੇ ਨਾਮ ਬਿਨੁ ਕਿਆ ਟਿਕਾ ਕਿਆ ਤਗੁ।
ਯਹ ਬਿਨਤੀ ਸੁਨ ਸਤਗੁਰ ਮਗਨਾਨੇ।
ਕਰ ਕਿਰਪਾ ਇਹੁ ਬਚਨ ਬਿਖਾਨੇ॥੧੬॥

ਦੋਹਰਾ

ਸਤਗੁਰ ਜੀ ਸ੍ਰੀ ਮੁਖ ਕਹਿਓ ਬਡੋ ਸਿਖ ਦ੍ਰਿੜ ਗਿਆਨ।
ਯਾ ਕੇ ਮਨ ਚਿਤ ਮੋ ਸਦਾ ਗੁਰ ਕੀ ਭਗਤ ਪ੍ਰਮਾਨ॥੧੭॥

ਫਿਰ ਗੁਰੂ ਜੀ ਸਾਹਿਬ ਸ੍ਰੀ ਮੁਖ ਬਚਨ ਕੀਆ ਕਿ ਜੋ ਕੋਈ ਕਿਸੀ ਕੋ ਕਹੈ ਕਿ ਜਨੇਊ ਉਤਾਰ ਉਸ ਕੋ ਭੀ ਤਨਖਾਹਿ ਅਰੁ ਜੋ ਕੋਈ ਕਹੈ ਕਿ ਜਨੇਊ ਪਾਉ ਉਸ ਕੋ ਭੀ ਤਨਖਾਹ ।

ਸਾਖੀ ਪੂਰਨ ਹੋਈ ੨੨੭

ਸ੍ਰੀ ਵਾਹਿਗੁਰੂ ਮੁਖ ਕਰੋ ਉਚਾਰ ।
ਹੋਇ ਦਿਆਲ ਕਰ ਲਏ ਉਧਾਰ ।

ਸਾਖੀ ੨੯
ਆਗੇ ਸਾਖੀ ਦਇਆ ਸਿੰਘ ਕੋ
ਪਾਤਸਾਹ ਆਲਮਗੀਰ ਪਾਸ ਭੇਜਨੇ ਕੀ ਨਿਰੂਪਨ ਹੋਇਗੀ

ਦੋਹਰਾ

ਦਇਆ ਸਿੰਘ ਕੋ ਸਤਗੁਰ ਕਹਾ ਪਾਤਸਾਹ ਪੈ ਜਾਉ ।
ਸਉਕ ਨਾਮਾ ਮੇਰਾ ਉਸ ਦੀਜੀਏ ਅਰੁ ਜਬਾਬ ਲੇ ਆਉ ॥੧॥

ਬੈਤ

ਦਇਆ ਸਿੰਘ ਕੋ ਸੌਕਨਾਮਾ ਦੀਆ।
ਸ੍ਰੀ ਸਤਗੁਰੂ ਹੁਕਮ ਐਸੇ ਕੀਆ॥੨॥
ਮੁਸਲਹ ਤੂੰ ਦਰਬਾਰ ਮੋ ਜਾਈਓ।
ਸੌਕਨਾਮੇ ਕੋ ਉਸੇ ਦਿਖਲਾਈਓ॥੩॥
ਜੌ ਲੈ ਮੁਹਬਤ ਸੌ ਤੋ ਦੀਜੀਓ।
ਨਹੀ ਆਪਨੇ ਪਾਸ ਰਖਿ ਲੀਜੀਓ॥੪॥
ਨਹੀਂ ਹਾਥ ਸੇ ਉਸ ਕੋ ਕਰਨਾ ਸਲਾਮ।
ਗੁਰੂ ਕੀ ਫਤੇ ਮੂਹ ਸੇ ਕਹਨਾ ਮੁਦਾਮ॥੫॥
ਤਬੀ ਸਾਹ ਪੈ ਅਵਰੰਗਾਬਾਦ ਮੋ।
ਕਰਤੇ ਜਰ ਕੀ ਤਹਸੀਲ ਔ ਸਾਦ ਮੋ॥੬॥

ਚੌਪਈ

ਦਇਆ ਸਿੰਘ ਇਹ ਬਾਤ ਬਿਚਾਰਾ।
ਹੁਕਮ ਕੀਆ ਸਤਗੁਰ ਕਰਤਾਰਾ।
ਅਬ ਮੈ ਪਾਤਸਾਹਿ ਪੈ ਚਲੋ।
ਸਉਕਨੇਮਾ ਦੇ ਉਸ ਕੋ ਮਿਲੋ॥੭॥
ਦਇਆ ਸਿੰਘ ਨੇ ਮਾਰਗ ਲੀਆ।
ਕੇਤੇ ਦਿਨ ਮੋ ਪਹੁਚਨ ਕੀਆ।
ਪਾਤਸਾਹਿ ਦਰਵਾਜੇ ਗਏ।
ਚੋਪਦਾਰ ਸੌ ਬਚਨ ਇਮ ਕਹੇ॥੮॥
ਹਮ ਸਤਗੁਰ ਕੇ ਭੇਜੇ ਆਏ।
ਪਾਤਸਾਹ ਪੈ ਦੇਹੁ ਜਨਾਏ।
ਹਮ ਸਉਕਨਾਮਾ ਸਤਗੁਰ ਕਾ ਲਿਆਏ।

ਸਤਿਗੁਰ ਜੀ ਇਮ ਹੁਕਮ ਫੁਰਮਾਏ॥੯॥

ਦੋਹਰਾ

ਚੋਪਦਾਰ ਤਾ ਸੋ ਕਹਾ ਸਉਕਨਾਮਾ ਮੋਹਿ ਦੇਹੁ।
ਮੈ ਲੇ ਜਾਉ ਪਾਤਸਾਹਿ ਪਹਿ ਜਬਾਬ ਤੁਮ ਇਸ ਕਾ ਲੇਹੁ ॥੧੦॥

ਚੌਪਈ

ਦਇਆ ਸਿੰਘ ਤਾਂ ਸੋ ਕਹਾ ਇਹੁ ਭਾਖਾ।
ਸਤਿਗੁਰ ਜੀ ਮੋ ਕੋ ਇਮ ਆਖਾ।
ਸਤਿਗੁਰ ਮੋ ਕੋ ਇਹ ਸਮਝਾਈ।
ਔਰ ਹਾਥ ਤੁਮ ਦੇਨਾ ਨਾਹੀ॥੧੧॥

ਬੈਤ

ਤੁਮੇ ਸਾਹਿ ਕੇ ਰੂਬਰੂ ਜਾਈਓ।
ਫਤੇ ਗੁਰੂ ਜੀ ਕੀ ਉਸ ਕਉ ਬੁਲਾਈਓ ॥੧੨॥
ਸਉਕਨਾਮੇ ਕੋ ਦੀਜੀਓ ਸਾਹ ਕੋ।
ਜੋ ਲੇਵੈਗੇ ਓਹੁ ਅਪਨੇ ਨਿਜ ਹਾਥ ਮੋ ॥੧੩॥

ਦੋਹਰਾ

ਚੋਪਦਾਰ ਸਭ ਸਾਹ ਕੋ ਦੀਨਾ ਜਾਇ ਸੁਨਾਇ ।
ਇਕ ਪਾਇਕ ਹੈ ਗੁਰੂ ਕੋ ਹੁਕਮਨਾਮਾ ਲੀਨੇ ਆਇ ॥੧੪॥

ਚੌਪਈ

ਤਬ ਕਹਾ ਸਾਹ ਨੇ ਉਸੇ ਬੁਲਾਉ।
ਸੌਕਨਾਮਾ ਮੁਝ ਕੋ ਦਿਖਲਾਉ।
ਚੋਪਦਾਰ ਤਬ ਬਾਹਰ ਗਇਆ।
ਦਇਆ ਸਿੰਘ ਸੋ ਐਸੇ ਕਹਿਆ॥੧੫॥
ਚਲੀਏ ਭੀਤਰ ਸਿੰਘ ਸੁਜਾਨ।
ਸਤਿਗੁਰ ਰਾਖੀ ਤੁਮਰੀ ਆਨ।
ਦਇਆ ਸਿੰਘ ਤਬ ਭੀਤਰ ਗਏ।
ਫਤੇ ਗੁਰੂ ਕੀ ਮੁਖ ਸੋ ਕਹੇ॥੧੬॥
ਫਤੇ ਬੁਲਾਇ ਹੁਕਮਨਾਮਾ ਦੀਨਾ।
ਪਾਤਸ਼ਾਹ ਨਿਜ ਕਰ ਮੋ ਲੀਨਾ।
ਸੌਕਨਾਮਾ ਪੜ ਭੇਦ ਸਭ ਬੂਝਾ।
ਖੌਫ ਖੁਦਾਇ ਕਾ ਤਬ ਦਿਲ ਸੂਝਾ॥੧੭॥
ਤਬ ਉਠੇ ਸਾਹ ਮਹਲ ਮੋ ਗਏ।
ਉਦਾਸੀਨ ਹੋਇ ਬੈਠੇ ਰਹੇ।
ਪੂਛਾ ਬੇਗਮਾਤੋ ਨੇ ਆਇ।

ਹਜਰਤ ਉਦਾਸੀਨ ਹੈ ਕਾਇ॥੧੮॥
ਗੁਰੂ ਸੌਂਕਨਾਮਾ ਹੈ ਆਇਆ।
ਖਾਦਮ ਅਪਨਾ ਦੇਇ ਪਠਾਇਆ।
ਕਹਾ ਸਾਹ ਤੁਮ ਜਾਨੋ ਨਾਹ।
ਬਾਤ ਭੇਦ ਕੀ ਮੁਸਕਲ ਆਹ॥੧੯॥

ਬੈਤ

ਕਹਾ ਬੇਗਮਾਤੋ ਨੇ ਦੀਜੈ ਬਤਾਇ ।
ਕਉਨ ਭੇਦ ਹੈ ਉਸ ਕਾ ਕੀਜੈ ਉਪਾਇ॥੨੦॥
ਕਹਾ ਉਨੋ ਨੇ ਮਾਗੇ ਹੈ ਚਾਰ ਲਾਲ ।
ਏਹੀ ਬਾਤ ਹੂਈ ਹੈ ਮੁਸ਼ਕਲ ਕਮਾਲ ॥੨੧॥
ਤਬੀ ਇਹ ਸੁਖਨ ਕਹਾ ਨੂਰੇ ਜਹਾਂ।
ਮੇਰੇ ਪਾਸ ਹੈ ਲਾਲੋ ਕੀ ਇਕ ਜਮਾਂ ॥੨੨॥
ਮੇਰੇ ਪਾਸ ਹੈ ਲਾਲੋ ਕਾ ਏਕ ਹਾਰ ।
ਉਸੀ ਸੇ ਦੀਜੈ ਚਾਰ ਉਨ ਕੋ ਨਿਕਾਰ ॥੨੩॥

ਦੋਹਰਾ

ਕਹਾ ਸਾਹ ਤੁਮ ਬੂਝੋ ਨਾਹੀ ਇਹ ਮੁਸਕਲ ਹੈ ਬਾਤ ।
ਹੂਏ ਸ਼ਹੀਦ ਰਨ ਕੇ ਬਿਖੈ ਉਨ ਕੇ ਚਾਰੋ ਤਾਤ ॥੨੪॥

ਚੌਪਈ

ਦੋਇ ਲੜਾਈ ਮੇਂ ਹੈਂ ਮਾਰੇ।
ਦੋਇ ਜਲਾਦੋਂ ਹਾਥ ਪਧਾਰੇ।
ਇਹ ਬਾਤ ਸੁਨ ਬੇਗਮ ਭਈ ਖਮੋਸ।
ਸਾਹ ਕੇ ਦਿਲ ਮੇ ਓਹੀ ਅਫਸੋਸ ॥੨੫॥
ਰਾਤ ਭਈ ਤਬ ਸੋਏ ਸਾਹ।
ਦਰਸਨ ਦੀਨਾ ਬੇ-ਪਰਵਾਹ।
ਸੁਬਹ ਭਏ ਦਰਬਾਰ ਮੇ ਆਇ।
ਦਇਆ ਸਿੰਘ ਕੋ ਲੀਆ ਬੁਲਾਇ ॥੨੬॥

ਦੋਹਰਾ

ਪਾਤਸਾਹ ਤਾ ਸੋ ਕਹੀ ਹਮ ਦਰਸਨ ਸਤਿਗੁਰ ਕੀਨ ।
ਤਬ ਬਚਨ ਸਤਿਗੁਰ ਬਿਚਾਰਿਆ ਦਇਆ ਸਿੰਘ ਪਰਬੀਨ ॥੨੭॥

ਚੌਪਈ

ਦਇਆ ਸਿੰਘ ਤਬ ਬਾਤ ਬਖਾਨੀ।
ਮੋਹਿ ਕਹਿਓ ਇਉ ਸਤਿਗੁਰ ਗਿਆਨੀ।
ਜਬ ਹਮ ਸਾਹ ਭੇਟ ਹੋਇ ਜਾਇ।

ਦੋ ਮੇਂ ਸੇ ਇਕ ਜਾਇ ਬਿਲਾਇ॥੨੮॥
ਤਬ ਉਠ ਕਹਾ ਹਮ ਦੇਹਿ ਨਿਸਾਨੁ।
ਅਪਨੇ ਮਨ ਤੂੰ ਸਚ ਕਰ ਮਾਨ।
ਦਇਆ ਸਿੰਘ ਕਹਾ ਅਚਰਜ ਆਹ।
ਇਹ ਬਾਤ ਨ ਲਗੇ ਮੇਰੇ ਮਨ ਮਾਹ॥੨੯॥

ਦੋਹਰਾ

ਤਬ ਤਾ ਸਿਉ ਉਨ ਇਉ ਕਹੀ ਤੁਮ ਗੁਰ ਹੈ ਏਹ ਭੇਸ।
ਸਜੀ ਤਰਫ ਦਾੜੇ ਬਿਖੇ ਇਕ ਧਉਲਾ ਹੈ ਕੇਸ ॥੩੦॥

ਦੋਹਰਾ

ਦਇਆ ਸਿੰਘ ਇਹ ਬਾਤ ਸੁਨ ਮਨ ਮੋ ਭਈ ਪ੍ਤੀਤ ।
ਇਸ ਦਰਸਨ ਸਤਗੁਰ ਭਇਆ ਇਹ ਅਚਰਜ ਹੈ ਰੀਤ ॥੩੧॥

ਚੌਪਈ

ਪਾਤਸਾਹ ਅੰਦਰ ਉਠ ਗਏ।
ਉਸੀ ਵਖਤ ਸੇ ਮਾਂਦੇ ਭਏ।
ਕਾਲ ਪਾਇ ਤਨ ਦੀਆ ਤਿਆਗਿ।
ਦੋਜਕ ਸੋ ਗਯੋ ਲਾਗੀ ਆਗ॥੩੨॥
ਸੰਤਨ ਕੋ ਦੋਖੀ ਬਡ ਪਾਪੀ।
ਸਾਧਨ ਤਾ ਕੋ ਦੀਓ ਸਰਾਪੀ।
ਦਇਆ ਸਿੰਘ ਸਤਗੁਰ ਪਹਿ ਗਏ।
ਸਾਰੀ ਕਥਾ ਸੁਨਾਵਤ ਭਏ॥੩੩॥

ਸਾਖੀ ਪੂਰਨ ਹੋਈ।

ਸ੍ਰੀ ਵਾਹਿਗੁਰੂ ਮੁਖ ਕਰੋ ਉਚਾਰ।
ਹੋਇ ਦਿਆਲ ਕਰ ਲਏ ਉਧਾਰ।

ਸੁਖਾ ਸਿੰਘ, ਗੁਰਬਿਲਾਸ ੧੭੯੭ ਈ.
ਅਧਿਆਇ ੧੨.

॥ ਚੌਪਈ ॥

ਬੀਤੀ ਨਿਸਾ ਭੋਰ ਹੁਇ ਆਯੋ ॥ ਸ੍ਰੀ ਦਿਨਮਣ ਚਲ ਤਖਤ ਸੁਹਾਯੋ॥
ਪਰਮ ਜੋਤਿ ਸਾਹਿਬ ਸੁਖਦਾਈ ॥ ਬੈਠੇ ਸ੍ਰੀ ਕੇਸਗੜ ਆਈ ॥੧॥

॥ ਦੋਹਰਾ ॥

ਅਧਿਕ ਓਪ ਗੜ ਕੇਸ ਕੀ ਕੋ ਕਬਿ ਸਕੈ ਉਚਾਰ॥
ਸਹਸਾਨਨ ਜੋ ਬਰਨੀਯੈ ਤਊ ਨ ਪਾਵੰਤ ਪਾਰ॥੨॥

॥ ਚੌਪਈ ॥

ਆਦਿ ਸਰੂਪ ਖਾਲਸੇ ਕਾਸੀ ॥ ਅਚੁਤ ਕਹਿਯੋ ਆਪ ਅਬਨਾਸੀ ॥
ਊਚੋ ਅਧਿਕ ਪੱਬ ਬਰ ਭਾਰੀ ॥ ਤਾਪਰ ਤਖਤ ਨਾਥ ਕਾ ਚਾਰੀ ॥੩॥
ਸਹਸ ਨਾਰਿ ਸਰਤਾ ਤਟ ਬਹੈ॥ ਸੁਰ ਨਰ ਜਾਸ ਦਰਸ ਕੋ ਚਹੈ ॥
ਸਾਤਿ ਧੁਜਾ ਅਦਭੁੰਤ ਜਿਹ ਭਾਰੀ ॥ ਸਭ ਸਿਰਿ ਕੇਸ ਕੋਟ ਅਵਤਾਰੀ ॥੪॥
ਆਦਿ ਸਰੂਪ ਖਾਲਸੇ ਬਾਸੀ ॥ ਰਿਧ ਸਿਧ ਕੋਟਕ ਜਿਹ ਦਾਸੀ ॥
ਅਜ ਗੈਬੀ ਜਿਹ ਘੁਰਤ ਨਗਾਰੇ॥ ਨਾਦਿ ਮ੍ਰਿਦੰਗ ਬੰਬ ਘਨ ਭਾਰੇ ॥੫॥
ਬੈਠੇ ਆਨ ਤਹੀ ਮਹਾਰਾਜਾ ॥ ਅਚੁਤ ਅਲਖ ਧਰਨ ਸਿਰਤਾਜਾ ॥
ਸੰਗਤਿ ਕੇ ਸੋਧਨ ਮਹਿ ਆਯੋ ॥ ਅਦਭੁਤਿ ਤਹਾਂ ਚਰਿਤ੍ਰ ਬਨਾਯੋ ॥੬॥
ਤੰਬੂ ਚਾਰ ਅਧਿਕ ਤਹ ਲਾਯੋ॥ ਭਿੰਨ ਭਿੰਨ ਗ੍ਰਿਹ ਦਿਪਤ ਸੁਹਾਯੋ ॥
ਪਾਂਚ ਅਜਾ ਸੂ ਗੁਪਤ ਮਗਾਈ ॥ ਤਾਮੈ ਸੋ ਨਿਸ ਦੀਸ ਬੰਧਾਈ ॥੭॥

॥ ਸਵੈਯਾ ॥

ਸੋ ਨਿਸ ਪਿਆਨ ਬਿਹਾਨ ਭਯੋ ਨਭ ਜਾਤ ਲਟੇ ਤਮ ਚੋਰ ਦੁਰਾਨੇ॥
ਦੁੰਦਭ ਨਾਦ ਸਰੋਜ ਖਿਰੇ ਜਨ ਮੰਜਨ ਕੈ ਚਿਤ ਨਾਮ ਲਗਾਨੇ॥
ਹੋਇ ਸੁਚੇਤ ਦਇਆਨਿਧ ਸਾਹਿਬ ਯਾਬਿਧ ਸੋ ਮੁਖ ਬੈਨ ਬਖਾਨੇ॥
ਆਜ ਬਿਸਾਖ ਅਭੂਤ ਅਹੈ ਦਿਨ ਮੋ ਬਤੀਆ ਸੁਨਿ ਲੇਹੁ ਜਹਾਨੇ ॥੮॥

॥ ਦੋਹਰਾ ॥

ਬੈਸਾਖੀ ਕੇ ਦਰਿਸ ਪਰਿ ਸੰਗਤ ਮਿਲੀ ਅਪਾਰ॥
ਊਚ ਨੀਚ ਰਾਜਾ ਪ੍ਰਜਾ ਦੇਖਤ ਕਈ ਹਜਾਰ॥੯॥

॥ ਚੌਪਈ ॥

ਅਛਲ ਪੁਰਖ ਕੌਤਕ ਇਹ ਕੀਨਾ ॥ ਜਹ ਤਹ ਬੋਲ ਸੰਗਤ ਲੀਨਾ ॥
ਮਿਲੇ ਸਰਬ ਤਹ ਜਾ ਜਬ ਆਈ ॥ ਦਿਪਤ ਜੋਤਿ ਸ੍ਰੀ ਬਦਨ ਸੁਭਾਈ॥੧੦॥
ਸਨਮੁਖ ਸਿੱਖ ਰੂਪ ਹੁਇ ਕੋਈ ॥ ਸੀਸ ਭੇਟ ਦੇਵੈ ਗੁਰ ਜੋਈ॥
ਸੋ ਸੁਨਿ ਅਧਿਕ ਹੁਕਮ ਬਰ ਭਾਰੀ ॥ ਬਿਸਮ ਰੂਪ ਕੰਪੈ ਸੰਸਾਰੀ॥੧੧॥
ਤੀਨ ਬੇਰ ਸ੍ਰੀ ਮੁਖ ਜਬ ਗਾਯੋ ॥ ਹਾਥ ਜੋਰ ਸੇਵਕ ਇਕ ਆਯੋ॥
ਗਹ ਭੁਜ ਤਾਕੀ ਖੜਿਗ ਨਿਕਾਰਿਯੋ ॥ ਤੇਜ ਸਰੂਪ ਅਧਕ ਇਮ ਧਾਰਿਯੋ॥੧੨॥
ਤੰਬੂ ਬੀਚ ਤਿਸੈ ਲੈ ਗਏ ॥ ਖੜਿਗ ਹਾਥ ਤਾਕੈ ਮੱਧ ਦਏ॥
ਝਟਿਕਾ ਅਜਿ ਨਿਜ ਦਯੋ ਕਰਾਈ ॥ ਰੁਧਰ ਪ੍ਰਵਾਹਿ ਚਲਿਯੋ ਤਹਿ ਧਾਈ॥੧੩॥
ਸੋਨਤਿ ਪੁਲਤਿ ਖਗ੍ਰਿ ਲੈ ਹਾਥਾ ॥ ਬਾਹਰ ਆਯੋ ਪੁਨ ਜਗਿ ਨਾਥਾ॥
ਅਵਰ ਸੀਸ ਮਾਗਿਯੋ ਮੁਖ ਆਈ ॥ ਯੌ ਲਖ ਭਰਿਮੀ ਅਧਿਕ ਲੁਕਾਈ॥੧੪॥
ਤੀਨ ਬੇਰ ਸ੍ਰੀ ਮੁਖ ਜਬਿ ਗਾਯੋ ॥ ਸੇਵਕ ਨਿਸਰ ਔਰ ਇਕ ਆਯੋ॥
ਤਾਕੀ ਭੁਜਾ ਪਕਰਿ ਗੁਰਦੇਵਾ ॥ ਲੈ ਗਯੋ ਤੰਬੂ ਮਝ ਅਭੇਵਾ॥੧੫॥
ਝਟਕਾ ਕਰਿਯੋ ਬਹੁਰ ਤਿਨ ਜਾਈ ॥ ਰਤ ਪ੍ਰਵਾਹਿ ਚਲਿਯੋ ਅਤਿ ਧਾਈ॥
ਪਾਂਚ ਸਿਖ ਸਤਿਗੁਰ ਇਮ ਲਿਯਾਯੋ ॥ ਹਾਹਾਕਾਰ ਸਬਦ ਧਰਿ ਛਾਯੋ॥੧੬॥
ਊਚ ਨੀਚ ਸਭ ਹੀ ਨਰਿ ਨਾਰੀ ॥ ਨਿੰਦਾ ਕਰਨ ਲਗੇ ਸੰਸਾਰੀ॥
ਇਨ ਕਹ ਕਹੈ ਸਿਰਰ ਹ੍ਵੈ ਗਯੋ ॥ ਅਜਾ ਸੂਅਨ ਜਿਮ ਸਿਖਨ ਘਯੋ॥੧੭॥
ਜਹਾਂ ਤਹਾਂ ਇਹ ਭਾਂਤਿ ਭਣੀਜੈ ॥ ਅਪਜਸ ਬਿਨਾ ਨਾ ਅਵਿਰ ਸੁਣੀਜੈ॥
ਸਭਿ ਮਿਲਿ ਲੋਗ ਜੁ ਐਸ ਬਖਾਨੈ ॥ ਸੂਖਮ ਸਾਂਗ ਨ ਜੀਵ ਪਛਾਨੈ॥੧੮॥
ਕਾਲੀ ਆਗਮ ਕਹੈ ਬਰ ਭਾਰੀ ॥ ਇਨ ਪੈ ਗਯੋ ਨ ਪ੍ਰਗਟ ਸਹਾਰੀ॥
ਪੁਲਟਿ ਪਰੀ ਇਨ ਪੈ ਸੁ ਭਵਾਨੀ ॥ ਤਾਂਤੇ ਇਨਕੀ ਮਤਿ ਬਉਰਾਨੀ॥੧੯॥
ਪ੍ਰਿਥਮ ਮਸੰਦ ਸਕਲ ਇਨ ਜਾਰੇ ॥ ਪੈ ਸੁ ਅਜਾ ਜਿਮ ਸਿੱਖ ਸੰਘਾਰੇ॥
ਅਵਰ ਭੇਦ ਯਾ ਮੈ ਨਹੀ ਕੋਈ ॥ ਦੂਖਨ ਦੇਵ ਪ੍ਰਗਟ ਇਹ ਹੋਈ॥੨੦॥
ਰੂਪ ਅਨੂਪ ਗੁਰੂ ਅਵਤਾਰੀ ॥ ਕੋ ਇਸ ਪਠਤਰ ਕਹੈ ਸੁ ਧਾਰੀ॥
ਧੀਰਜ ਸਿੰਘ ਅਨਲ ਪ੍ਰਤਾਪਾ ॥ ਸਗਲ ਜਗਤ ਜਾਪਤ ਇਸ[7] ਜਾਪਾ॥੨੧॥
ਹੈ ਇਹ ਚੰਡਿਨ ਪੂਜਤ ਭਾਈ ॥ ਰਾਜ ਕਰਤ ਜਗ ਮੈ ਅਰਿ ਘਾਈ॥
ਰਿੱਧ ਸਿੱਧ ਲਖ ਅਨਿਕ ਪ੍ਰਕਾਰਾ ॥ ਜਰ ਨਹੀ ਸਕਿਯੋ ਸੁ ਕਹੈ ਬਿਚਾਰਾ॥੨੨॥
ਬ੍ਰਹਮਾ ਬਿਸਨ ਦੇਵ ਗਣ ਸਾਰੇ ॥ ਅਗ ਕਾਲਕਾ ਕੌਨ ਬਿਚਾਰੇ॥
ਕਹਾ ਭਯੋ ਭੀ ਪ੍ਰਗਟ ਭਵਾਨੀ ॥ ਕਰ ਮਹਿ ਦਈ ਜੁ ਕਲਤ ਕ੍ਰਿਪਾਨੀ॥੨੩॥

॥ ਨਿਰਾਜ ਛੰਦ ॥

ਦਿਪੰਤ ਜੋਤਿ ਜਵਾਲਕਾ ॥ ਕਰਾਲ ਰੂਪ ਕਾਲਕਾ॥
ਅਖੰਡ ਚੰਡ ਕਾਰਣੀ ॥ ਨਿਰੰਜ ਕੋ ਸਹਾਰਣੀ॥੨੪॥
ਗਰੰ ਜੁ ਮੁੰਡ ਮਾਲ ਹੈ ॥ ਬਸੰਤ ਤੁੰਡ ਜਵਾਲ ਹੈ॥
ਧਰੇ ਜੁ ਨਾਗ ਭੂਖਣੰ ॥ ਅਨੇਕ ਦੇਤ ਦੂਖਣੰ॥੨੫॥

॥ ਰਸਾਵਲ ਛੰਦ ॥

ਦਿਪੈ ਜੋਤਿ ਈਹਾ ॥ ਰਟੈ ਬੇਦ ਜੀਹਾਂ ॥
ਬਰੰਚਾਦਿ ਦੇਵਾ ॥ ਡਰੈ ਦੇਖ ਭੇਵਾ ॥੨੬॥
ਦੁਤੰ ਦੇਵ ਭਾਰੀ ॥ ਸਕੈ ਨਾ ਸਹਾਰੀ॥
ਕਰੈ ਯੋ ਬਖਾਨੰ॥ ਨਰੰ ਨਾਰਿ ਜਾਨੰ ॥੨੭॥

॥ ਚੌਪਈ ॥

ਇਹਿ ਬਿਧਿ ਕਹਤ ਸਕਲ ਨਰ ਨਾਰੀ ॥ ਤਦਪ ਸਕੈ ਨ ਤੇਜ ਸਹਾਰੀ॥
ਮਾਤਾ ਤੀਰ ਲੋਕ ਇਕ ਜਾਹੀ ॥ ਇਹਹਿ ਬਿਧਿ ਬਤਿਯਾ ਬਰਨ ਸੁਨਾਹੀ॥੨੮॥
ਤਿਲਕੁ ਪੌਤ੍ਰ ਭਾਲ ਸੁ ਦੀਜੈ ॥ ਇਨਕੋ ਇਕ ਜਾ ਪਕਰ ਬਠੀਜੈ॥
ਨਾਥ ਚਰਿਤ੍ਰ ਨਾਥ ਹੀ ਜਾਨਤ ॥ ਅਵਰ ਜੀਵ ਅਸ ਬਾਤ ਪ੍ਰਮਾਨਤ॥੨੯॥
ਉਤ ਲੋਗਨ ਇਹ ਭਾਤਿ ਬਖਾਨੋ॥ ਇਤ ਮਹਾਰਾਜ ਐਸ ਗਤ ਠਾਨੋ॥
ਨਿਸਰੇ ਤਹ ਤੰਬੂ ਤੇ ਧਾਈ ॥ ਪਾਂਚੋ ਪਿਯਾਰਨ ਸਾਥ ਮਿਲਾਈ॥੩੦॥
ਤਿਨਕੋ ਹਾਥ ਹਥਿ ਨਿਜ ਧਾਰੀ ॥ ਬੈਠੇ ਆਨਿ ਤਖਤ ਅਵਤਾਰੀ॥
ਨਿਰਖ ਚਰਿਤ੍ਰ ਸਕਲ ਨਰ ਨਾਰੀ॥ ਤਾਹੀ ਬਦਨ ਕਹਿ ਯੋਪ ਸੁਆਰੀ॥੩੧॥
ਆਯੁਧ ਭੂਖਣ ਬਸਤ੍ਰ ਮਗਾਏ॥ ਨਿਜ ਹਾਥ ਉਨਕੋ ਪਹਰਾਏ॥
ਕਰਿਣਾ ਦ੍ਰਿਸਟਿ ਤਵਨ ਪਰ ਧਾਰੀ ॥ ਆਪ ਸਮਾਨ ਕਰੇ ਸਿੰਗਾਰੀ॥੩੨॥
ਅਪਨੇ ਠਾਢ ਅਗ੍ਰ ਸਭ ਕੀਨੇ ॥ ਅੰਮ੍ਰਿਤ ਓਰ ਨੈਨ ਚਿਤ ਦੀਨੇ॥
ਬਾਰਦ ਬਾਰ ਅਛੂਤ ਮੰਗਾਈ ॥ ਲੀਨੋ ਬੀਚ ਸੁ ਤਾਸ ਪਵਾਈ॥੩੩॥

॥ ਮਧੁਭਾਰ ਛੰਦ ॥

ਹ੍ਵੈ ਕਰ ਉਦਾਸ ॥ ਖਾਲਸ ਪ੍ਰਗਾਸ ॥ ਕਰਣਾ ਅਗਾਰ ॥ ਸਤਿਗੁਰ ਦਿਯਾਰ॥੩੪॥
ਆਗਿਆ ਅਕਾਲ ॥ ਮਾਨੀ ਬਿਸਾਲ ॥ ਦੇਵੀ ਚਰਿਤ੍ਰ॥ ਉਰ ਧਰਿ ਬਚਿਤ੍ਰ॥੩੫॥
ਨਿਜ ਜੋਤਿ ਧਾਰ ॥ ਕੀਨੋ ਦਿਯਾਰ ॥ ਅਸਧੁਜ ਜੁ ਪੰਥ ॥ ਦੈ ਸਰਬ ਸੰਥ॥੩੬॥
ਪੜ ਕਰ ਸੁ ਮੰਤ੍ਰ ॥ ਨਾਨਾ ਇਕੰਤ੍ਰ ॥ ਕਰ ਸੁਧ ਬੁਧ ॥ ਭਯੋ ਪੂਰ ਸੁਧ॥੩੭॥

॥ ਦੋਹਰਾ ॥

ਰਾਮ ਕੁਇਰ ਬੂਢੇ ਸੁਮਤਿ ਯੌਂ ਮਾਤਾ ਜੀ ਤੀਰ ॥
ਨਖ ਸਿਖ ਕਥਾ ਦਿਆਲ ਕੀ ਬਰਨੀ ਸੁਖਦ ਸਰੀਰ ॥੩੮॥
ਤਾਂਤੇ ਮਾਤਾ ਆਨ ਕਰ ਦੀਸ ਪਤਾਸੇ ਡਾਰਿ ॥
ਖੁਸੀ ਭਯੋ ਜਗਤੇਸ ਜੂ ਐਸੋ ਚਰਿਤ੍ਰ ਨਿਹਾਰ ॥੩੯॥

॥ ਚੌਪਈ ॥

ਮਾਤਾ ਗਈ ਧਾਮ ਨਿਜ ਮਾਹੀ ॥ ਖੁਸੀ ਭਯੋ ਸਤਿਗੁਰ ਬਰਿ ਆਹੀ॥
ਜਿਤਕ ਸੰਗ ਤਾਹੀ ਤਿਹ ਥਾਨੈ ॥ ਧੰਨਿ ਧੰਨਿ ਮੁਖ ਬਚਨ ਬਖਾਨੈ॥੪੦॥
ਇਹ ਮਾਤਾ ਕੀਨੋ ਉਪਕਾਰਾ ॥ ਜਾਨਿ ਖਾਲਸਾ ਆਦਿ ਕੁਮਾਰਾ॥
ਤਾਤੇ ਧੰਨਿ ਸੁ ਮਾਤ ਭਵਾਨੀ ॥ ਜਲ ਥਲ ਜਾਕੀ ਜੋਤਿ ਸਮਾਨੀ॥੪੧॥
ਸੁਨ ਅਬ ਜਨਮ ਖਾਲਸੇ ਜੂਕਾ ॥ ਹਰਿਆ ਹੋਰ ਜਨਮ ਕਿਤ ਸੂਕਾ॥
ਅੰਮ੍ਰਿਤ ਸਤਿਗੁਰ ਕੀਸ ਤਿਯਾਰਾ ॥ ਪੁਨ ਅਰਿਦਾਸ ਕਰੀ ਬਿਸਤਾਰਾ॥੪੨॥
ਠਾਢ ਭਏ ਪ੍ਰਭ ਕਮਰ ਛਕਾਈ ॥ ਤਿਨ ਪਾਂਚਨ ਕੋ ਅਗ੍ਰ ਸੁ ਆਈ ॥
ਪੜ ਸਲੋਕ ਮੁਖ ਅਮੀ ਪਿਆਵੈ ॥ ਵਾਹਿਗੁਰੂ ਮੁਖ ਬੋਲ ਬੁਲਾਵੈ॥੪੩॥
ਪੰਚਨ ਕੋ ਐਸੀ ਬਿਧਿ ਦੀਨੋ ॥ ਵਾਸੀ ਨਾਮ ਪੂਛ ਸਭਿ ਲੀਨੋ॥
ਪ੍ਰਿਥਮੈ ਸੋ ਕਹ ਨਾਮ ਕੇ ਵਾਸੀ ॥ ਤਿਨ ਯੌਂ ਕਹਿਯੋ ਸਾਥ ਅਬਿਨਾਸੀ॥੪੪॥
ਵਾਸੀ ਮੋਰ ਲਹੌਰ ਦਿਯਾਲਾ ॥ ਨਾਮ ਦਯਾ ਸਿੰਘ ਦਾਸ ਕ੍ਰਿਪਾਲਾ॥
ਮੋਹਕਮ ਸਿੰਘ ਨਾਮ ਦੁਤਿ ਗਾਯੋ ॥ ਵਾਸੀ ਦੁਾਰਾਵਤੀ ਬਤਾਯੋ॥੪੫॥
ਸਾਹਿਬ ਸਿੰਘ ਨਾਮ ਇਨ ਕਹਾ ॥ ਵਾਸੀ ਵਿਦਰ ਦਛਨੈ ਅਹਾ॥
ਚਤੁਰਥ ਧਰਮ ਸਿੰਘ ਅਬਿਨਾਸੀ ॥ ਹਸਤਨ ਪੁਰਾ ਜਵਨ ਕੀ ਬਾਸੀ॥੪੬॥
ਪੰਚਮ ਹਿੰਮਤ ਸਿੰਘ ਜਨਾਯੋ ॥ ਵਾਸੀ ਸ੍ਰੀ ਜਗੰਨਾਥ ਗਿਨਾਯੋ॥
ਇਹ ਪਾਂਚੋ ਪਿਯਾਰੇ ਨਿਜ ਜਾਨ ॥ ਜਿਨ ਕਹ ਪਾਹੁਲ ਦਈ ਨਿਧਾਨ॥੪੭॥
ਪੰਚਨ ਸੋ ਕਹਿ ਮੇਲ ਨ ਕਰੀਯੈ ॥ ਨਾਮ ਦਾਨ ਨਿਸ ਦਿਨ ਉਰ ਧਰੀਯੈ॥
ਮੀਨਾ ਔਰ ਮਸੰਦੀਆ ਜਾਨਿ ॥ ਧੀਰ ਮੱਲ ਰਮੈਯਾ ਜੁ ਆਨ ॥੪੮॥
ਪੰਚਮ ਕੋ ਜਾਨਤ ਤੁਮ ਭ੍ਰਾਤਾ ॥ ਛਪੀ ਨਹੀ ਕਛੁ ਯਾਮੈ ਬਾਤਾ॥
ਇਨ ਸੋ ਮੇਲ ਨ ਕਰੀਯੈ ਭਾਈ ॥ ਕਰਣਾਨਿਧ ਬਿਧ ਇਹ ਫੁਰਮਾਈ॥੪੯॥
ਮੋਰ ਬਚਨ ਸੋ ਕਰਹੁ ਪਿਯਾਰ ॥ ਖੜਿਗ ਕੇਤ ਹ੍ਵੈ ਰਛਕ ਥਾਰ॥
ਝੂਠੇ ਸਰਬ ਉਪਾਵ ਤਿਯਾਗਹੁ ॥ ਸ੍ਰੀ ਅਸਧੁਜ ਕੀ ਚਰਨੀ ਲਾਗਹੁ॥੫੦॥
ਪੋਥੀ ਗ੍ਰਿੰਥਿ ਮਹਿਲ ਦਸ ਬਾਨੀ ॥ ਸੋਧ ਲਹੋ ਪਦਿ ਜੋ ਨਿਰਬਾਨੀ॥
ਸਸਤ੍ਰ ਅਸਤ੍ਰ ਸਿਮਰਹੁ ਬਰਿ ਬੁਧਾ ॥ ਖਲ ਦਲ ਸਾਥ ਕਰਹੁ ਨਿਤ ਜੁਧਾ॥੫੧॥
ਰਾਜ ਜੋਗ ਤੁਮ ਕਹ ਮੈ ਦੀਨਾ ॥ ਪਰਮ ਜੋਤਿ ਸੰਗਿ ਪਰਚੋ ਕੀਨਾ॥
ਸੰਤ ਸਮੂਹਨ ਕੋ ਸੁਖ ਦੀਜੈ ॥ ਅਚਲ ਰਾਜ ਧਰਨੀ ਮਹਿ ਕੀਜੈ॥੫੨॥

ਖਾਲਸ ਕੀ ਚਰਨੀ ਸਭਿ ਲਾਗੋ ॥ ਪਰਿਮ ਜੋਤਿ ਕੇ ਰਸ ਮਹਿ ਪਾਗੋ॥
ਖੜਗ ਗੋਦ ਤੁਮ ਕਹ ਮੈ ਪਾਯੋ ॥ ਭਿੰਨ ਭਿੰਨ ਕਰ ਪੰਥ ਬਤਾਯੋ॥੫੩॥
ਦੇਗ ਤੇਗ ਹੈ ਜੀਤ ਤਿਹਾਰੀ ॥ ਅਸਿ ਧੁਜ ਰਹਤ ਲੇਹੁ ਉਰ ਧਾਰੀ॥
ਮਹਾ ਕਾਲ ਕਾ ਕਰਯੋ ਧਿਯਾਨਾ ॥ ਘਟ ਮੈ ਨਿਰਖੋ ਹਰਿ ਭਗਵਾਨਾ॥੫੪॥
ਤੁਰਕ ਮਲੇਛਨ ਸੋ ਨਹੀ ਮਿਲਨਾ ॥ ਲੈ ਹਥਿਯਾਰ ਸਾਮਨੇ ਪਿਲਨਾ॥
ਇਹ ਬਿਧ ਕੈ ਤਿਨ ਸੋ ਕਰਤਾਰਾ ॥ ਬਰਨੀ ਅਨਿਕ ਰਹਤ ਬਿਸਥਾਰਾ॥੫੫॥
ਸੁਰਨਰ ਨਿਰਖ ਚਰਿਤ੍ਰ ਸੁ ਸਾਰਾ ॥ ਬਿਸਮੈ ਭਯੋ ਸਕਲ ਸੰਸਾਰਾ॥
ਕੌਨ ਚਰਿਤ੍ਰ ਠਵਰ ਇਹ ਕੈ ਹੈ ॥ ਦੋ ਤੋ ਤੀਨ ਪੰਥ ਕਰਿ ਲੈ ਹੈ॥੫੬॥
ਆਦਿ ਅਨੰਤ ਗੁਰੂ ਅਵਤਾਰੀ ॥ ਸਰਬ ਕਲਾ ਕਰਮੈ ਇਹ ਧਾਰੀ॥
ਜੋ ਵਹ ਚਲੈ ਸੁ ਬਿਵਤ ਬਨਾਵੈ ॥ ਅਗਿਗਨ ਟਾਰ ਸਤ ਬਡਿਆਵੈ॥੫੭॥

ਕਬਿ ਬਾਚ

॥ ਚੌਪਈ ॥

ਜੋ ਪਦਵੀ ਖਾਲਸ ਗੁਰ ਦੀਨੀ ॥ ਸੁਰ ਨਰ ਆਜ ਲਗੇ ਨਹੀ ਚੀਨੀ॥
ਨਰ ਤੇ ਪਰਮ ਦੇਵ ਬਰਿ ਕੀਨੇ ॥ ਪਰਮ ਜੋਤਿ ਕੇ ਰਸ ਮਹਿ ਭੀਨੇ ॥੫੮॥
ਅਨਹਦ ਧੁਨੀ ਬਜਤ ਨਿਜ ਆਲੈ ॥ ਸੁਰ ਨਰ ਜਾਹਿ ਦਿਸੰਤਰ ਭਾਲੈ॥
ਸੋ ਗ੍ਰਿਹ ਮਹ ਪ੍ਰਿਥਮੈ ਦ੍ਰਿੜ ਕਯੋ ॥ ਪਾਛੇ ਸਰਬ ਪਦਾਰਥ ਲਯੋ॥੫੯॥
ਜੋ ਕੋ ਕਿਸੀ ਦੇਵ ਕਹ ਧਿਯਾਵੈ ॥ ਏਕ ਪਦਾਰਥ ਜਤਨ ਸੁ ਪਾਵੈ ॥
ਇਹ ਤੋ ਦਯਾ ਅਰਨ ਅਵਿਤਾਰੀ ॥ ਚਾਰੋ ਦੇਤ ਨ ਦੇਰ ਬਿਚਾਰੀ॥੬੦॥

॥ ਸਵੈਯਾ ॥

ਜੋ ਧਰਨੀ ਹਰਿਨਾਛ ਹਰੀ ਬਰਿ ਜੀਤ ਜਿਤੈ ਜੁ ਬਿਰਾਹ ਲਿਯਾਯੋ ॥
ਬਾਰ ਇਕੀਸ ਛਤ੍ਰੀਸ ਬਿਦਾਰ ਸੋ ਨੰਦਨ ਦੈ ਭ੍ਰਿਗ ਬਿਪ ਰਿਝਾਯੋ ॥
ਜਾ ਲਗ ਛਤ੍ਰਨ ਦੇਵਨ ਕੇ ਗਨ ਜੂਝਿ ਮਰੇ ਕਛੁ ਪਾਰ ਨ ਪਾਯੋ ॥
ਸੋ ਧਰਨੀ ਗੁਰ ਦੈ ਨਿਜ ਖਾਲਸਾ ਚੱਛ ਤਰੇ ਕਰਿ ਸੀਸ ਨ ਚਾਯੋ॥੬੧॥
ਯੌ ਕਰਿ ਸੀਸ ਤਰੇ ਗੁਰ ਪੂਰਨ ਮੈ ਇਨਕੌ ਇਹ ਥੋਰ ਸੁ ਦੀਨੋ ॥
ਮੋ ਸਰਨਾਗਤ ਜੋ ਸੁ ਪਰੈ ਤਿਹ ਕੌਨ ਕਮੀ ਮਨ ਮੈ ਤੁਮ ਚੀਨੋ ॥
ਰਿਧ ਸੁ ਸਿਧ ਸਭੈ ਨਿਜ ਸੰਪਤ ਮੋ ਪਦ ਤੰਜ ਸੁ ਆਹਿ ਅਧੀਨੋ ॥
ਮੈ ਸੁ ਦਯੋ ਇਨਕੋ ਸੁ ਅਛੈ ਪਦੁ ਜਾਹਿਨਿ ਪਾਵਤ ਹੈ ਪੁਰ ਤੀਨੋ ॥੬੨॥

॥ ਚੌਪਈ ॥

ਸਤਿਜੁਗ ਸਤਿ ਕ੍ਰਿਤ ਜਬ ਕੀਨੇ ॥ ਕੇਵਲ ਰਾਜ ਅਮਰਪੁਰ ਲੀਨੇ॥
ਬਲਿ ਬਾਵਨ ਤੇ ਦੇਹਿ ਮਿਨਾਈ ॥ ਰਾਵਨ ਸੀਸ ਈਸ ਦੈ ਪਾਈ॥੬੩॥

ਭੋਜ ਦਿਲੀਪ ਕਿਧੋ ਨਲ ਰਾਈ ॥ ਬਡ ਤਪਸਾ ਕਰਿਕੈ ਗ੍ਰਹ ਆਈ॥
ਪਾਰਥ ਨ੍ਰਿਪ ਰਣ ਲੈਣ ਸੰਧਾਰੇ ॥ ਕ੍ਰਿਸਨ ਪੱਖ ਕੀਨੋ ਨਿਰ ਧਾਰੇ॥੬੪॥
ਜਦਪਤ ਅਧਿਕ ਕ੍ਰਿਪਾ ਜਬ ਕੀਨੀ ॥ ਤਬ ਯਹਿ ਛੀਨ ਤਵਨ ਨਹ ਦੀਨੀ॥
ਪੰਡ ਸੁਤਨ ਤੇ ਅਗ੍ਰ ਸਿਧਾਈ ॥ ਤੁਰਕ ਮਲੇਛਨ ਪੈ ਤਬ ਆਈ॥੬੫॥
ਕੋਟ ਜਤਨ ਮਹਿ ਦੀਨ ਸੁ ਕੀਨੇ ॥ ਸਿਵ ਰਿਝਾਇ ਜਗਿ ਰਾਜ ਸੁ ਲੀਨੇ॥
ਆਵਾਗਵਨ ਨ ਸਿਰ ਤੇ ਟਲਾ॥ ਕਾਲ ਦੰਡ ਸਿਰਿ ਊਪਰ ਖਲਾ॥੬੬॥
ਸੋ ਅਵਨੀ ਸਤਿਗੁਰ ਕਰਤਾਰਾ ॥ ਸਿਰੇ ਪਾਉ ਦੇ ਇਨੈ ਬਿਹਾਰਾ॥
ਮੈ ਇਨ ਕੇ ਇਹ ਅਲਪ ਸੁ ਦੀਨੋ ॥ ਯੌ ਕਹ ਤਰੇ ਨੈਨ ਕਰ ਲੀਨੋ॥੬੭॥
ਕਿਯੋ ਨਹੀ ਕਹੈ ਨਾਥ ਅਵਤਾਰੀ ॥ ਕੋਟ ਤਖਤ ਜਿਹ ਚਰਨ ਮਜਾਰੀ॥
ਰਾਜ ਜੋਗ ਅਰੁ ਭੋਗ ਹਜਾਰਾ ॥ ਇਨ ਚਰਨਨ ਮੈ ਦਾਸ ਨਿਹਾਰਾ॥੬੮॥
ਸੁਰਗ ਰਾਜ ਬੈਕੁੰਠ ਬਨੀਜੈ ॥ ਏ ਪਦ ਉਨਤੇ ਪਰੇ ਲਹੀਜੈ॥
ਸੋ ਜਾਨਤ ਜਿਹ ਗੁਰਮੁਖ ਗਾਯੋ ॥ ਅਚੁਤ ਸੁਖ ਮੈ ਜਾਇ ਸਮਾਯੋ॥੬੯॥

॥ ਦੋਹਰਾ ॥

ਸਿਧ ਨਾਥ ਮੁਨ ਜਨ ਅਧਪ ਸਕਤ ਨ ਜਾਕੋ ਪਾਇ॥
ਚਾਰ ਪਦਾਰਥ ਸੁਧਾ ਜੁਤ ਇਨ ਪ੍ਰਭ ਦੀਏ ਉਠਾਇ॥੭੦॥
ਸੁਰ ਨਰ ਦੇਵ ਭੁਜੰਗ ਗਣ ਸਕਤ ਨ ਜਾਕੋ ਚੀਨ॥
ਪਰਮ ਜੋਤਿ ਸ੍ਰੀ ਸਤਿਗੁਰੂ ਪ੍ਰਗਟ ਖਾਲਸੇ ਦੀਨ॥੭੧॥

॥ ਸੋਰਠਾ ॥

ਸੰਤਨ ਕਾਜ ਸਹਾਇ ਪਰਮ ਪੁਰਖ ਕੇ ਬਚਨ ਤੇ ॥
ਕ੍ਰਿਪਾਸਿੰਧ ਹਰਿ ਰਾਇ ਪ੍ਰਗਟ ਕਰਿਯੋ ਸ੍ਰੀ ਖਾਲਸਾ ॥੭੨॥

॥ ਸਵੈਯਾ ॥

ਆਪ ਸਿੰਘਾਸਨ ਤੇ ਗੁਰ ਪੂਰਨ ਠਾਢ ਭਯੋ ਮਨ ਆਨੰਦ ਪਾਈ ॥
ਆਪਨ ਠੌਰ ਉਨੈ ਕਰਿ ਗੌਰ ਸੁ ਆਦਰ ਸੌ ਕਹਿ ਦੀਸ ਬਿਠਾਈ ॥
ਅੰਮ੍ਰਿਤ ਕਾਜਿ ਗਰੀਬ ਨਿਵਾਜ ਸੁ ਆਪ ਖਰੇ ਜੁਗ ਹਾਥ ਮਿਲਾਈ ॥
ਭੂਖਨ ਚੀਰ ਹਥੀਯਾਰਿ ਦਿਪੈ ਬਰਿ ਜਾ ਉਪਮਾ ਬਰਿਨੀ ਨਹੀ ਜਾਈ ॥੭੩॥

॥ ਚੌਪਈ ॥

ਬਾਰਜ ਦੋਨੋ ਹਾਥ ਮਿਲਾਈ ॥ ਕਰਿਣਾਸਿੰਧ ਅਧਿਕ ਸੁਖਦਾਈ॥
ਸ੍ਰੀ ਆਨਨ ਯੌ ਬਚਿਨ ਉਚਾਰੇ ॥ ਸੁਨਹੁ ਖਾਲਿਸਾ ਜੂ ਚਿਤ ਧਾਰੇ ॥੭੪॥
ਜਿਯੋ ਪ੍ਰਾਣਦਿ ਤੁਮ ਕਹਿ ਗੁਰ ਦੀਨਾ ॥ ਤਸ ਤੁਮ ਹਮਕੋ ਦੇਹੁ ਪ੍ਰਬੀਨਾ॥
ਯੌ ਸੁਨ ਕਰ ਸਤਿਗੁਰ ਕੀ ਬਾਨੀ ॥ ਪਰਮ ਖਾਲਿਸੇ ਪੂਜ ਬਿਖਾਨੀ ॥੭੫॥

॥ ਸਵੈਯਾ ॥

ਦੀਨ ਕਮੀਨ ਅਧੀਨ ਸਦਾ ਹਮ ਜੰਤ ਅਨਾਥ ਮਹਾ ਬੁਰਿ ਆਰੀ॥
ਕਾਮ ਕ੍ਰੋਧ ਸੁ ਦਾਰਦ ਚੰਪਤਿ ਝੂਠ ਲੋਭ ਪਰੇ ਮਧਿ ਜਾਰੀ॥
ਘੇਰੇ ਹੁਤੇ ਬਿਪਦਾ ਦਲ ਸੰਕਟ ਆਵਨ ਜਾਨ ਸਿਰੂਪਰ ਭਾਰੀ॥
ਅੰਮ੍ਰਿਤ ਪਾਇ ਬਚਾਇ ਲਏ ਮੁਖ ਔਰ ਨਹੀ ਸੁ ਉਕਤ ਹਮਾਰੀ॥੭੬॥
ਅਚੁਤ ਆਦਿ ਅਨੰਤ ਅਸੰਧਰ ਖੋਜਤ ਹੈ ਜਹਿ ਕੋ ਸੁਰ ਰਾਈ॥
ਸਾਤਿ ਅਕਾਸ ਪਤਾਰ ਸੁ ਸਾਤਨ ਰਾਜਤ ਹੈ ਜਿਹ ਕੀ ਪ੍ਰਭ ਤਾਈ॥
ਰਾਜਨ ਇੰਦ੍ਰ ਗੁਬਿੰਦ ਰਣਾਚਲ ਸਾਹਨ ਸਾਹ ਪ੍ਰਭੂ ਸੁਖਦਾਈ॥
ਸ੍ਰੀ ਮੁਖ ਸੌ ਕਸ ਬੋਲਤ ਹੋ ਮੁਹਿ ਅੰਮ੍ਰਿਤ ਦੇਹੁ ਸਭੈ ਤੁਮ ਭਾਈ॥੭੭॥
ਦੀਨ ਸੁ ਜੰਤਨ ਕੇ ਹਮ ਬਾਰਕ ਤੌ ਕਰਨਾ ਕਰਕੈ ਸੁ ਨਵਾਜੇ॥
ਕੰਚਨ ਭੈ ਸੁ ਮਨੂਰ ਹੁਤੇ ਰਵਿ ਜਾਇਕ ਕੇ ਸਭ ਹੀ ਡਰਿ ਭਾਜੇ॥
ਊਚ ਭਏ ਸਭ ਹੀ ਜਗ ਮੈ ਕਰਿ ਆਯੁਧ ਲੈ ਬਸੁਧਾ ਮਧਿ ਗਾਜੇ॥
ਤੌ ਪਦਿ ਪੰਕਜ ਕੇ ਬਲਿ ਤੇ ਪ੍ਰਭ ਜੰਤ ਭਏ ਖੰਡ ਭਾਰਥ ਰਾਜੇ॥੭੮॥
ਤੋ ਕਹ ਅੰਮ੍ਰਿਤ ਦੈਨ ਦਯਾਨਿਧ ਹੈ ਸਮਰਥਿ ਨਹੀ ਜਗਿ ਕੋਈ॥
ਤਬ ਕਰਿਤਾਰ ਦਯਾਨਿਧ ਅਚੁਤ ਤੈ ਤਨ ਭੀਤਰ ਜੋਤਿ ਸਮੋਈ॥
ਪਾਂਚਿ ਰੁਦ੍ਰਾ ਰਸ ਲੋਕ ਸਜੇ ਤੁਵ ਸਿੰਧ ਧਰਾ ਧਰ ਔ ਸਭਿ ਲੋਈ॥
ਤੋਰਿ ਚਰਿਤ੍ਰ ਬਿਚਿਤ੍ਰ ਰਚੇ ਸਭ ਜਾਨ ਲਈ ਬਤਿਯਾ ਹਮ ਓਇ॥੭੯॥
ਦਾਸ ਸਬੈ ਪਦ ਅੰਬੁਜ ਕੈ ਨਿਜ ਲਾਇਕ ਏ ਬਤਿਯਾਂ ਹਮ ਨਾਹੀ॥
ਬਾਰ ਅਨੇਕ ਸੁ ਫੇਰਤ ਹੈ ਬਚ ਜਿਯੋ ਗੁਰਦੇਵ ਕੀ ਆਇਸ ਆਹੀ॥
ਸੋ ਸਿਰਧਾਰ ਕਰੈ ਕਰਤਾਰ ਜਿਸੈ ਮਧ ਦਿਯਾਰ ਪ੍ਰਸੰਨ ਮਹਾਹੀ॥
ਯੌ ਸੁਨ ਕੈ ਤਿਨ ਕੀ ਬਤੀਆ ਗੁਰ ਭੇਦ ਕਹਾ ਸਭ ਛੋਰ ਤਹਾਹੀ॥੮੦॥
ਸ੍ਰੀ ਮੁਖ ਬਾਕ ਖਾਲਸੇ ਪ੍ਰਤਿ ॥

॥ ਚੌਪਈ ॥

ਪੁਨ ਸ੍ਰੀ ਸਤਿਗੁਰ ਬਚਨ ਉਚਾਰੇ॥ ਤਿਨ ਕੇ ਸੋਕ ਦੂਰਿ ਕਰਿ ਡਾਰੇ ॥
ਸੁਨਹੁ ਖਾਲਸ ਬਰ ਕਥਾ ਸੁਨਾਊ ॥ ਤੁਮਰੇ ਚਿਤਿ ਕਾ ਭਰਮਿ ਮਿਟਾਊ ॥੮੧॥

॥ ਦੋਹਰਾ ॥

ਅਚੁਤ ਆਦਿ ਅਨੰਤ ਪ੍ਰਭ ਕਹਿਤ ਅਛੇਦ ਅਭੇਦ ॥
ਜਾਕੋ ਪਾਰਿ ਨ ਪਾਵਈ ਸਿਵ ਬਿਰੰਚ ਅਰੁ ਬੇਦ ॥੮੨॥

॥ ਚੌਪਈ ॥

ਸੋ ਨਿਜ ਆਦਿ ਆਗਾਧਿ ਕਹਾਯੋ ॥ ਜਿਨ ਯਹਿ ਚੌਦਹਿ ਲੋਕ ਬਨਾਯੋ॥

ਰੂਪ ਰੇਖ ਜਾਕਰ ਕਛੁ ਨਾਹੀ ॥ ਏਕ ਅਨੇਕ ਸਕਲਿ ਘਟਿ ਮਾਹੀ॥੮੩॥
ਦੇਵ ਦੈਤ ਜਿਹਿ ਜਛ ਬਨਾਏ ॥ ਕਿੰਨਰ ਨਾਗ ਮਨੁਛ ਉਪਾਏ॥
ਹਿੰਦਵਾਨਾ ਤੁਰਿਕਾਨਾ ਜਾਨੋ ॥ ਇਨਿ ਸਭਿ ਸਾਜ ਜੁਦਾ ਪਹਿਚਾਨੋ॥੮੪॥
ਜਬਿ ਜਬ ਹੋਤ ਅਰਿਸਟਿ ਅਪਾਰਾ ॥ ਤਬਿ ਤਬ ਦੇਹ ਧਰਿਤ ਅਵਿਤਾਰਾ॥
ਦੁਸਿਟ ਅਰਿਸਟਿ ਸੁ ਪ੍ਰਲੈ ਕਰਾਈ ॥ ਪੁਨਿ ਭਗਿਤਨ ਉਰ ਰਹਿਤ ਸਮਾਈ ॥੮੫॥
ਕਲਿਜੁਗ ਘੋਰ ਅਗਮ ਜਬਿ ਭਯੋ ॥ ਸੰਕਰਿ ਬਰਣ ਜਗਿਤ ਹ੍ਵੈ ਗਯੋ॥
ਅਸਿਥਿਤ ਬੁਧਿ ਕਿਸਹੂੰ ਨਾਹੀ ਰਹੀ ॥ ਜਹਾਂ ਤਹਾਂ ਦੁਰਮਤਿ ਬਰਤਈ॥੮੬॥
ਤੁਰਕ ਮਲੇਛ ਬੰਸ ਭਯੋ ਭਾਰੀ ॥ ਕਰੀ ਭ੍ਰਸਟ ਤਿਨ ਸਭ ਸੰਸਾਰੀ॥
ਹਿੰਦਕ ਧਰਿਮ ਰਹਨ ਨਹੀ ਦਯੋ ॥ ਸਰਬ ਮਲੇਛ ਬੰਸ ਹ੍ਵੈ ਗਯੋ॥੮੭॥
ਸੰਤਿ ਗਊ ਕਹ ਇਨੈ ਦੁਖਾਇਸ ॥ ਭਈ ਦੁਰਿਮਤੀ ਕਲਿਜੁਗਿ ਆਇਸ॥
ਧੌਲ ਧਰਮ ਨਹੀ ਸਕਾ ਠਰਾਈ ॥ ਆਕਲ ਬਿਕਲ ਧਰਿਨ ਹ੍ਵੈ ਆਈ॥੮੮॥
ਮਹਾ ਕਾਲ ਕੋ ਧਰਿ ਕਰਿ ਧਿਯਾਨਾ ॥ ਰੋਵਤ ਭਈ ਧਰਿਨ ਬਿਧ ਨਾਨਾ॥
ਤਾਂਕੇ ਦੁਖ ਹਰਬੇ ਕੇ ਕਾਜਾ ॥ ਸੇਵਕ ਪਠਿਯੋ ਗਰੀਬ ਨਵਾਜਾ॥੮੯॥
ਮੈ ਬਹੁ ਭਾਂਤਿ ਬਿਨੈ ਤਿਹਿ ਕਰੀ ॥ ਕਰੁਣਾਸਿੰਧ ਮੁਝੈ ਯੋ ਰਰੀ॥
ਤੁਰਿਕਨਿ ਕੀ ਜਰਿ ਮੈ ਅਬਿ ਮਾਰੀ ॥ ਕਰੌ ਖਾਲਿਸਾ ਪੰਥਿ ਸੁਧਾਰੀ॥੯੦॥
ਆਗੈ ਜੋ ਜੋ ਮੈ ਸੁ ਪਠਾਯੋ ॥ ਮੋਹਿ ਬਿਸਾਰ ਆਪ ਗਰਬਾਯੋ॥
ਤੋਕਹਿ ਰਾਜ ਜੋਗਿ ਮੁਝਿ ਦੀਨਾ ॥ ਭਗਤਨ ਬੰਸ ਸਾਥ ਦ੍ਰਿੜ ਕੀਨਾ॥੯੧॥
ਤੋਹਿ ਪੂਤ ਅਪਨਾ ਮਮ ਸਾਜਾ ॥ ਜਾਕਰ ਕਰਹੁ ਧਰਮ ਕਾ ਕਾਜਾ॥
ਐਸ ਭਾਂਤਿ ਮੁਝਕੋ ਸਮਝਾਯੋ ॥ ਤੌ ਮੈ ਜਗਤ ਜਨਮ ਧਰਿ ਆਯੋ॥੯੨॥

॥ ਦੋਹਰਾ ॥

ਧਰਣੀ ਦੁਖਤ ਬਿਲੋਕ ਕੈ ਕਰਣਾ ਜੋਗਿ ਕਰਤਾਰ ॥
ਰਾਜ ਜੋਗ ਸਿਰ ਛਤ੍ਰ ਦੈ ਸੇਵਕ ਪਠਿਯੋ ਸੁਧਾਰ ॥੯੩॥

॥ ਚੌਪਈ ॥

ਜੋ ਨਿਜ ਮੁਝੈ ਕਹਾ ਕਰਤਾਰਾ ॥ ਸੋ ਸੋ ਕ੍ਰਿਤ ਮੈ ਕਰਾ ਬਿਥਾਰਾ॥
ਆਗੈ ਜੋ ਨਿਜ ਹੁਕਮ ਸੁ ਹ੍ਵੈ ਹੈ ॥ ਸੇਵਕ ਸਕਲ ਨਿਰਖਤਾ ਜੈਹੈ॥੯੪॥
ਤੁਮ ਚਿੰਤਾ ਚਿਤ ਮੈ ਜਿਨ ਕਰੋ ॥ ਭਗਤਨ ਬੰਸ ਚੀਤ ਨਿਜ ਧਰੋ॥
ਮੈ ਆਇਸ ਅਸਿਧੁਜ ਕੀ ਪਾਈ ॥ ਤੁਮ ਕਹ ਲਯੋ ਖੋਜ ਸੁਨ ਭਾਈ॥੯੫॥
ਅਬ ਤੁਮ ਯੌ ਬਤੀਆ ਨਿਜ ਕਰਿਯੈ ॥ ਸ੍ਰੀ ਖਾਲਸ ਕੀ ਸਰਨੀ ਪਰਿਯੈ॥
ਏ ਹੈ ਗੁਰੂ ਖਾਲਸਾ ਆਦੀ ॥ ਹੋਵਤ ਆਯੋ ਆਦਿ ਜੁਗਾਦਿ॥੯੬॥
ਝੂਠ ਉਪਾਵ ਜਗਤ ਕੇ ਤਿਯਾਗਹੁ ॥ ਨਿਸ ਦਿਨ ਯਾਂਕੀ ਚਰਨੀ ਲਾਗਹੁ॥
ਆਦਿ ਅਕਾਲ ਨਾਥ ਕੀ ਮੂਰਤਿ ॥ ਪਰਮ ਜੋਤਿ ਨਾਨਾ ਬਿਧਿ ਪੂਰਤਿ॥੯੭॥

ਯੌ ਸੁਨ ਕਰ ਸਤਿਗੁਰ ਕੀ ਬਾਨੀ ॥ ਪ੍ਰਮ ਖਾਲਸੇ ਪੂਜਿ ਪ੍ਰਮਾਨੀ॥
ਅੰਮ੍ਰਿਤ ਕੀਸ ਤਬੈ ਤਿਯਾਗਾ ॥ ਮਿਲਿ ਬੈਠੇ ਪਾਂਚੋ ਤਬ ਪਿਆਰਾ॥੯੮॥

॥ ਸਵੈਯਾ ॥

ਸੇਸ ਸੁਰੇਸ ਦਿਨੇਸ ਪਰਮੇਸਵਰ ਖੋਜਤ ਹੈ ਜਿਹ ਕੋ ਅਬ ਤੋਰੀ॥
ਸਿਧ ਮੁਨੀ ਮੁਨੁ ਨਾਰਦ ਸੇ ਜਿਹ ਜਾਚਤ ਹੈ ਕਰ ਕਸਟ ਕਰੋਰੀ॥
ਕਿੰਨਰ ਜਛ ਭੁਜੰਗ ਧਰਾ ਧਰ ਸੇਵਤ ਹੈ ਜਿਹ ਕੋ ਨਿਸ ਭੋਰੀ ॥
ਸੋ ਕਰਨਾਨਿਧ ਰੂਪ ਧਰ ਗੁਰ ਖਾਲਸ ਅਗ੍ਰ ਖਰੋ ਕਰ ਜੋਰੀ॥੯੯॥
ਛੀਰ ਸਮੁਦ੍ਰ ਕਿਧੋ ਗੁਰ ਪੂਰਨ ਲਾਲ ਰਤਨ ਧਰੇ ਜਿਹ ਮਾਹੀ॥
ਅੰਮ੍ਰਿਤ ਧੇਨ ਸਸੀ ਸੁਧ ਧਨੰਤਰ ਕੌਨ ਗਨੈ ਗਨਤੀ ਕਛੁ ਨਾਹੀ॥
ਰਿਧ ਸੁ ਸਿਧ ਪਦਾਰਥ ਕੋਟਕ ਬੀਚ ਬਸੈ ਜਿਹ ਕੀ ਪਰਛਾਹੀ॥
ਸੋ ਗੁਰ ਪੂਰਨ ਅੰਮ੍ਰਿਤ ਮਾਗਤ ਕੌਤਕ ਸੰਤ ਲਖਿਯੋ ਯਹਿ ਆਹੀ ॥੧੦੦॥
ਜੀ ਨਿਜ ਜੀਵ ਕਰੈ ਮਰਜੀਵਹ ਕਾਢਤ ਹੈ ਮੁਕਤਾਹਲ ਓਈ॥
ਸ੍ਵਾਸ ਸਹਾਰ ਜੁ ਪਾਇ ਕਰੈ ਸਿਰ ਜਾਨ ਧਰੈ ਕਫ ਭੀਤਰ ਜੋਈ॥
ਡੋਰ ਦਿਵੈ ਕਰ ਪ੍ਰੀਤਮ ਕੇ ਨਿਜ ਕਛ ਸਮਾਨ ਕਰੈ ਬ੍ਰਿਤ ਕੋਈ॥
ਤੋ ਮੁਕਤਾ ਗੁਰ ਸਾਗਰ ਭੀਤਰ ਪਾਵਤ ਹੈ ਨਿਸਚੈ ਜਨਿ ਸੋਈ॥੧੦੧॥

॥ ਚੌਪਈ ॥

ਐਸੇ ਗੁਰ ਪੂਰਨ ਬਿਨੁ ਭਾਈ ॥ ਸੁਰ ਨਰ ਸਕੈ ਨ ਐਸ ਕਰਾਈ॥
ਤਾਂਤੇ ਧੰਨਿਯ ਆਦਿ ਗੁਰਦੇਵਾ ॥ ਜਿਹ ਕੀਨੋ ਇਹੁ ਚਰਿਤੁ ਅਭੇਵਾ॥੧੦੨॥
ਝੂਠੇ ਜੰਞੂ ਜਤਨ ਤਿਯਾਗੇ ॥ ਖੜਗ ਧਾਰ ਅਸਧੁਜ ਪਗ ਲਾਗੇ॥
ਨਿਰਖਿਯੋ ਘਟ ਮੈ ਅਲਖ ਅਭੇਵਾ ॥ ਜੌ ਅਸਿ ਮਿਲੇ ਅਧਿਕ ਗੁਰਦੇਵਾ॥੧੦੩॥
ਮੰਤ੍ਰ ਪੜ ਕਰ ਅਮੀ ਤਿਯਾਰਾ ॥ ਠਾਢਿ ਸੁ ਭਯੋ ਏਕ ਤਬ ਪਿਯਾਰਾ॥
ਕ੍ਰਿਪਾਸਿੰਧ ਆਗੇ ਤਬ ਆਯੋ ॥ ਵੈਸੇ ਸੁਧਾ ਸੁਬੁਧਿ ਛਕਾਯੋ॥੧੦੪॥
ਸਰਬ ਖਾਲਸੇ ਰਹਤ ਸੁ ਪੂਛੀ ॥ ਸੋ ਮੈ ਕਹੋ ਚੌਪਈ ਸੂਛੀ॥
ਵਾਸੀ ਨਾਮ ਪ੍ਰਭੂ ਕਹ ਦੀਜੈ ॥ ਕਹਤ ਖਾਲਸਾ ਬਿਲਮ ਨ ਕੀਜੈ॥੧੦੫॥
ਪਟਣੇ ਜਨਮ ਅਨੰਦਪੁਰ ਵਾਸੀ ॥ ਗੋਬਿੰਦ ਸਿੰਘ ਨਾਮ ਅਬਿਨਾਸੀ॥
ਪੰਚਨ ਸੋ ਪ੍ਰਭ ਮੇਲ ਨ ਕਰਿਯੈ ॥ ਨਾਮ ਦਾਨ ਨਿਸ ਦਿਨ ਉਰ ਧਰਿਯੈ॥੧੦੬॥
ਸੇਵਾ ਭਾਉ ਭਗਤ ਉਰ ਧਾਰੋ ॥ ਦੁਸਟ ਬਿਦਾਰ ਸੰਤ ਨਿਸਤਾਰੋ॥
ਖੜਗ ਪਾਨ ਬਿਨੁ ਅਵਰ ਨ ਮਾਨਹੁ ॥ ਸੱਤਿਨਾਮ ਮੰਤ੍ਰ ਮੁਖ ਠਾਨਹੁ॥੧੦੭॥
ਸਸਤ੍ਰ ਅਸਤ੍ਰ ਸੋ ਕਰਹੁ ਪਿਆਰਾ ॥ ਰਹੋ ਖਾਲਸੇ ਜੂ ਸਦ ਨਾਰਾ॥
ਇਹ ਬਿਧ ਅਨਿਕ ਬਚਨ ਬਰ ਗਾਯੋ ॥ ਤੁਰਕਨ ਸਿਯੋ ਖਗ ਜੁਧ ਬਤਾਯੋ॥੧੦੮॥
ਬਿਖਿਆ ਕਿਰਿਆ ਭਦ੍ਰ ਤਿਯਾਗਹੁ ॥ ਜਟਾ ਜੂਟ ਰਹਿਬੋ ਅਨਰਾਗਹੁ॥

ਸਬਦਿ ਬਿਨਾ ਅਨਜਾ ਨਹੀ ਮੇਲਾ ॥ ਨਿਸ ਦਿਨ ਸਾਧ ਸੰਗ ਸੌ ਖੇਲਾ ॥੧੦੯॥
ਇਹ ਬਿਧਿ ਬਚਨ ਅਨੇਕ ਬਖਾਨੈ ॥ ਜੋ ਕਬਿ ਪਾਹਿ ਨਹੀ ਜਾਹਿ ਪ੍ਰਮਾਨੈ ॥
ਪੁਨ ਪ੍ਰਭ ਜੂ ਅਰਦਾਸ ਕਰਾਇ ॥ ਬੈਠੇ ਸਾਚ ਸਿੰਘਾਸਨ ਆਇ ॥੧੧੦॥
ਨਮਸਕਾਰ ਅਸਧੁਜ ਕਹ ਦੀਨੋ ॥ ਧੰਨਿ ਬਚਨ ਖਾਲਸ ਕਹ ਦੀਨੋ ॥
ਸੁਰ ਨਰ ਨਿਰਖ ਚਰਿਤ ਇਹਿ ਭਾਰੀ ॥ ਧੰਨਿ ਧੰਨਿ ਕਹਿ ਬਿਸਮ ਉਚਾਰੀ ॥੧੧੧॥

॥ ਦੋਹਰਾ ॥

ਸੁਰ ਨਰ ਦੇਵ ਭੁਜੰਗ ਗਣ ਐਸੋ ਚਰਿਤ ਨਿਹਾਰ ॥
ਤਬ ਬਿਗਸੇ ਕਛੁ ਤ੍ਰਸਤ ਭੇ ਸਾਦੀ ਕਿਤਕ ਬਿਚਾਰ ॥੧੧੨॥

॥ ਰਸਾਵਲ ਛੰਦ ॥

ਮਨੋ ਸੇਸ ਧਾਮੇ ॥ ਬਜੇ ਲੈ ਦਮਾਮੇ ॥ ਕਿਧੌ ਧੌਲ ਐਨੇ ॥ ਬਜੇ ਚਾਰ ਛੈਨੇ ॥੧੧੩॥
ਬਜੀ ਇੰਦ੍ਰ ਦੁਆਰੀ ॥ ਸੁ ਬੰਬੇ ਅਪਾਰੀ ॥ ਧਨੇਸੰ ਦੁਆਰੇ ॥ ਘੁਰੇ ਹੈ ਨਗਾਰੇ ॥੧੧੪॥
ਅਜੰ ਬਿਸ੍ਵ ਬੀਸੰ ॥ ਮਹਾ ਮੋਦ ਦੀਸੰ ॥ ਧੁਜਾ ਧੀਰ ਧਾਰੀ ॥ ਜਲੀਸੰ ਸਵਾਰੀ ॥੧੧੫॥
ਦਿਨੰ ਪੂਤ ਰਾਈ ॥ ਗਹਿਯੋ ਬਿਸੁਮਾਈ ॥ ਕਿਧੋ ਮੁੰਦ ਦੁਆਰੇ ॥ ਧਨੀ ਪੈ ਪੁਕਾਰੇ ॥੧੧੬॥
ਨਹੀ ਪੂਛਿ ਮਾਰੀ ॥ ਰਹੀ ਬਾਤ ਸਾਰੀ ॥ ਗਯੋ ਜੋਰ ਸਾਡਾ ॥ ਬਡੋ ਪੰਥਿ ਡਾਢਾ ॥੧੧੭॥
ਜਿਤੇ ਐ ਮਹੀਪਾ ॥ ਭਏ ਚਿਤ ਭੀਸਾ ॥ ਮਨੋ ਸਿਯਾਹ ਕਾਰੇ ॥ ਮੁਝੇ ਬਾਝਿ ਮਾਰੇ ॥੧੧੮॥
ਨਾਦੰ ਬਜਾਵੈ ॥ ਧਰਾ ਮੈ ਲੁਕਾਵੈ ॥ ਮਲੇਛੰ ਚੁਗਤੇ ॥ ਭਏ ਹੈ ਬਿੱਗਤੇ ॥੧੧੯॥
ਤਦਾਦਿੜ੍ਹ ਬਾਵੈ ॥ ਨਰਾਗੰ ਸੁ ਗਾਵੈ ॥ ਭਯੋ ਸਾਹਿ ਛਾਰੀ ॥ ਲਖੈ ਪੰਥ ਭਾਰੀ ॥੧੨੦॥

॥ ਦੋਹਰਾ ॥

ਅਚੁਤ ਆਦਿ ਅਨੰਤ ਗੁਰ ਪਰਮ ਜੋਤ ਕਰਤਾਰ ॥
ਰਾਜ ਸਿੰਘਾਸਨ ਬੈਠਿ ਕੈ ਸ੍ਰੀ ਮੁਖ ਕਹਿਯੋ ਸੁਧਾਰ ॥੧੨੧॥
ਜਬੈ ਜਿਯੋ ਆਵਤ ਸੰਗਤਾ ਅਤਿ ਚਿਤ ਮੋਦਿ ਬਢਾਇ ॥
ਤਬੈ ਤਿਯੋ ਅੰਮ੍ਰਿਤ ਦੀਜੀਐ ਅਸਿਕੇਤ ਮਨਾਇ ॥੧੨੨॥
ਲੈ ਆਇਸ ਗੁਰਦੇਵ ਕੀ ਸ੍ਰੀ ਖਾਲਸ ਮਹਾਰਾਜ ॥
ਪ੍ਰਗਟ ਕਰਿਯੋ ਜਗਿ ਖਾਲਸਾ ਹਿੰਦੂ ਤੁਰਕ ਸਿਰਤਾਜ ॥੧੨੩॥
ਝੂਠਿ ਪੰਥ ਸਭ ਤਿਯਾਗ ਕੈ ਏਕ ਪੰਥ ਦ੍ਰਿੜ ਕੀਨ ॥
ਪ੍ਰੇਮ ਜੋਤ ਸ੍ਰੀ ਸਤਿਗੁਰੂ ਜਿਯੋ ਸ੍ਰੀ ਮੁਖੁ ਕਹਿ ਦੀਨ ॥੧੨੪॥

॥ ਚੌਪਈ ॥

ਝੂਠਿ ਉਪਾਵ ਜਗਿਤ ਕੇ ਤਿਯਾਗਹੁ ॥ ਪਰਮ ਪੁਰਖ ਕੀ ਚਰਨੀ ਲਾਗਹੁ ॥
ਯੌ ਸੁਨ ਕਰ ਅਧਕ ਸੰਗਿਤਾ ਆਵੈ ॥ ਹੁਕਮੁ ਮਾਨ ਖਾਲਸ ਹ੍ਵੈ ਜਾਵੈ ॥੧੨੫॥

ਖਾਸ ਸਿਖ ਜੋ ਜੋ ਬਡਿਬਾਗੀ ॥ ਸੁਨ ਬਚ ਭਏ ਪੰਥ ਅਨਿਰਾਗੀ ॥
ਬਚਿਨ ਅਮੋਲਕ ਜਨ ਕਹ ਲਾਗੈ ॥ ਸ੍ਰੀ ਮੁਖ ਸੁਨਤ ਵਹੈ ਅਨਰਾਗੈ ॥੧੨੬॥
ਆਦਿ ਅੰਤ ਗੁਰ ਕਰਿਨੈ ਹਾਰ ॥ ਕਿਯੋ ਹਮ ਮੇਟੈ ਹੁਕਮ ਤਿਹਾਰ ॥
ਚਰਨਾਮ੍ਰਿਤ ਪ੍ਰਿਥਮੈ ਤੁਵ ਦੀਨਹੁ ॥ ਸੰਗਤ ਸਰਬ ਮਾਨ ਸਿਰ ਲੀਨਹੁ ॥੧੨੭॥
ਖੜਗ ਸੁਧਾ ਅਬ ਸ੍ਰੀ ਮੁਖ ਗਾਯੋ ॥ ਸੋ ਲੈ ਸੰਗਤ ਸੀਸ ਝੜਾਯੋ ॥
ਸਨਮੁਖ ਸੰਗਤਿ ਜਿਤਕ ਭਨਿਜੈ ॥ ਆਇਸ ਸਾਫ ਸੁ ਮਧਿ ਲਹੀਜੈ ॥੧੨੮॥
ਕਾਛ ਕੇਸ ਔ ਰਹਤ ਜੁ ਸਾਰੀ ॥ ਸੋ ਲੈ ਮਧਿ ਆਤਮੈ ਧਾਰੀ ॥
ਖੜਗ ਕੇਤ ਕੋ ਧਰਬੋ ਧਿਆਨਾ ॥ ਜਿਹ ਬਿਧਿ ਕਹਿਯੋ ਨਾਥ ਭਗਵਾਨਾ ॥੧੨੯॥
ਔ ਜੋ ਮੂੜ ਲੋਗ ਤਹਿ ਥਾਨੈ ॥ ਅਰਲ ਬਰਲ ਵੇ ਬਦਨ ਬਖਾਨੈ ॥
ਇਹਿ ਤੋ ਰਹਤ ਕਠਨ ਨਹੀ ਹੋਈ ॥ ਚਾਰ ਬਰਨ ਸੋ ਕਰੈ ਰਸੋਈ ॥੧੩੦॥
ਹੈ ਇਹ ਅਧਕ ਬਾਤ ਕਹ ਭਾਰੀ ॥ ਕੁਲਾ ਕਰਮ ਛੂਟੇ ਸੰਸਾਰੀ ॥
ਚਾਰ ਬਰਨ ਇਕ ਜਾ ਇਨ ਕੀਨੇ ॥ ਕਰਿਦ ਫੇਰ ਅੰਮ੍ਰਿਤ ਕਹ ਦੀਨੇ ॥੧੩੧॥
ਆਸ੍ਰਮ ਬਰਨ ਕੋਊ ਚਲਿ ਆਵੈ ॥ ਲੈ ਉਨਕੋ ਨਿਜ ਸੰਗਿ ਰਲਾਵੈ ॥
ਆਦ ਗੁਰਨ ਕੀ ਰੀਤ ਸੁ ਟਾਰੀ ॥ ਔਰੈ ਰਹਤ ਜਗਤ ਬਿਸਥਾਰੀ ॥੧੩੨॥
ਸੂਦ ਬੈਸ ਖਤ੍ਰੀ ਦਿਜ ਜਾਨਹੁ ॥ ਏਕ ਠਵਰ ਕਰ ਭੋਜ ਕਰਾਨਹੁ ॥
ਬੇਦ ਲੋਗ ਮਤਿ ਸਰਬ ਤਿਆਗੀ ॥ ਸ੍ਰੀ ਅਸਧੁਜ ਕੋ ਭਯੋ ਅਨੁਰਾਗੀ ॥੧੩੩॥
ਆਗੈ ਅਸਧੁਜ ਸੁਨਿਯੋ ਨ ਪਾਯੋ ॥ ਪੋਥੀ ਪੰਡਤ ਗੁਨੀ ਨ ਗਾਯੋ ॥
ਹਿੰਦੂ ਲੋਗ ਜਿਤਕ ਸੁਰ ਗਿਯਾਨੈ ॥ ਰਾਮ ਕ੍ਰਿਸਨ ਜੂ ਪ੍ਰਗਟ ਬਖਾਨੈ ॥੧੩੪॥
ਔ ਅਵਤਾਰਨ ਕੀ ਸੁਭ ਕਥਾ ॥ ਗਾਵਤ ਬੇਦ ਪੁਰਾਨਨ ਜਥਾ ॥
ਪਰਮ ਪੁਰਾਤਨ ਚਲੀ ਜੁ ਆਈ ॥ ਸੋ ਹਮ ਤੁਮ ਸੌ ਕਹਤ ਬਨਾਈ ॥੧੩੫॥
ਹਮੈ ਖਾਲਸਾ ਸੁਨਿਯੋ ਨ ਭਾਈ ॥ ਇਨ ਯਹ ਰੀਤ ਅਨੀਤ ਚਲਾਈ ॥
ਚਾਰ ਬਰਨਿ ਇਕ ਜਾ ਇਨ ਕੀਨੇ ॥ ਔ ਉਪਦੇਸ ਜਗਤ ਕਹ ਦੀਨੇ ॥੧੩੬॥

॥ ਦੋਹਰਾ ॥

ਦਿਜ ਖਤ੍ਰੀ ਪੂਤਾਨ ਕੇ ਜੰਞੂ ਧਰਮ ਤੁੜਾਇ ॥
ਲੈ ਭੋਜਨ ਇਕ ਜਾ ਕੀਯੋ ਬੂਡੀ ਬਾਤ ਬਨਾਇ ॥੧੩੭॥

॥ ਚੌਪਈ ॥

ਹਿੰਦੂ ਤੁਰਕ ਸਕਲ ਮਤਿ ਤਿਯਾਗੀ ॥ ਏਕ ਖਾਲਸਾ ਰਸ ਅਨਿਰਾਗੀ ॥
ਬਿਖਿਯਾ ਭਦ੍ਰ ਸਰਾਧ ਜਠੇਰੇ ॥ ਇਨੈ ਤਿਆਗ ਖਗ ਕੇਤ ਸਹੇਰੇ ॥੧੩੮॥
ਜਿਨਕੋ ਨਿਹਚਾ ਗੁਰ ਪਰ ਨਾਹੀ ॥ ਤੇ ਬੇਮੁਖ ਇਹਿ ਭਾਂਤਿ ਬਕਾਹੀ ॥
ਕੁਲਾ ਕਰਮ ਕੋ ਕਰੈ ਅਹੰਕਾਰਾ ॥ ਕਹਿ ਬਿਧ ਢਰੈ ਨਾਥ ਕਰਤਾਰਾ ॥੧੩੯॥
ਜਹਾਂ ਜਹਾਂ ਸੰਗਤ ਗੁਰ ਪਿਯਾਰੀ ॥ ਭਏ ਖਾਲਸਾ ਸਰਬ ਸੁ ਸਾਰੀ ॥

ਲਿਖ ਲਿਖ ਦੀਨੇ ਹੁਕਮ ਪਠਾਈ ॥ ਮਾਨੈ ਬਚਨ ਸੋਈ ਜਿਨ ਜਾਈ॥੧੪੦॥
ਜਿਨ ਨਹੀ ਮਾਨਿਯੋ ਰਾਰ ਬਢਾਈ ॥ ਤਿਨ ਪ੍ਰਤ ਸ੍ਰੀ ਮੁਖ ਯੌ ਫੁਰਮਾਈ॥
ਅਬਿ ਨਹੀ ਮਾਨਹੁਗੇ ਸੁਨ ਭਾਈ ॥ ਪੁਨ ਮਨ ਹੋ ਪਾਛੇ ਪਛੁਤਾਈ॥੧੪੧॥

॥ ਦੋਹਰਾ ॥

ਤੁਮ ਅਬ ਹਮਰੇ ਬਚਨ ਬਰ ਨਹੀ ਮਾਨਤ ਮਨ ਮਾਹਿ॥
ਤੁਮੈ ਸਿਖ ਮੁਰ ਜਗਤ ਮੈ ਕੋ ਮਾਨੈ ਗੋ ਨਾਹਿ ॥੧੪੨॥

॥ ਚੌਪਈ ॥

ਅਧਿਕ ਦੁਖੀ ਹ੍ਵੈ ਹੋ ਤੁਮ ਜਬੈ ॥ ਜੈ ਹੋ ਸ਼ਰਨ ਖਾਲਸੇ ਤਬੈ ॥
ਤੁਮ ਕਹ ਤੋਰ ਤਾਰ ਅਧਿਕਾਈ ॥ ਲੈ ਹੋ ਸ੍ਰੀ ਖਾਲਸਾ ਮਿਲਾਈ ॥੧੪੩॥

ਅਧਿਆਇ 22.

॥ ਦੋਹਰਾ ॥

ਇਤ ਬਿਧ ਕਥਾ ਅਨੰਦ ਲਿਖ ਭਾਂਤਿ ਭਾਂਤਿ ਬਿਸਤਾਰ॥
ਬਿਜੈ ਨਾਮ ਧਰ ਤਾਸ ਕੋ ਭੇਜਿਯੋ ਸਿੰਘ ਦਿਯਾਰ ॥੧੫੩॥

॥ ਝੂਲਨਾ ਛੰਦ ॥

ਸਤਿ ਸ੍ਰੀ ਨਾਮ ਕੋ ਮੰਤ੍ਰ ਲਿਖ ਆਦਿ ਮੈ ਵਾਹਿਗੁਰੂ ਦੇਵ ਕੀ ਫਤੇ ਪਾਈ॥
ਔਰ ਆਪਾਰ ਨਿਜ ਭੇਦ ਲਿਖ ਤਾਸ ਮਹ ਕੌਨ ਕਬ ਸਕਤ ਤਾਕੋ ਗਨਾਈ॥
ਜੰਗ ਕੇ ਭੇਦ ਅਨਛੇਦ ਲਿਖ ਤਾਸ ਮੈ ਲੋਕ ਪਰਲੋਕ ਕੀ ਗਤਿ ਜਨਾਈ॥
ਦਯਾ ਪੁਨ ਸਿੰਘ ਕੈ ਹਾਥ ਦੈ ਨਾਥ ਜੂ ਪਠਿਯੋ ਦਿਲੀਸ ਪੈ ਯੌ ਬਨਾਈ ॥੧੫੪॥
ਕਹੀ ਸਮਝਾਇ ਕਰਤਾਰ ਤਾਹੀ ਸਮੈ ਲਿਖਾ ਔਰੰਗ ਕੇ ਹਾਥ ਦੀਜੋ ॥
ਸਾਥ ਸਹਾਇ ਯੌ ਜਾਨ ਮੇਰਾ ਬਚਨ ਨਾਹ ਮਨ ਮਾਹ ਕਛੁ ਸੰਕ ਕੀਜੋ ॥
ਤੀਨ ਦੋ ਪਾਂਚ ਲੈ ਖਾਲਸੇ ਪਾਸ ਤੇ ਗੁਰਜ ਬਰਦਾਰ ਲੈ ਸੰਗ ਲੀਜੋ ॥
ਸਾਹ ਪੈ ਜਾਇ ਦਰਸਾਇ ਦਰਬਾਰ ਕੋ ਬੇਗ ਫਰਮਾਨ ਲੈ ਤਯਾਰ ਕੀਜੋ ॥੧੫੫॥

॥ ਦੋਹਰਾ ॥

ਇਹ ਬਿਧ ਅਤਿ ਸਮਝਾਇਕੈ ਕ੍ਰਿਪਾਸਿੰਧ ਕਰਤਾਰ॥
ਦਯਾ ਸਿੰਘ ਜੀ ਕੋ ਪਠਿਯੋ ਔਰੰਗ ਤੀਰ ਸੁਧਾਰ॥੧੫੬॥
ਬਿਦਾ ਭਯੋ ਤਾਹੀ ਸਮੈ ਗੁਰ ਪਗ ਸੀਸ ਲਗਾਇ॥
ਅਹਦੀ ਰੂਪ ਬਨਾਇ ਕਰਿ ਚਲਿਯੋ ਸਿੰਘ ਤਬ ਧਾਇ॥੧੫੭॥

॥ ਭੁਜੰਗ ਪ੍ਰਯਾਤ ਛੰਦ ॥

ਨਿਜੰ ਸੀਸ ਬਾਧੇ ਹੁਕਮੰ ਸਿਧਾਯੋ ॥ ਤਿਨੈ ਗਾਵ ਗਾਵੰ ਬਿਗਾਰੀ ਬੁਲਾਯੋ ॥
ਕਿਤੇ ਰੋਜ ਜਾਨੋ ਇਸੀ ਭਾਂਤਿ ਲਾਈ ॥ ਦਿਲੀ ਜੋ ਜਹਾਨੰ ਪੁਜਿਯੋ ਬਾਦ ਆਈ॥੧੫੮॥
ਦਿਲੀ ਮਧਿ ਆਪੰ ਜਬੈ ਸਿੰਘ ਆਯੋ ॥ ਮਿਲੀ ਸਾਧ ਸੰਗਤ ਮਹਾ ਮੋਦ ਪਾਯੋ॥
ਕਰਿਯੋ ਜੋੜ ਸਾਲੰ ਤਬੈ ਧਰਮ ਆਈ ॥ ਦਯੋ ਲੈ ਪ੍ਰਵਾਨੰ ਪ੍ਰਭੂ ਕੋ ਬਨਾਈ॥੧੫੯॥

॥ ਚੌਪਈ ॥

ਹੁਕਮ ਦਯੋ ਤਿਨਕੇ ਸਿੰਘ ਆਗੇ ॥ ਪੜਤ ਸੁਨਤ ਸਭ ਹੀ ਅਨੁਰਾਗੈ॥
ਦੀਨੇ ਦਾਮ ਖਰਚ ਕੇ ਕਾਜਾ ॥ ਜੋ ਲਿਖ ਦਏ ਗਰੀਬ ਨਿਵਾਜਾ॥੧੬੦॥
ਔਰ ਬਾਤ ਤਾਤੇ ਸੁਨ ਪਾਈ ॥ ਦਖਣ ਗਯੋ ਸਾਹ ਅਬ ਧਾਈ॥
ਜਿਹ ਠਾਂ ਹੁਤੀ ਛਾਵਣੀ ਜਾਨਹੁ ॥ ਤਹੀ ਓਰ ਸੁਣ ਸਿੰਘ ਸਿਧਾਨੋ॥੧੬੧॥
ਯੌ ਸੁਨ ਕਰ ਸਿੰਘ ਜੂ ਅਗ ਧਾਯੋ ॥ ਚਲ ਤਬ ਨਗਰ ਆਗਰੇ ਆਯੋ॥
ਸੁਨੀ ਖਬਰ ਹਜਰਤ ਕੀ ਸਾਰੀ ॥ ਕਰਤ ਕਾਮ ਗਯੋ ਅਗਰ ਸੁ ਧਾਰੀ ॥੧੬੨॥
ਚੰਬਲ ਪਾਰ ਗੁਲੇਰ ਸਿਧਾਯੋ ॥ ਨਰਵਰ ਕਾਲੇ ਬਾਗ ਸੁ ਆਯੋ॥
ਛੋਡ ਸਿਰੋਜ ਸੁ ਆਗ ਸਿਧਾਯੋ ॥ ਪੁਰੀ ਉਜੈਨ ਬੀਚ ਤਬ ਆਯੋ॥੧੬੩॥
ਨਦੀ ਨਰਬਦਾ ਪਾਰ ਸਿਧਾਰੇ ॥ ਜਹਾ ਮਾਲਵੇ ਕੋਹ ਸੁ ਭਾਰੇ॥
ਤਾਂਤੇ ਸਿੰਘ ਸੇਰਗੜ ਆਯੋ ॥ ਪੁਰ ਬੁਰਹਾਨ ਸੁ ਬਹੁਰ ਸਿਧਾਯੋ॥੧੬੪॥
ਹੈ ਅਸਵਾਰ ਤਾਤੇ ਚੜ ਧਾਵਾ ॥ ਸਹਰ ਉਰੰਗਾਬਾਦ ਸੁ ਆਵਾ॥
ਕੈ ਕਾਰਜ ਤਾਂਤੇ ਮਤਿ ਸਾਰਾ ॥ ਨਗਰ ਅਹਮਦਾਵਾਦ ਸਿਧਾਰਾ॥੧੬੫॥
ਅਹਮਦ ਨਗਰ ਸਿੰਘ ਜਬ ਆਯੋ ॥ ਮਹਾ ਪ੍ਰਮੋਦ ਮਧਿ ਚਿਤ ਪਾਯੋ॥
ਪੈਂਡ ਮਾਂਦਗੀ ਦਰਦ ਮਿਟਾਇਸ ॥ ਕਾਟੇ ਦੂਖ ਸੂਖ ਮਨ ਪਾਇਸ॥੧੬੬॥
ਉਤਰਿਯੋ ਤਵਨ ਨਗਰ ਮਹਿ ਆਈ ॥ ਹਜਰਤ ਜਹਾ ਛਾਵਨੀ ਪਾਈ॥
ਸਰਬ ਖਬਰ ਤਬ ਸਿੰਘ ਸੁ ਧਾਰੀ ॥ ਪੂਛੀ ਲੋਗਨ ਤੀਰ ਸੁ ਵਾਰੀ॥੧੬੭॥
ਈਹਾ ਸਿੰਘ ਬਸਤ ਹੈ ਕੋਈ ॥ ਲਸਕਰ ਬੀਚ ਨਗਰ ਪੁਨ ਸੋਈ॥
ਲੋਗਨ ਜੇਠਾ ਸਿੰਘ ਬਤਾਯੋ ॥ ਭੇਜ ਮਨੁਛ ਸੁ ਤੀਰ ਬੁਲਾਯੋ॥੧੬੮॥

॥ ਰਸਾਵਲ ਛੰਦ ॥

ਮਿਲਿਯੋ ਸਿੰਘ ਆਈ ॥ ਬਡੋ ਮੋਦ ਪਾਈ ॥ ਕਰੀ ਸੇਵ ਪੂਜਾ ॥ ਮਿਟਿਯੋ ਭਾਵ ਦੂਜਾ॥
ਗਯੋ ਧਾਮ ਲੀਨੇ ॥ ਬਡੇ ਸੂਖ ਚੀਨੇ ॥ ਸਮਾਚਾਰ ਸਾਰੀ ॥ ਪ੍ਰਭੂ ਕੀ ਉਚਾਰੀ॥੧੭੦॥

॥ ਚੌਪਈ ॥

ਡੇਰਾ ਕਰਿ ਇਹ ਸਿੰਘ ਉਚਾਰੀ ॥ ਤੁਮ ਚਿੰਤਾ ਜਿਨ ਕਰੋ ਬਿਚਾਰੀ॥
ਜੋੜ ਕਰੋ ਧਰਮ ਸਾਲ ਬਨਾਈ ॥ ਭਲੀ ਬਾਤ ਕਰਿ ਹੈ ਰਘੁਰਾਈ॥੧੭੧॥

ਭਯੋ ਭੋਰ ਕੀਨੋ ਇਹ ਕਾਜਾ ॥ ਸੰਗਤ ਬੀਚ ਗਯੋ ਮ੍ਰਿਗ ਰਾਜਾ॥
ਸਰਬ ਖਾਲਸੇ ਜੋੜ ਕਰਾਈ ॥ ਦੀਨੋ ਗੁਰ ਕਾ ਹੁਕਮ ਬਨਾਈ॥੧੭੨॥
ਪੜਿਯੋ ਖਾਲਸੇ ਹੁਕਮ ਸੁ ਨਾਮਾ ॥ ਜੋ ਲਿਖਿਯੋ ਸਾਹਿਬ ਬੁਧ ਧਾਮਾ॥
ਦਯਾ ਸਿੰਘ ਕੇ ਹ੍ਵੈ ਕਰਿ ਸੰਗਾ ॥ ਇਹ ਸਭ ਕਾਰਜ ਕਰੋ ਨਿਸੰਗਾ॥੧੭੩॥

॥ ਝੂਲਨਾ ਛੰਦ ॥

ਸਿੰਘ ਤਾਹੀ ਸਮੈ ਆਨ ਦਛਨ ਦਿਸਾ ਮੇਲ ਸਤਿਸੰਗ ਬੀਚਾਰ ਕੀਨਾ॥
ਕਹੋ ਜਿਹ ਭਾਂਤਿ ਤਿਹ ਭਾਂਤਿ ਅਰਜੀ ਕਰੋ ਸਾਹ ਕੋ ਲਿਖਾ ਗੋਬਿੰਦ ਦੀਨਾ॥
ਬਾਕ ਬੀਚਾਰ ਬਿਸਥਾਰ ਕੇਤਾ ਭਯੋ ਭਰਮ ਭੂਲੇ ਜਿਵੇਂ ਬੇਦ ਹੀਨਾ॥
ਹੁਕਮ ਗੁਰਦੇਵ ਕਾ ਮਾਨ ਕੈ ਖਾਲਸੇ ਪ੍ਰੀਤਿ ਸਿਉ ਅਪਨੇ ਸੀਸ ਲੀਨਾ॥੧੭੪॥

॥ ਦੋਹਰਾ ॥

ਮਨ ਬਚਨਨ ਕਰ ਭਾਵਨੀ ਅਤਿ ਚਿਤ ਮੋਦ ਬਢਾਇ॥
ਨਿਸ ਦਿਨ ਸੇਵਾ ਸਿੰਘ ਕੀ ਕਰੇ ਖਾਲਸਾ ਧਾਇ॥੧੭੫॥

॥ ਚੌਪਈ ॥

ਮਾਇਆ ਕੇ ਮਦ ਜੋ ਜੜ ਫੂਲੇ ॥ ਐਡੇ ਫਿਰੈ ਹੁਕਮ ਤੇ ਭੂਲੇ॥
ਫੀਕੇ ਕਹੇ ਬੈਨ ਅਤਿ ਭਾਰੀ ॥ ਪ੍ਰਭ ਕੀ ਕਲਾ ਨ ਸਕੈ ਬਿਚਾਰੀ॥੧੭੬॥
ਜਿਹ ਦਿਸ ਘਾਤ ਸਿੰਘ ਕਛੁ ਕਰੈ ॥ ਜਿਹੀ ਉਪਾਵ ਅਰਜ ਕੋ ਰਰੈ॥
ਤਾਕੀ ਤਨਕ ਭਨਕ ਸੁਨ ਪਾਵੈ॥ ਆਗੋ ਜਾਇ ਮਨੈ ਕਰਿ ਆਵੈ॥੧੭੭॥
ਅਨਿਕ ਉਪਾਵ ਸਿੰਘ ਨੈ ਕਰੈ ॥ ਛੰਦ ਬੰਦ ਕਰਿ ਕਾਜ ਨ ਸਰੇ ॥
ਲਿਖ ਸਭ ਕਥਾ ਹਜੂਰ ਪਠਾਈ ॥ ਦਯਾ ਕਰੋ ਪ੍ਰਭ ਹੋਇ ਸਹਾਈ ॥੧੭੮॥

॥ ਦੋਹਰਾ ॥

ਦਯਾ ਸਿੰਘ ਅਰਦਾਸ ਲਿਖ ਭੇਜੀ ਪਾਸ ਹਜੂਰ॥
ਅਪਨਾ ਕਾਰਜ ਜਾਨ ਕੈ ਕਰੀਯੈ ਆਪ ਜਰੂਰ॥੧੭੯॥

॥ ਚੌਪਈ ॥

ਜੋਗੀ ਕਾਸਦ ਲੈ ਅਰਦਾਸਾ ॥ ਪਹੁਚਿਯੋ ਚਰਨ ਕਮਲ ਗੁਰ ਪਾਸਾ ॥
ਸਰਬ ਭੇਵ ਸੇਵਕ ਕੀ ਅਰਜੀ ॥ ਨਿਰਖੀ ਕਰਨਾ "ਧਰ ਲੈ ਮਰਜੀ" ॥੧੮੦॥
ਪਾਂਚ ਹੁਕਮ ਲਿਖ ਕੈ ਗੁਰ ਦੀਨੇ ॥ ਆਪਨ ਕਾਰਜ ਯੌ ਕਰਿ ਲੀਨੇ ॥
ਦਯਾ ਸਿੰਘ ਜੀ ਕੋ ਬਹੁ ਭਾਈ ॥ ਬਹੁ ਆਦਰ ਲਿਖ ਧੀਰ ਧਰਾਈ ॥੧੮੧॥

॥ ਦੋਹਰਾ ॥

ਚਿੰਤਾ ਡਰ ਸਭ ਫਿਕਰ ਤਜ ਸਨਮੁਖ ਬਚਨ ਉਚਾਰ॥
ਨਿੰਦਕ ਦੋਖੀ ਲੋਗ ਸਭ ਮਰਸਨ ਹੋਇ ਖੁਆਰ॥੧੮੨॥

॥ ਚੌਪਈ ॥

ਕ੍ਰਿਪਾ ਸਿੰਘ ਲਿਖ ਕੈ ਤਕਰਾਈ ॥ ਦੀਨੇ ਕਾਸਦ ਬੇਗ ਚਲਾਈ ॥
ਸਭ ਸੰਗਤ ਕੋ ਹੁਕੰਮ ਪਠਾਯੋ ॥ ਮਿਲ ਸਭਹੂੰ ਇਹ ਬਿਯੌਂਤ ਬਨਾਯੋ॥੧੮੩॥
ਕਾਬੂ ਏਕ ਸਿੰਘ ਕਰਿ ਆਯੋ ॥ ਸਰਬ ਭੇਦੁ ਉਨ ਜਾਇ ਜਿਤਾਯੋ ॥
ਤਾਮ ਬਿਚਾਰ ਅਰਜ ਲਿਖ ਕਰੀ ॥ ਵਰਕੀ ਹਾਥ ਤਵਨ ਨਿਜ ਧਰੀ॥੧੮੪॥
ਸੋ ਪਹੁਚਿਯੋ ਲੈ ਕਰਿ ਨਿਜ ਤਹੀ ॥ ਆਛੀ ਸੇਜ ਸਾਹ ਕੀ ਜਹੀ ॥
ਊਪਰ ਪਲੰਘ ਡਾਰ ਜਬ ਦਈ॥ ਨਿਰਖਿ ਸਾਹਿ ਕਰ ਭੀਤਰ ਲਈ ॥੧੮੫॥
ਛੋਹ ਸਾਹ ਪਰਦਾ ਜਬ ਬਾਚੀ ॥ ਲਿਖੀ ਗਾਥ ਗੁਰ ਕੀ ਮਧਿ ਸਾਚੀ ॥
ਕਿਤਕ ਦਿਵਸ ਮੋ ਕਉ ਇਤਿ ਭਏ ॥ ਦਰਸਨ ਆਇ ਨ ਤੁਮਰੇ ਲਏ॥੧੮੬॥

॥ ਦੋਹਰਾ ॥

ਜਬ ਜੇਠਾ ਸਿੰਘ ਯਿਉ ਕਹਿਓ ਸੁਨ ਹਜਰਤ ਅਰਦਾਸ ॥
ਸੇਵਕ ਸ੍ਰੀ ਗੁਰਦੇਵ ਕਾ ਆਇਓ ਤੁਮਰੇ ਪਾਸ॥੧੮੭॥
ਅਚੁਤ ਅਲਖ ਅਨੰਤ ਗੁਰਿ ਸ੍ਰੀ ਨਾਨਕ ਕਰਤਾਰ॥
ਤਾਕੀ ਸੁਭ ਮਸਨੰਦ ਪਰ ਗੋਬਿੰਦ ਸਿੰਘ ਅਵਤਾਰ॥੧੮੮॥
ਸਾਚ ਹੁਕਮ ਦਰਗਾਹ ਤੇ ਲੈ ਆਯੋ ਸੰਸਾਰ॥
ਤਾਕੋ ਸੇਵਕ ਦਯਾ ਸਿੰਘ ਚਾਹਤ ਸਾਹ ਦੀਦਾਰ॥੧੮੯॥
ਔਰ ਕਥਾ ਸਭ ਕਹੋਗਾ ਤੁਮਰੇ ਤੀਰ ਜੁ ਆਈ॥
ਨਿਜ ਮਾਨਸ ਕੋ ਭੇਜ ਕਰਿ ਲੀਜੈ ਮੋਹ ਬੁਲਾਇ॥੧੯੦॥
ਪੜੇ ਪਤੀਆ ਵਹਿ ਸਾਹਿ ਨੈ ਲੀਨੋ ਸਿੰਘ ਬੁਲਾਇ॥
ਅੰਗ ਅੰਗ ਹਥੀਆਰ ਸਜ ਤਹਾ ਪਹੂਚਿਯੋ ਜਾਇ॥੧੯੧॥

॥ ਭੁਜੰਗ ਪ੍ਰਯਾਤ ਛੰਦ ॥

ਸਭੈ ਨੀਲ ਚੀਰੰ ਸਜੇ ਅੰਗ ਆਛੇ ॥ ਅਸੰ ਚਾਪ ਤੀਰੰ ਤੁਨੀਰੰ ਸੁ ਕਾਛੇ॥
ਦਿਪੈ ਦਿਬ ਰੂਪੰ ਗਯੋ ਤੌਨ ਜਾਏ ॥ ਜਹਾ ਸਾਹ ਬੈਠਿਯੋ ਬਡੋ ਮੋਦ ਪਾਏ॥੧੯੨॥
ਲਖੇ ਰੂਪ ਯਾਕੋ ਰਹਾ ਬਿਸਮਾਈ ॥ ਤਬੈ ਲਾਗ ਯਾਨੈ ਫਤੇ ਜਾ ਬੁਲਾਈ॥
ਸੁਨੇ ਵਾਕ ਊਚੇ ਰਹਾ ਨਾਦ ਪੂਰੀ ॥ ਬੁਲਿੰ ਸਾਹ ਬੈਨੰ ਨਿਜੰ ਯੌ ਹਜੂਰੀ॥੧੯੩॥

॥ ਚੌਪਈ ॥

ਹੂਆ ਖਾਲਸਾ ਪ੍ਰਗਟ ਸੁ ਆਈ ॥ ਬੋਲਿਯੋ ਸਿੰਘ ਮੁਬਾਰਖ ਸਾਈ॥
ਕਹਾ ਮਰਦ ਜਲਦੀ ਕਿਯੋਂ ਕੀਨੀ ॥ ਦੂਖ ਪਾਵਗੈ ਅਧਿਕ ਸੁ ਚੀਨੀ ॥੧੯੪॥
ਚਿਹਲ ਬਰਖ ਹੂਆ ਹੈ ਆਗੈ ॥ ਦੂਖ ਭੋਗੈਗਾ ਸੁਣਹੁ ਸੁਭਾਗੈ ॥
ਹਮਰੀ ਹੂਆ ਸਦੀ ਮਿਯਾਨੇ ॥ ਚਾਰ ਕਤੇਬ ਸੁ ਭੇਦ ਬਖਾਨੇ ॥੧੯੫॥
ਯੌਂ ਕਹ ਸਾਹ ਪਢਿਯੋ ਬਿਜਨਾਮਾ ॥ ਸਤਿਨਾਮ ਜੁ ਫਤੇ ਤਮਾਮਾ॥
ਬਹੁ ਲੀਲਾ ਤਿਹ ਲਿਖੀ ਨਿਹਾਰੀ ॥ ਭਾਂਤਿ ਭਾਂਤਿ ਕਹ ਅਨਿਕ ਪ੍ਰਕਾਰੀ ॥੧੯੬॥
ਦਯਾ ਸਿੰਘ ਜੀ ਕੋ ਇਮ ਕਹਾ ॥ ਸਭ ਜਾਗਾ ਉਨਕੀ ਹੈ ਅਹਾ॥
ਜਿਹ ਜਾਨੈ ਬਿਚਰੈ ਉਹ ਜਾਈ ॥ ਪਾਛੈ ਭਈ ਸੁ ਗਈ ਬਿਹਾਈ॥੧੯੭॥
ਯੌਂ ਕਹ ਗੁਰਜ ਦਾਰ ਦੈ ਸਾਥਾ ॥ ਦਯਾ ਸਿੰਘ ਤੋਰਿਯੋ ਕਰਿ ਗਾਥਾ॥
ਠਉਰ ਠਉਰ ਲਿਖ ਦਏ ਪ੍ਰਵਾਨੈ ॥ ਸੂਬ ਅਬੀਰ ਮਨੇ ਕਰਿ ਠਾਨੈ॥੧੯੮॥
ਪਾਛੈ ਪੜਨ ਸਾਥ ਬਿਜ ਨਾਮੈ ॥ ਅਨਿਕ ਭਾਂਤਿ ਭਯੋ ਸਾਹ ਬਿਰਾਮੈ॥
ਯੌਂ ਜਨ ਹਨਿਯੋ ਸਾਹ ਉਰ ਸਿਕਾ ॥ ਅਰਨ ਬਰਨ ਭਯੋ ਬਦਨ ਸੁ ਫਿਕਾ॥੧੯੯॥
ਤਾਹੀ ਦੂਖ ਹਜਰਤ ਮਰਿ ਗਯੋ ॥ ਹਾਹਾਕਾਰ ਤੁਰਕ ਗ੍ਰਿਹਿ ਭਯੋ॥
ਕੇਤਿਕ ਦਿਨਾ ਸੁ ਰਹਿਯੋ ਸੁਮਾਰਾ ॥ ਤਨਕ ਨ ਬਾਹਰ ਨਿਕਸੀ ਸਾਰਾ ॥੨੦੦॥

॥ ਦੋਹਰਾ ॥

ਇਹ ਬਿਧ ਸੋ ਦਯਾ ਸਿੰਘ ਜੂ ਫਿਰਿਯੋ ਬਿਜੈ ਰਣ ਪਾਇ ॥
ਸੁਨ ਅਬ ਕਥਾ ਦਿਯਾਲ ਕੀ ਬਰਨੋ ਪ੍ਰੇਮ ਲਗਾਇ ॥੨੦੧॥

✲ ✲ ✲

ISBN 81-7601-478-8
9 788176 014786